ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 46 | 20 November 2019 to 26 November 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

## ਸਿੱਖ ਕੌਮ ਅਯੁੱਧਿਆ ਫੈਸਲੇ ਬਾਰੇ ਦਿੱਤੇ ਗਏ ਹਵਾਲਿਆਂ ਨੂੰ ਲੈ ਕੇ ਨਰਾਜ਼

### ਪੰਥਕ ਆਗੂਆਂ ਨੇ ਕਿਹਾ ਫੈਸਲੇ 'ਚੋਂ ਸਿੱਖ ਧਰਮ ਬਾਰੇ ਰੈਫਰੈਂਸ ਨੂੰ ਹਟਾਇਆ ਜਾਵੇ

- ***ਐਡਵੋਕੇਟ ਨੀਨਾ ਸਿੰਘ ਅਦਾਲਤ ਦੇ ਫੈਸਲੇ ਬਾਰੇ ਪਟੀਸ਼ਨ ਪਾਇਗੀ***

**ਅਯੁੱਧਿਆ/ਏ.ਟੀ. ਨਿਊਜ਼ :**
ਅਯੁੱਧਿਆ ਵਿਵਾਦ ਬਾਰੇ ਹਾਲ ਵਿੱਚ ਆਏ ਸੁਪਰੀਮ ਕੋਰਟ ਦੇ ਫੈਸਲੇ ਵਿੱਚ ਗੁਰੂ ਨਾਨਕ ਦੇ ਜ਼ਿਕਰ ਬਾਰੇ ਕੁਝ ਸਿੱਖ ਸੰਸਥਾਵਾਂ ਨੇ ਇਤਰਾਜ਼ ਪ੍ਰਗਟ ਕੀਤਾ ਹੈ। ਫੈਸਲੇ ਦੇ ਉਸ ਹਿੱਸੇ ਵਿੱਚ ਇੱਕ ਗਵਾਹ ਰਜਿੰਦਰ ਸਿੰਘ ਦੇ ਹਵਾਲੇ ਨਾਲ ਦਾਅਵਾ ਕੀਤਾ ਗਿਆ ਹੈ ਕਿ ਸਿੱਖਾਂ ਦੇ ਪਹਿਲੇ ਗੁਰੂ ਨਾਨਕ ਸੰਨ 1510-11 ਈਸਵੀ ਵਿੱਚ ਰਾਮ ਜਨਮਭੂਮੀ ਦੇ ਦਰਸ਼ਨਾਂ ਲਈ ਅਯੁੱਧਿਆ ਆਏ ਸੀ। ਫੈਸਲੇ ਵਿੱਚ ਕਿਹਾ ਹੈ, ਰਜਿੰਦਰ ਸਿੰਘ ਨੂੰ ਸਿੱਖ 'ਕਲਟ' ਦੇ ਇਤਿਹਾਸ ਬਾਰੇ ਦਿਲਚਸਪੀ ਹੈ। ਉਨ੍ਹਾਂ ਨੇ ਕਈ ਜਨਮ ਸਾਖੀਆਂ ਦੇ ਹਵਾਲੇ ਨਾਲ ਕਿਹਾ ਹੈ ਕਿ ਗੁਰੂ ਨਾਨਕ ਅਯੁੱਧਿਆ ਵਿੱਚ ਰਾਮ ਜਨਮਭੂਮੀ ਦੇ ਦਰਸ਼ਨਾਂ ਲਈ ਗਏ ਸਨ।" ਹਾਲਾਂਕਿ ਰਜਿੰਦਰ ਸਿੰਘ ਰਾਸ਼ਟਰੀ ਸਿੱਖ ਸੰਗਤ ਦੇ ਮੈਂਬਰ ਹਨ ਤੇ ਗਾਹੇ ਬਗਾਹੇ ਸਿੱਖ ਵਿਰੋਧੀ ਲਿਖਤਾਂ ਲਿਖਦੇ ਰਹਿੰਦੇ ਹਨ ਤੇ ਇਸ ਦੇ



ਵਿਚਾਰ ਨੂੰ ਆਧਾਰ ਬਣਾ ਕੇ ਅਦਾਲਤ ਵਲੋਂ ਫੈਸਲਾ ਦੇਣਾ ਸਿੱਖ ਧਰਮ ਨਾਲ ਮਜ਼ਾਕ ਹੈ। ਹਾਲਾਂਕਿ ਫੈਸਲੇ ਵਿੱਚ ਇਹ ਵੀ ਕਿਹਾ ਹੈ ਕਿ ਜਿਨ੍ਹਾਂ ਜਨਮ ਸਾਖੀਆਂ ਦਾ ਜ਼ਿਕਰ ਅਦਾਲਤ ਵਿੱਚ ਕੀਤਾ ਗਿਆ ਹੈ, ਉਸ ਨਾਲ ਇਹ ਸਾਬਿਤ ਨਹੀਂ ਹੁੰਦਾ ਹੈ ਕਿ ਅਸਲ ਵਿੱਚ ਰਾਮ ਜਨਮਭੂਮੀ ਦੀ ਜ਼ਮੀਨ ਕਿਹੜੀ ਹੈ।"
ਫੈਸਲੇ ਦੀ ਕਾਪੀ ਵਿੱਚ ਭਾਈ ਬਾਲੇ ਵਾਲੀ ਜਨਮ ਸਾਖੀ, ਭਾਈ ਵੀਰ ਸਿੰਘ ਵਾਲੀ ਜਨਮਸਾਖੀ ਸਣੇ ਕੁਝ ਹੋਰ ਜਨਮਸਾਖੀਆਂ ਦਾ ਹਵਾਲਾ ਦਿੱਤਾ ਗਿਆ ਹੈ।

**ਬਾਕੀ ਸਫ਼ਾ 33 'ਤੇ**

## ਅਮਰੀਕੀ ਸਿੱਖ ਪੁਲਿਸ ਅਫ਼ਸਰ ਧਾਲੀਵਾਲ ਦੇ ਸਨਮਾਨ 'ਚ ਡਰੈੱਸ ਕੋਡ ਨੀਤੀ

**ਹਿਊਸਟਨ/ਏ.ਟੀ. ਨਿਊਜ਼ :** ਭਾਰਤੀ ਮੂਲ ਦੇ ਅਮਰੀਕੀ ਸਿੱਖ ਪੁਲੀਸ ਅਧਿਕਾਰੀ ਸੰਦੀਪ ਸਿੰਘ ਧਾਲੀਵਾਲ ਦੀ ਸ਼ਹੀਦੀ ਦੇ ਸਨਮਾਨ ਵਿੱਚ ਹਿਊਸਟਨ ਪੁਲੀਸ ਵਿਭਾਗ ਨੇ ਆਪਣੀ



ਡਰੈੱਸ ਕੋਡ ਨੀਤੀ ਬਦਲ ਦਿੱਤੀ ਹੈ, ਜਿਸ ਤਹਿਤ ਘੱਟਗਿਣਤੀ ਫਿਰਕੇ ਦੇ ਮੈਂਬਰਾਂ ਨੂੰ ਡਿਊਟੀ ਦੌਰਾਨ ਆਪਣੀ ਧਾਰਮਿਕ ਪਛਾਣ ਕਾਇਮ ਰੱਖਣ ਦੀ ਇਜਾਜ਼ਤ ਦਿੱਤੀ ਗਈ ਹੈ। ਹੈਰਿਸ ਕਾਊਂਟੀ ਸ਼ੈਰਿਫ ਦਫ਼ਤਰ ਵਿੱਚ ਦਸ ਸਾਲਾਂ ਤੋਂ ਸ਼ੈਰਿਫ ਦੇ ਡਿਪਟੀ ਵਜੋਂ ਕੰਮ ਕਰ ਰਹੇ ਸੰਦੀਪ ਸਿੰਘ ਧਾਲੀਵਾਲ ਦੀ ਹਿਊਸਟਨ ਵਿੱਚ ਟਰੈਫਿਕ ਡਿਊਟੀ ਦੌਰਾਨ 28 ਸਤੰਬਰ ਨੂੰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। 42 ਸਾਲਾ ਪੁਲੀਸ ਅਧਿਕਾਰੀ ਉਦੋਂ ਸਰਖੀਆਂ ਵਿੱਚ ਆਇਆ ਸੀ ਜਦੋਂ ਉਸ ਨੂੰ ਕੰਮ ਦੌਰਾਨ ਦਾੜ੍ਹੀ ਰੱਖਣ ਅਤੇ ਪਗੜੀ ਬੰਨ੍ਹਣ ਦੀ ਇਜਾਜ਼ਤ ਦਿੱਤੀ ਗਈ ਸੀ। ਸਿਟੀ ਆਫ ਹਿਊਸਟਨ ਨੇ ਸੋਮਵਾਰ ਨੂੰ ਟਵੀਟ ਕੀਤਾ,"ਹਿਊਸਟਨ ਪੁਲੀਸ ਟੈਕਸਾਸ ਵਿੱਚ ਕਾਨੂੰਨ ਲਾਗੂ ਕਰਨ ਵਾਲੀ ਸਭ ਤੋਂ ਵੱਡੀ ਏਜੰਸੀ ਹੈ, ਜਿਸਨੇ ਅਧਿਕਾਰੀਆਂ ਨੂੰ ਡਿਊਟੀ ਦੌਰਾਨ ਆਪਣੀ ਆਸਥਾ ਦੀਆਂ ਚੀਜ਼ਾਂ ਪਹਿਨਣ ਦੀ ਇਜਾਜ਼ਤ ਦਿੱਤੀ ਹੈ।" ਰਿਪੋਰਟ ਅਨੁਸਾਰ ਧਾਲੀਵਾਲ ਦੇ ਪਿਤਾ ਪਿਆਰਾ ਲਾਲ ਧਾਲੀਵਾਲ ਨੇ ਕਿਹਾ, "ਮੈਂ ਸਨਮਾਨਿਤ ਮਹਿਸੂਸ ਕਰ ਰਿਹਾ ਹਾਂ।"
ਮਰਹੂਮ ਸੰਦੀਪ ਸਿੰਘ ਧਾਲੀਵਾਲ ਨੇ ਆਪਣੀ ਪੁਲਿਸ ਡਿਊਟੀ ਦੌਰਾਨ ਜਿਥੇ ਅਮਰੀਕਾ ਦੇ ਕਾਨੂੰਨ ਅਤੇ ਨਿਯਮਾਂ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਵਿਚ ਮਦਦ ਕੀਤੀ, ਉਥੇ ਸਿੱਖ ਭਾਈਚਾਰੇ ਦੇ ਲੋਕਾਂ ਦੀ ਵੀ ਹਰ ਤਰ੍ਹਾਂ ਸਹਾਇਤਾ ਕੀਤੀ।

## ਕਰਤਾਰਪੁਰ ਲਾਂਘਾ : ਭਾਰਤੀ ਏਜੰਸੀਆਂ ਦੀ ਤਿੱਖੀ ਨਜ਼ਰ !

### ਕਰਤਾਰਪੁਰ ਲਾਂਘੇ ਰਾਹੀਂ 5 ਦਿਨਾਂ ਵਿਚ 2 ਹਜ਼ਾਰ ਸ਼ਰਧਾਲੂ ਵੀ ਨਹੀਂ ਕਰ ਸਕੇ ਗੁਰਦੁਆਰਾ ਸਾਹਿਬ ਦੇ ਦਰਸ਼ਨ

**ਡੇਰਾ ਬਾਬਾ ਨਾਨਕ/ਬਲਵਿੰਦਰਪਾਲ ਸਿੰਘ :**
550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮਾਂ ਵਿਚ ਜੋ ਸ਼ਰਧਾਲੂ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਵਿਖੇ ਦਰਸ਼ਨ ਕਰਕੇ ਪਰਤ ਰਹੇ ਹਨ ਉਹ ਆਪਣੇ ਆਪ ਨੂੰ ਵਡਭਾਗੇ ਕਹਿ ਰਹੇ ਹਨ। ਸ਼ਰਧਾਲੂ ਗੁਰੂ ਨਾਨਕ ਦੀ ਚਰਨ ਛੋਹ ਧਰਤੀ ਦੀ ਮਿੱਟੀ ਲੈ ਕੇ ਆ ਰਹੇ ਹਨ। ਪਰ ਭਾਰਤ-ਪਾਕਿਸਤਾਨ ਦੀਆਂ ਸਰਹੱਦਾਂ ਹੋਣ ਕਾਰਨ ਇਥੇ ਤਾਇਨਾਤ ਸਰਕਾਰੀ ਅਧਿਕਾਰੀ ਇਸ ਮਿੱਟੀ ਉੱਪਰ ਵੀ ਕਰੜੀ ਨਜ਼ਰ ਰੱਖ ਰਹੇ ਹਨ। ਉਹਨਾਂ ਨੂੰ ਇਸ ਮਿੱਟੀ ਦੀ ਸ਼ਰਧਾ ਤੋਂ ਵੀ ਡਰ ਲਗ ਰਿਹਾ ਹੈ। ਕਸਟਮ ਅਧਿਕਾਰੀ ਉਨ੍ਹਾਂ ਨੂੰ ਪੁੱਛ ਲੈਂਦੇ ਹਨ ਕਿ ਕਿਤੇ ਉਹ ਮਿੱਟੀ ਤਾਂ ਨਹੀਂ ਲੈ ਕੇ ਆਏ। ਕਸਟਮ ਅਧਿਕਾਰੀ ਮਿੱਟੀ ਨੂੰ ਵਾਰ-ਵਾਰ ਹੱਥ ਲਾ ਕੇ ਮਲਦੇ ਹਨ, ਫਿਰ ਉਹ ਕਈ ਵਾਰ ਸੁੰਘਦੇ ਹਨ ਪਰ ਉਹ ਸ਼ਰਧਾਲੂਆਂ



ਵੱਲੋਂ ਮਿੱਟੀ ਬਾਰੇ ਪੁੱਛੇ ਗਏ ਸਵਾਲਾਂ ਦੇ ਜਵਾਬ ਨਹੀਂ ਦਿੰਦੇ। ਜ਼ਿਆਦਾਤਰ ਸ਼ਰਧਾਲੂ ਮਿੱਟੀ ਉਸ ਥਾਂ ਤੋਂ ਲਿਆਉਂਦੇ ਜਿਥੇ ਬਾਬੇ ਨਾਨਕ ਦੀ ਮਜ਼ਾਰ ਬਣਾਈ ਗਈ ਹੈ ਤੇ ਨਾਲ ਹੀ ਉਹ ਖੂਹ ਹੈ ਜਿਥੋਂ ਗੁਰੂ ਨਾਨਕ ਦੇਵ ਜੀ ਖੇਤਾਂ ਨੂੰ ਪਾਣੀ ਲਾਉਂਦੇ ਸਨ। ਕਈ ਸ਼ਰਧਾਲੂ ਖੇਤਾਂ ਵਿਚੋਂ ਮਿੱਟੀ ਲਿਆਉਂਦੇ ਹਨ।

**ਬਾਕੀ ਸਫ਼ਾ 33 'ਤੇ**

## ਜੱਲ੍ਹਿਆਂਵਾਲਾ ਬਾਗ਼ ਕੌਮੀ ਯਾਦਗਾਰ ਬਿੱਲ ਸੰਸਦ 'ਚ ਪਾਸ

**ਨਵੀਂ ਦਿੱਲੀ/ਏ.ਟੀ. ਨਿਊਜ਼ :** ਜੱਲ੍ਹਿਆਂਵਾਲਾ ਬਾਗ਼ ਕੌਮੀ ਯਾਦਗਾਰ (ਸੋਧ) ਬਿੱਲ ਅੱਜ ਸੰਸਦ ਵਿੱਚ ਪਾਸ ਹੋ ਗਿਆ। ਲੋਕ ਸਭਾ ਨੇ ਇਹ ਬਿੱਲ ਅਗਸਤ ਵਿੱਚ ਹੀ ਪਾਸ ਕਰ ਦਿੱਤਾ ਸੀ ਜਦੋਂਕਿ ਰਾਜ ਸਭਾ ਨੇ ਵੀ ਇਸ ਬਿੱਲ 'ਤੇ ਮੋਹਰ ਲਾ ਦਿੱਤੀ। ਬਿੱਲ ਦੇ ਪਾਸ ਹੋਣ ਨਾਲ ਅੰਮ੍ਰਿਤਸਰ ਸਥਿਤ ਜੱਲ੍ਹਿਆਂਵਾਲਾ ਬਾਗ਼ ਕੌਮੀ ਯਾਦਗਾਰ ਦਾ ਕੰਮਕਾਜ ਵੇਖਦੇ ਟਰੱਸਟ ਵਿੱਚ ਕਾਂਗਰਸ ਪ੍ਰਧਾਨ ਨੂੰ ਸਥਾਈ ਮੈਂਬਰ ਵਜੋਂ ਸ਼ਾਮਲ ਕੀਤੇ ਜਾਣ ਦੀ ਵਿਵਸਥਾ ਨੂੰ ਖ਼ਤਮ ਕੀਤੇ ਜਾਣ ਦਾ ਰਾਹ ਪੱਧਰਾ ਹੋ ਗਿਆ ਹੈ। ਰਾਜ ਸਭਾ ਨੇ ਇਹ ਬਿੱਲ ਜ਼ੁਬਾਨੀ ਵੋਟ ਨਾਲ ਪਾਸ ਕੀਤਾ। ਬਿੱਲ ਵਿਚਲੇ ਨਵੇਂ ਪ੍ਰਬੰਧ ਮੁਤਾਬਕ ਹੁਣ ਲੋਕ ਸਭਾ ਵਿੱਚ ਸਭ ਤੋਂ ਵੱਡੀ ਵਿਰੋਧੀ ਪਾਰਟੀ ਦੇ ਆਗੂ ਨੂੰ ਜੱਲ੍ਹਿਆਂਵਾਲਾ ਟਰੱਸਟ 'ਚ ਮੈਂਬਰ ਵਜੋਂ ਸ਼ਾਮਲ ਕੀਤਾ ਜਾ ਸਕੇਗਾ।

**ਬਾਕੀ ਸਫ਼ਾ 04 'ਤੇ**
















SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


Bride Wanted
Well established Jat Sikh Family seeking a match for their tall, handsome Son, age 27 who is a Dentist. Currently completing a Pediatric Residency. Comes from a down to earth close knit family of Dentists, Doctors and Business owners. Family well established in the US since the early 1960's.
Please email bio-data with recent pictures
jcsingh82@gmail.com
Phone 803-429-2770
Inquires from US & Canada only


Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
■ ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■ 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
■ ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250

# ਸਿੱਖ ਪੰਚਾਇਤ ਵੱਲੋਂ ਸੰਗਤ ਨੂੰ ਜਨਰਲ ਬਾਡੀ ਵਿੱਚ ਸ਼ਾਮਿਲ ਹੋਣ ਲਈ ਅਪੀਲ

**ਫਰੀਮਾਂਟ/ਏ.ਟੀ. ਨਿਊਜ਼ :**
ਗੁਰਦੁਆਰਾ ਸਾਹਿਬ ਫਰੀਮੌਂਟ ਦਾ ਪ੍ਰਬੰਧ 5 ਸੁਪਰੀਮ ਕੌਂਸਲ ਮੈਂਬਰਾਂ ਦੀ ਦੇਖ ਰੇਖ ਹੇਠ ਚੱਲਦਾ ਹੈ ਅਤੇ ਸੁਪਰੀਮ ਕੌਂਸਲ ਪੰਜ ਪਿਆਰਾ ਸਿਧਾਂਤ ਦੀ ਰੋਸ਼ਨੀ ਵਿੱਚ ਫ਼ੈਸਲੇ ਲੈਂਦੀ ਹੈ। ਫਰੀਮੌਂਟ ਦੀ ਸਾਧ ਸੰਗਤ ਵੱਲੋਂ 24 ਨਵੰਬਰ ਦਿਨ ਐਤਵਾਰ ਨੂੰ ਜਨਰਲ ਬਾਡੀ ਬੁਲਾਈ ਗਈ ਹੈ, ਜਿਸ ਵਿੱਚ ਸਾਧ ਸੰਗਤ ਨੇ ਫੈਸਲਾ ਕਰਨਾ ਹੈ ਕਿ ਪੰਜ ਸੁਪਰੀਮ ਕੌਂਸਲ ਮੈਂਬਰ ਸਰਬ-ਸੰਮਤੀ ਨਾਲ ਫ਼ੈਸਲੇ ਲੈਣਗੇ ਕਿ ਨਹੀਂ ? ਯਾਦ ਰਹੇ ਮੌਜੂਦਾ ਸੁਪਰੀਮ ਕੌਂਸਲ ਦੋਫਾੜ ਹੋਣ ਕਰਕੇ ਸਰਬ-ਸੰਮਤੀ ਨਾਲ ਫ਼ੈਸਲੇ ਲੈਣ ਤੋਂ ਅਸਮਰਥ ਹੈ ਜੋ ਕਿ ਪੰਜ ਪਿਆਰਾ ਸਿਧਾਂਤ ਦੀ ਉਲੰਘਣਾ ਹੈ। ਤਿੰਨ ਸੁਪਰੀਮ ਕੌਂਸਲ ਮੈਂਬਰ, ਬੀਬੀ ਅਰਵਿੰਦਰ ਕੌਰ, ਹਰਮਿੰਦਰ ਸਿੰਘ ਤੇ



ਕੁਲਜੀਤ ਸਿੰਘ ਬਹੁਸੰਮਤੀ ਨਾਲ ਫ਼ੈਸਲੇ ਲੈਣੇ ਚਾਹੁੰਦੇ ਹਨ ਜੋ ਕਿ ਦਸਵੇਂ ਪਾਤਿਸ਼ਾਹ ਵੱਲੋਂ ਪੰਥ ਦੀ ਅਗਵਾਈ ਲਈ ਦਿੱਤੇ ਪੰਜ ਪਿਆਰਾ ਸਿਧਾਂਤ ਦੀ ਸਿਰਫ਼ ਉਲੰਘਣਾ ਹੀ ਨਹੀਂ ਸਗੋਂ ਇਹ ਇੱਕ ਅਜਿਹੀ ਪਿਰਤ ਪਾ ਰਹੇ ਹਨ ਜਿਸ ਨਾਲ ਇਹ ਸਿਧਾਂਤ ਸਿਰਫ ਇੱਕ ਕਾਰਪੋਰੇਸ਼ਨ ਦਾ ਸਿਧਾਂਤ ਬਣ ਕੇ ਰਹਿ ਜਾਵੇਗਾ। ਗੁਰਮੀਤ ਸਿੰਘ, ਐਸ ਪੀ ਸਿੰਘ ਤੇ ਰਾਣਾ ਕਾਹਲੋਂ ਹੀ ਇਸ ਵਿਵਾਦ ਪਿੱਛੇ ਹਨ ਜੋ ਕਿ ਬਹੁਸੰਮਤੀ ਦੀ ਵਕਾਲਤ ਕਰਦੇ ਹਨ। ਇਹਨਾਂ ਦਾ ਮੁਫ਼ਾਦ ਗੁਰਦੁਆਰਾ ਸਾਹਿਬ ਦੇ ਪ੍ਰਬੰਧ 'ਤੇ ਕਾਬਜ਼ ਹੋਣਾ ਹੈ ਚਾਹੇ ਗੁਰਸਿਧਾਂਤ ਨੂੰ ਤਿਲਾਂਜਲੀ ਹੀ ਕਿਉਂ ਨਾ ਦੇਣੀ ਪਵੇ।

ਸਿੱਖ ਪੰਚਾਇਤ ਦੇ ਭਾਈ ਜਸਜੀਤ ਸਿੰਘ ਨੇ ਕਿਹਾ ਕਿ ਉਹ ਸੁਪਰੀਮ ਕੌਂਸਲ ਨੂੰ ਬੇਨਤੀ ਕਰਦੇ ਹਨ ਕਿ ਉਹ ਪੰਜ ਪਿਆਰਾ ਸਿਧਾਂਤ ਦੀ ਰੋਸ਼ਨੀ ਵਿੱਚ ਸਰਬ-ਸੰਮਤੀ ਨਾਲ ਮਾਰਚ 08, 2020 ਤੱਕ ਫ਼ੈਸਲੇ ਲੈ ਲੈਣ ਤਾਂ ਇਸ ਵਿੱਚ ਸਾਰਿਆਂ ਦੀ ਭਲਾਈ ਹੈ। ਉਨ੍ਹਾਂ ਕਿਹਾ ਕਿ ਬਹੁਸੰਮਤੀ ਨਾਲ ਫ਼ੈਸਲੇ ਬਿਲਕੁਲ ਮਨਜ਼ੂਰ ਨਹੀਂ। ਉਹਨਾਂ ਨੇ ਸਾਧ ਸੰਗਤ ਨੂੰ ਜਾਣੂ ਕਰਾਉਂਦੇ ਹੋਏ ਦੱਸਿਆ ਕਿ ਐਸਪੀ ਅਤੇ ਰਾਣਾ ਕਾਹਲੋਂ ਗੁਰਦੁਆਰਾ ਸਾਹਿਬ ਵਿੱਚ ਝਗੜਾ ਕਰਾਉਣਾ ਚਾਹੁੰਦੇ ਹਨ, ਇਸ ਲਈ ਇਹਨਾਂ ਨੇ ਉਸੇ ਦਿਨ ਸ਼ਹੀਦਾਂ ਦਾ ਨਾਮ ਵਰਤ ਕੇ ਇੱਕ ਨਸਲਕੁਸ਼ੀ ਕਾਨਫਰੰਸ ਰੱਖਕੇ ਬਾਹਰੋਂ ਬੰਦੇ ਸੱਦਣ ਦਾ ਬਹਾਨਾ ਬਣਾਇਆ ਹੈ। ਭਾਈ ਜਸਜੀਤ ਸਿੰਘ ਨੇ ਕਿਹਾ ਕਿ ਜਨਰਲ ਬਾਡੀ ਕਰਾਉਣ ਦਾ ਸਾਡੇ ਕੋਲ ਸਿਧਾਂਤਕ ਹੱਕ ਹੈ ਅਤੇ ਜੇ ਕੋਈ ਉਸ ਵਿੱਚ ਵਿਘਨ ਪਾਉਂਦਾ ਹੈ ਜਾਂ ਝਗੜਾ ਕਰਦਾ ਹੈ ਤਾਂ ਉਸ ਵਿੱਚ ਸਾਡਾ ਦੋਸ਼ ਨਹੀਂ ਹੋਵੇਗਾ। ਉਹਨਾਂ ਨੇ ਸਾਧ ਸੰਗਤ ਨੂੰ ਅਪੀਲ ਕੀਤੀ ਕਿ 24 ਨਵੰਬਰ ਦਿਨ ਐਤਵਾਰ ਨੂੰ ਸਵੇਰੇ 11:00 ਵਜੇ ਗੁਰਦੁਆਰਾ ਸਾਹਿਬ ਫਰੀਮੌਂਟ ਪਹੁੰਚੋ ਤਾਂ ਜੋ ਭਵਿੱਖ ਦੇ ਫ਼ੈਸਲੇ ਲਏ ਜਾਣ।


**Legal Document Preparation**



- Immigration ਇਮੀਗਰੇਸ਼ਨ
- Wills & Trusts ਵਸੀਅਤਾਂ
- Divorce ਤਲਾਕ
- Power of Attorney ਮੁਖਤਿਆਰਨਾਮਾ
- Affidavits ਐਫੀਡੇਵਿਟ
- Grant Deeds ਗਰਾਂਟ ਡੀਡਜ਼

**510-648-5554**

Dolly (Sarvinder Kaur)
dolly@worryfreelegaldocs.com
www.worryfreelegaldocs.com
Not an Attorney

35672 Terrace Drive, Fremont, CA 94536 and
39803 Paseo Padre Pkwy, Ste A, Fremont, CA 94538
Paralegal and Regd. & Bonded LDA# 154, Alameda County



**BERKSHIRE HATHAWAY** Home Services
Elite Real Estate



Gurdip Kaur
M.A. B.Ed.

Cell : 916-695-0035 Office : 916-681-5112
realtorgurdip@gmail.com • www.bhhser.com

ਘਰ ਖ਼ਰੀਦਣ-ਵੇਚਣ ਲਈ ਅਤੇ ਆਪਣੇ ਘਰ ਬੈਠੇ ਹੀ ਨੋਟਰੀ ਸੇਵਾਵਾਂ ਲੈਣ ਲਈ ਕਾਲ ਕਰੋ

PLEASE CALL GURDIP KAUR
916-695-0035

Cal BRE# 02032641 **7412 Elsie Ave. Sacramento 95828**
*A member of the franchise system of BHH Affiliates. LLC*



**GLOBAL ALLIANZ**
**LAW FIRM LLP**
US IMMIGRATION MADE EASY

ਕਾਨੂੰਨੀ ਸੇਵਾਵਾਂ

- ਫੈਮਲੀ ਇੰਮੀਗਰੇਸ਼ਨ
- ਗਰੀਨ ਕਾਰਡ ਅਤੇ ਸਿਟੀਜਨਸ਼ਿਪ ਐਪਲੀਕੇਸ਼ਨ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕਾਰ ਦੁਰਘਟਨਾ ਅਤੇ ਕੰਮ ਦੌਰਾਨ ਸੱਟ ਲੱਗਣਾ
- ਪੋਲੀਟੀਕਲ ਅਸਾਈਲਮ



Atul Kapoor
CEO



Neat Allen Sawyer
Attorney at Law

US OFFICE-: # 7899 N. PERSHING AVE., STOCKTON, CA -95207
PHONE-209-808-2136, 209-952-5578 Fax- 209-476-7188
INDIA OFFICE-: SCO 1-4, FIRST FLOOR, SURYA COMPLEX, LEELA BHAWAN, PATIALA, PUNJAB. Phone +91-9814320010

# ਗੁਰਦੁਆਰਾ ਅਨੰਦਗੜ੍ਹ ਸਾਹਿਬ ਕਰਮਨ ਵਿਖੇ 550ਵੇਂ ਪ੍ਰਕਾਸ਼ ਪੁਰਬ ਮੌਕੇ ਵਿਸ਼ੇਸ਼ ਸਮਾਗਮ







**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ:** ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰਮਨ ਦੇ ਗੁਰਦੁਆਰਾ ਅਨੰਦਗੜ੍ਹ ਸਾਹਿਬ ਵਿਖੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਕਰਵਾਏ ਗਏ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰੂਘਰ ਦੇ ਕੀਰਤਨੀ ਜਥੇ ਭਾਈ ਸੋਢੀ ਸਿੰਘ ਅਤੇ ਸਾਥੀਆ ਨੇ ਰਸਭਿੰਨੇ ਕੀਰਤਨ ਰਾਹੀਂ ਹਾਜ਼ਰੀ ਭਰਦਿਆਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਰਗ ਦਰਸ਼ਨ ਅਤੇ ਜੀਵਨ ਸਬੰਧੀ ਵਿਚਾਰਾਂ ਕੀਤੀਆਂ। ਇਸ ਮੌਕੇ ਸਥਾਨਕ ਗੁਰੂਘਰ ਵਿਖੇ ਚਲਾਏ ਜਾ ਰਹੇ 'ਕਰਮਨ ਪੰਜਾਬੀ ਸਕੂਲ' ਦੇ ਬੱਚਿਆਂ ਨੇ ਗੁਰਬਾਣੀ ਸ਼ਬਦ ਪੜ੍ਹ ਕੇ ਹਾਜ਼ਰੀ ਲਵਾਈ। ਇਸ ਮੌਕੇ ਜਿਥੇ ਗਾਇਕਾ ਜੋਤ ਰਣਜੀਤ ਕੌਰ ਨੇ ਜਿਥੇ ਗੁਰੂ ਸਾਹਿਬ ਦੀ ਮਹਿਮਾ ਵਿੱਚ ਧਾਰਮਿਕ ਗੀਤਾਂ ਰਾਹੀ ਹਾਜ਼ਰੀ ਭਰੀ, ਉਥੇ ਸੰਗਤਾਂ ਨੂੰ ਵਹਿਮਾਂ-ਭਰਮਾ 'ਚੋਂ ਨਿਕਲਕੇ ਗੁਰਸਿੱਖੀ ਵਾਲਾ ਜੀਵਨ ਧਾਰਨ ਕਰਨ ਦੀ ਅਪੀਲ ਵੀ ਕੀਤੀ। ਸੰਗੀਤਕ ਧੁਨਾ 'ਤੇ ਉਨ੍ਹਾਂ ਦਾ ਸਾਥ ਅਵਤਾਰ ਗਰੇਵਾਲ ਨੇ ਦਿੱਤਾ। ਇਸ ਸਮਾਗਮ ਵਿਚ ਗੁਰਦੀਪ ਸਿੰਘ ਧਾਲੀਵਾਲ ਨੇ ਆਪਣੀ ਗਾਇਕੀ ਰਾਹੀਂ ਗੁਰੂ ਸਾਹਿਬ ਦੀ ਉਸਤਤ ਕੀਤੀ। ਸਟੇਜ ਸੰਚਾਲਨ ਕੁਲਦੀਪ ਸਿੰਘ ਕਾਲੇਕਾ ਨੇ ਕੀਤਾ। ਸਮੂਹ ਪ੍ਰਬੰਧਕਾਂ ਸਮਾਗਮ ਵਿਚ ਪਹੁੰਚੀ ਸੰਗਤ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਗੁਰੂ ਦੇ ਲੰਗਰ ਅਤੁੱਟ ਵਰਤੇ।

# ਕੈਨੇਡੀਅਨ ਸ਼ਰਧਾਲੂਆਂ ਦੀ 'ਜਰਨੀ ਟੂ ਕਰਤਾਰਪੁਰ' ਬੱਸ ਖਡੂਰ ਸਾਹਿਬ ਪੁੱਜੀ





**ਖਡੂਰ ਸਾਹਿਬ/ਏ.ਟੀ. ਨਿਊਜ਼ :** ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇੰਟਰਨੈਸ਼ਨਲ ਪੰਜਾਬੀ ਫਾਊਂਡੇਸ਼ਨ ਦੀ ਅਗਵਾਈ ਵਿਚ 'ਜਰਨੀ ਟੂ ਕਰਤਾਰਪੁਰ' ਨਾਂ ਦੀ ਬੱਸ ਪੰਦਰਾਂ ਮੁਲਕਾਂ ਵਿਚੋਂ ਹੁੰਦੀ ਹੋਈ ਇਥੇ ਖਡੂਰ ਸਾਹਿਬ ਵਿਖੇ ਪਹੁੰਚੀ। ਸਮੁੰਦਰੀ ਜਹਾਜ ਰਾਹੀਂ ਪੈਂਡਾ ਤੈਅ ਕਰਦੀ ਹੋਈ ਇਹ ਬੱਸ ਇਕ ਦਰਜਨ ਤੋਂ ਵੱਧ ਸ਼ਰਧਾਲੂਆਂ ਨੂੰ ਲੈ ਕੇ ਕਰਤਾਰਪੁਰ ਸਾਹਿਬ (ਪਾਕਿਸਤਾਨ) ਪੁੱਜੀ ਅਤੇ ਬਾਅਦ ਵਿਚ ਵਾਹਗਾ ਬਾਰਡਰ ਰਾਹੀਂ ਸੁਲਤਾਨਪੁਰ ਲੋਧੀ ਵਿਖੇ ਗੁਰੂ ਮਾਹਰਾਜ ਦੇ ਦਰਸ਼ਨ ਕੀਤੇ। ਇਸ ਦੌਰਾਨ ਬੱਸ ਵਲੋਂ ਥਲੀ ਰੂਟ 'ਤੇ 21000 ਕਿਲੋਮੀਟਰ ਦਾ ਪੈਂਡਾ ਤੈਅ ਕੀਤਾ ਗਿਆ।

ਇਹ ਬੱਸ ਖਡੂਰ ਸਾਹਿਬ ਵਿਖੇ ਵਿਸ਼ੇਸ਼ ਤੌਰ ਬਾਬਾ ਸੇਵਾ ਸਿੰਘ ਦੀ ਅਗਵਾਈ ਵਿਚ ਚਲ ਰਹੇ 'ਨਿਸ਼ਾਨ-ਏ-ਸਿੱਖੀ ਇੰਸਟੀਚਿਊਟ' ਵਿਖੇ ਵੀ ਪਹੁੰਚੀ ਅਤੇ ਸ਼ਰਧਾਲੂਆਂ ਦੀ ਟੀਮ ਦੀ ਅਗਵਾਈ ਕਰ ਰਹੇ ਗੁਰਚਰਨ ਸਿੰਘ ਬਣਵੈਤ ਨੇ ਐਨ.ਡੀ.ਏ ਦੇ ਵਿਦਿਆਰਥੀਆਂ ਨੂੰ ਸੰਬੋਧਨ ਵੀ ਕੀਤਾ। ਉਨ੍ਹਾਂ ਕਿਹਾ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ ਯਾਦ ਵਿਚ ਅਸੀਂ ਸਾਰੇ ਰਸਤੇ ਅਮਨ ਦਾ ਨਾਅਰਾ ਲਾਉਂਦੇ ਆਏ ਹਾਂ। ਸ. ਬਣਵੈਤ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਨਾਮ ਲੇਵਾ ਹੋਣ ਸਦਕੇ ਕਿਸੇ ਵੀ ਮੁਲਕ ਨੇ ਸਾਨੂੰ ਆਪਣੇ ਬਾਰਡਰ 'ਤੇ ਨਹੀਂ ਰੋਕਿਆ। ਉਨ੍ਹਾਂ ਕਿਹਾ ਕਿ ਅਸੀਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਅਮਨ-ਅਮਾਨ ਦੀ ਕਾਮਨਾ ਕਰਦੇ ਹਾਂ। ਉਨ੍ਹਾਂ ਕਿਹਾ ਕਿ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਦੀ ਉਮੱਤ ਦੋਨਾਂ ਮੁਲਕਾਂ ਵਿਚਾਲੇ ਪਾਟੀ ਹੋਈ ਚਾਦਰ ਨੂੰ ਮੁੜ ਸੀਣ ਦੀ ਕੋਸ਼ਿਸ਼ ਕਰ ਰਹੀ ਹੈ।

ਇਸ ਦੌਰਾਨ ਇੰਟਰਨੈਸ਼ਨਲ ਪੰਜਾਬੀ ਫਾਊਂਡੇਸ਼ਨ ਦੇ ਇਕ ਹੋਰ ਆਗੂ ਦਲਜੀਤ ਸਿੰਘ ਨੇ ਦਸਿਆ ਕਿ ਇਸ ਯਾਤਰਾ ਲਈ ਅਸੀਂ ਇਕ ਸਾਲ ਪਹਿਲਾਂ ਤੋਂ ਤਿਆਰੀ ਕਰ ਰਹੇ ਸੀ। ਸਾਡੀ ਸੰਸਥਾ ਵਿਚ ਪਾਕਿਸਤਾਨੀ ਮੂਲ ਦਾ ਮੁਸਲਮਾਨ ਅਮੀਰ ਖਾਨ ਵੀ ਭਾਈਵਾਲ ਹੈ।ਇਸ ਯਾਤਰਾ 'ਤੇ ਤਕਰੀਬਨ ਅੱਧਾ ਮਿਲੀਅਨ ਡਾਲਰ ਖਰਚ ਹੋਏ ਹਨ। ਉਨ੍ਹਾਂ ਕਿਹਾ ਕਿ ਇਸ ਯਾਤਰਾ ਰਾਹੀਂ ਸਾਡਾ ਅਮਨ ਦਾ ਸੁਨੇਹਾ ਸਾਰੀ ਦੁਨੀਆਂ ਵਿਚ ਪਹੁੰਚਿਆ ਹੈ ਅਤੇ ਅਸੀਂ ਇਸ ਨੂੰ ਬੇਹੱਦ ਸਫ਼ਲ ਯਾਤਰਾ ਮੰਨਦੇ ਹਾਂ।

ਇਸ ਮੌਕੇ ਬਾਬਾ ਸੇਵਾ ਸਿੰਘ ਨੇ ਪਰਵਾਸੀ ਯਾਤਰੀਆਂ ਨੂੰ ਜੀ ਆਇਆਂ ਕਿਹਾ ਅਤੇ ਬਰੇਗੇਡੀਅਰ ਜੀ ਐਸ ਰੰਧਾਵਾ ਨੇ ਇਕ ਡਾਕੂਮੈਂਟਰੀ ਫਿਲਮ ਰਾਹੀਂ ਪਰਵਾਸੀ ਸ਼ਰਧਾਲੂਆਂ ਨੂੰ ਐਨ.ਡੀ.ਏ ਅਕੈਡਮੀ ਦੀਆਂ ਗਤੀਵਿਧੀਆਂ ਤੋਂ ਜਾਣੂ ਕਰਵਾਇਆ। ਇਸ ਮੌਕੇ ਬਾਬਾ ਬਲਦੇਵ ਸਿੰਘ ਅਤੇ ਬਾਬਾ ਗੁਰਪ੍ਰੀਤ ਸਿੰਘ ਤੋਂ ਇਲਾਵਾ ਕੈਰੀਅਰ ਐਂਡ ਕੋਰਸਿਜ਼ ਦੇ ਪ੍ਰਿੰਸੀਪਲ ਬਲਦੇਵ ਸਿੰਘ ਸੰਧੂ, ਰਿਲੀਜੀਅਸ ਸਟਡੀਜ਼ ਦੇ ਪ੍ਰਿੰਸੀਪਲ ਭਾਈ ਵਰਿਆਮ ਸਿੰਘ, ਵਿਕਰਮਜੀਤ ਸਿੰਘ, ਐਨ ਡੀ ਏ ਦੇ ਉਪ ਮੁਖੀ ਕਰਨਲ ਜਸਵਿੰਦਰ ਸਿੰਘ ਤੋਂ ਇਲਾਵਾ ਐਨ ਡੀ ਏ ਦੇ ਵਿਦਿਆਰਥੀ ਵੱਡੀ ਗਿਣਤੀ ਵਿਚ ਮੌਜੂਦ ਸਨ।

## ਜੱਲ੍ਹਿਆਂਵਾਲਾ ਬਾਗ਼ ਕੌਮੀ ਯਾਦਗਾਰ ਬਿੱਲ ਸੰਸਦ 'ਚ ਪਾਸ

*ਸ.ਫਾ ਇਕ ਦੀ ਬਾਕੀ*

ਸਭਿਆਚਾਰ ਤੇ ਸੈਰ-ਸਪਾਟਾ ਮੰਤਰੀ ਪ੍ਰਹਿਲਾਦ ਸਿੰਘ ਪਟੇਲ ਨੇ ਸੋਧ ਬਿੱਲ 'ਤੇ ਹੋਈ ਚਰਚਾ ਨੂੰ ਸਮੇਟਦਿਆਂ ਕਿਹਾ ਕਿ ਇਸ ਬਿੱਲ ਨਾਲ ਟਰੱਸਟ ਵਿੱਚ (ਪਹਿਲਾਂ ਤੋਂ) ਮੌਜੂਦ ਸਿਆਸੀ ਰੰਗਤ ਖ਼ਤਮ ਹੋਵੇਗੀ। ਵਿਰੋਧੀ ਧਿਰ 'ਤੇ ਚੁਟਕੀ ਲੈਂਦਿਆਂ ਪਟੇਲ ਨੇ ਕਿਹਾ ਕਿ ਉਨ੍ਹਾਂ ਨੂੰ ਬਿੱਲ ਦੀ ਮਹਿਜ਼ ਇਕ ਵਿਵਸਥਾ ਨਾਲ ਦਿੱਕਤ ਹੈ, ਜਿਸ ਵਿੱਚ ਪਾਰਟੀ (ਕਾਂਗਰਸ) ਪ੍ਰਧਾਨ ਨੂੰ ਟਰੱਸਟੀ ਵਜੋਂ ਹਟਾਉਣ ਦੀ ਤਜਵੀਜ਼ ਹੈ। ਉਨ੍ਹਾਂ ਸਰਕਾਰ 'ਤੇ ਮੁੜ ਇਤਿਹਾਸ ਲਿਖਣ ਦੇ ਲਾਏ ਦੋਸ਼ਾਂ ਨੂੰ ਖਾਰਜ ਕਰ ਦਿੱਤਾ। ਉਨ੍ਹਾਂ ਕਿਹਾ, 'ਕੋਈ ਵੀ ਇਤਿਹਾਸ ਨਾਲ ਛੇੜਛਾੜ ਨਹੀਂ ਚਾਹੁੰਦਾ। ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹੈ।' ਪਟੇਲ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਜੱਲ੍ਹਿਆਂਵਾਲਾ ਟਰੱਸਟ ਵਿੱਚ ਕਾਂਗਰਸ ਪਾਰਟੀ ਦੇ ਨੁਮਾਇੰਦੇ ਵਜੋਂ ਸ਼ਾਮਲ ਹਨ।ਇਸ ਤੋਂ ਪਹਿਲਾਂ ਬਿੱਲ 'ਤੇ ਚਰਚਾ ਦੌਰਾਨ ਕਾਂਗਰਸ ਦੇ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੰਘੇ ਦਿਨ ਰਾਜ ਸਭਾ ਦੇ ਇਤਿਹਾਸਕ 250ਵੇਂ ਇਜਲਾਸ ਮੌਕੇ ਵਿਰੋਧੀ ਧਿਰ ਨੂੰ ਵੱਡਾ ਦਿਲ ਦਿਖਾਉਣ ਦੀ ਅਪੀਲ ਕੀਤੀ ਸੀ। ਉਨ੍ਹਾਂ ਕਿਹਾ ਕਿ ਹੁਣ ਸਮਾਂ ਹੈ ਜਦੋਂ ਸਰਕਾਰ 'ਖੁੱਲ੍ਹਦਿਲੀ' ਦਾ ਮੁਜ਼ਾਹਰਾ ਕਰਦਿਆਂ ਕਾਂਗਰਸ ਵੱਲੋਂ ਆਜ਼ਾਦੀ ਦੇ ਸੰਘਰਸ਼ ਵਿੱਚ ਪਾਏ ਯੋਗਦਾਨ ਨੂੰ ਪਛਾਣ ਦੇਵੇ। ਬਾਜਵਾ ਨੇ ਕਿਹਾ, 'ਇਤਿਹਾਸ ਮੁੜ ਲਿਖਣ ਦੀ ਕੋਈ ਲੋੜ ਨਹੀਂ।' ਉਨ੍ਹਾਂ ਕਿਹਾ ਕਿ ਜੱਲ੍ਹਿਆਂਵਾਲਾ ਬਾਗ਼ ਤੇ ਕਾਂਗਰਸ ਪਾਰਟੀ ਦਾ 'ਨਹੁੰ-ਮਾਸ' ਦਾ ਰਿਸ਼ਤਾ ਹੈ, ਜਿਨ੍ਹਾਂ ਨੂੰ ਕਦੇ ਵੀ ਵੱਖ ਨਹੀਂ ਕੀਤਾ ਜਾ ਸਕਦਾ।




# ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੀਆਂ ਆਪਹੁਦਰੀਆਂ ਵਿਰੁੱਧ ਸੰਗਤ ਵਲੋਂ ਮਤੇ ਪਾਸ

**ਸੈਨਹੋਜ਼ੇ/ਏ.ਟੀ. ਨਿਊਜ਼ :** 17 ਨਵੰਬਰ ਨੂੰ ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀ ਜਨਰਲ ਬਾਡੀ ਦੇ ਮੈਂਬਰਾਂ ਅਤੇ ਆਮ ਸੰਗਤ ਦੀ ਸਿੱਖ ਗੁਰਦੁਆਰਾ ਸਾਹਿਬ ਸੈਨਹੋਜ਼ੇ, ਕੈਲੀਫੋਰਨੀਆ ਵਿਖੇ ਇਕ ਖੁਲ੍ਹੀ ਮੀਟਿੰਗ ਹੋਈ। ਗੁਰਦੁਆਰਾ ਸਾਹਿਬ ਦੇ ਮਾਮਲਿਆਂ, ਮੌਜੂਦਾ ਕੋਰਟ ਕੇਸ, ਗੁਰਦੁਆਰਾ ਚੋਣ ਰੋਕਣ ਬਾਰੇ ਅਦਾਲਤ ਦੇ ਆਦੇਸ਼ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਖਿਲਾਫ ਚੱਲ ਰਹੇ ਵੋਟਰ ਧੋਖਾਧੜੀ ਦੇ ਕੇਸ ਬਾਰੇ ਵਿਚਾਰ ਵਟਾਂਦਰੇ ਹੋਏ।

ਸੰਗਤ ਅਤੇ ਜਨਰਲ ਬਾਡੀ ਦੇ ਮੈਂਬਰਾਂ ਨੇ ਰੋਸ ਪਰਗਟ ਕੀਤਾ ਕਿ ਮੌਜੂਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਅਦਾਲਤ ਦੇ ਕੇਸਾਂ ਵਿਚ ਗੁਰਦੁਆਰਾ ਸੰਪਤੀ ਦੀ ਦੁਰਵਰਤੋਂ ਕਰ ਰਹੀ ਹੈ ਅਤੇ ਅਖ਼ਬਾਰਾਂ ਅਤੇ ਸੋਸ਼ਲ ਮੀਡੀਆ ਦੀ ਵਰਤੋਂ ਕਰਕੇ ਸੰਗਤ ਦੇ ਮੈਂਬਰਾਂ ਨੂੰ ਡਰਾਉਣ ਅਤੇ ਧਮਕਾਉਣ ਦੀ ਕੋਸ਼ਿਸ਼ ਕਰਦੀ ਹੈ, ਖ਼ਾਸਕਰ ਜੋ ਉਨ੍ਹਾਂ ਦਾ ਵਿਰੋਧ ਕਰਦੇ ਹਨ। ਜਨਰਲ ਬਾਡੀ ਦੀ ਮੀਟਿੰਗ ਬੁਲਾਉਣ ਦੀ ਸ਼ਕਤੀ ਸਮੇਤ, ਗੁਰਦੁਆਰਾ ਸਾਹਿਬ ਨਾਲ ਜੁੜੇ ਸਾਰੇ ਮੁੱਦਿਆਂ ਦੇ ਹੱਲ ਲਈ ਜਨਰਲ ਬਾਡੀ ਦੀ ਭੂਮਿਕਾ ਅਤੇ ਅਧਿਕਾਰ ਦੀ ਪੁਸ਼ਟੀ ਕੀਤੀ। ਸੰਗਤਾਂ ਨੂੰ ਇਹ ਵੀ ਯਾਦ ਕਰਾਇਆ ਕਿ ਸਾਲਾਨਾ ਜਨਰਲ ਬਾਡੀ ਦੀ ਬੈਠਕ ਸਾਲ 2016 ਤੋਂ ਨਹੀਂ ਸੱਦੀ ਗਈ ਹੈ ਅਤੇ ਉਦੋਂ ਵੀ ਕਿਸੇ ਵੀ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ ਅਤੇ ਮੌਜੂਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਸਾਹਿਬ ਦੇ ਸੰਵਿਧਾਨ ਦੀ ਪਾਲਣਾ ਕੀਤੇ ਬਿਨਾਂ ਹੀ ਕੁਝ ਮਤੇ ਪਾਸ ਕੀਤੇ ਸਨ।

ਇਸ ਵਿਸ਼ਾਲ ਇਕੱਠ ਨੇ ਫੈਸਲਾ ਕੀਤਾ ਕਿ ਸਿੱਖ ਰਹਿਤ ਮਰਿਆਦਾ, ਸਿੱਖੀ ਸਿਧਾਂਤਾਂ ਦੁਆਰਾ ਬੜੀ ਨਿਮਰਤਾ ਨਾਲ ਸਾਰੇ ਮੁੱਦਿਆਂ ਨੂੰ ਹੱਲ ਕਰਾਂਗੇ ਜਿਵੇਂ ਕਿ ਹਾਲ ਹੀ ਵਿੱਚ ਮਾਣਯੋਗ ਅਦਾਲਤ ਦੁਆਰਾ ਸਲਾਹ ਦਿੱਤੀ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਉਤਸਵ ਅਤੇ ਕਰਤਾਰਪੁਰ ਸਾਹਿਬ ਲਾਂਘੇ ਦੇ ਉਦਘਾਟਨ ਦੇ ਸ਼ੁਭ ਮੌਕੇ ਸਾਰਿਆਂ ਨੂੰ ਵਧਾਈ ਦਿੱਤੀ ਗਈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜਨਾਬ ਇਮਰਾਨ ਖਾਨ ਦਾ ਇਸ ਉਪਰਾਲੇ ਨੂੰ ਆਰੰਭ ਕਰਨ ਅਤੇ ਪੂਰੀ ਦੁਨੀਆ ਦੇ ਸਿੱਖਾਂ ਦੀ ਮੰਗ ਨੂੰ ਪੂਰਾ ਕਰਨ ਲਈ ਧੰਨਵਾਦ ਕੀਤਾ ਗਿਆ। ਇਸ ਮੀਟਿੰਗ ਵਿਚ ਫੈਸਲਾ ਕੀਤਾ ਕਿ ਜਿੰਨੀ ਜਲਦੀ ਹੋ ਸਕੇ, ਗੁਰਦੁਆਰਾ ਸਾਹਿਬ ਦੀ ਜਨਰਲ ਬਾਡੀ ਦੀ ਮੀਟਿੰਗ ਬੁਲਾਈ ਜਾਵੇ ਅਤੇ ਲੋੜ ਪੈਣ 'ਤੇ ਅਦਾਲਤ ਦੀ ਨਿਗਰਾਨੀ ਹੇਠ ਵੀ ਹੋ ਸਕਦੀ ਹੈ। ਇਸ ਮੌਕੇ ਫੈਸਲਾ ਕੀਤਾ ਗਿਆ ਕਿ ਗੁਰਦੁਆਰਾ ਸਾਹਿਬ ਵਿਖੇ ਨਿਰਪੱਖ ਪ੍ਰਬੰਧਨ ਪ੍ਰਕਿਰਿਆ ਦੀ ਸਥਾਪਨਾ ਕੀਤੀ ਜਾਵੇਗੀ। ਕੋਰਟ ਕੇਸਾਂ ਵਿਚ ਗੁਰਦੁਆਰਾ ਸਾਹਿਬ ਦੀ ਸੰਪਤੀ ਦੀ ਬਰਬਾਦੀ ਨੂੰ ਰੋਕਣ ਲਈ ਠੋਸ ਕਦਮ ਚੁੱਕੇ ਜਾਣਗੇ। ਕਾਬਜ਼ ਧੜੇ ਵਲੋਂ ਨਿੱਜੀ ਸੁਰੱਖਿਆ ਅਮਲੇ ਵਰਤ ਕੇ ਸੰਗਤਾਂ ਨੂੰ ਡਰਾਉਣ ਧਮਕਾਉਣ ਅਤੇ ਸ਼ਾਂਤੀ ਭੰਗ ਕਰਕੇ ਗੁਰਦੁਆਰਾ ਸਾਹਿਬ ਦੀ ਮਰਿਯਾਦਾ ਦੀ ਅਕਸਰ ਉਲੰਘਣਾ ਕਰਨ ਦੇ ਕੰਮਾਂ ਦੀ ਨਿਖੇਧੀ ਕੀਤੀ ਗਈ।

# ਤਿੰਨ ਸੁਪਰੀਮ ਕੌਂਸਲ ਮੈਂਬਰ ਸੰਗਤ ਨੂੰ ਗੁੰਮਰਾਹ ਕਰਨਾ ਬੰਦ ਕਰਨ : ਭਾਈ ਜਸਵਿੰਦਰ ਸਿੰਘ ਜੰਡੀ



**ਫਰੀਮਾਂਟ/ਏ.ਟੀ. ਨਿਊਜ਼ :** ਪਿਛਲੇ ਹਫ਼ਤੇ ਤਿੰਨ ਸੁਪਰੀਮ ਕੌਂਸਲ ਮੈਂਬਰਾਂ ਵੱਲੋਂ ਅਖ਼ਬਾਰਾਂ ਵਿੱਚ ਬਿਆਨ ਦਿੱਤਾ ਗਿਆ ਕਿ 'ਭਾਈ ਜਸਵਿੰਦਰ ਸਿੰਘ ਜੰਡੀ ਗੁਰਦੁਆਰਾ ਸਾਹਿਬ ਦਾ ਪ੍ਰਧਾਨ ਨਹੀਂ' ਦੇ ਜੁਆਬ ਵਿੱਚ ਭਾਈ ਜੰਡੀ ਨੇ ਉਸ ਮਤੇ ਦੀ ਕਾਪੀ ਜਾਰੀ ਕੀਤੀ ਜਿਸ ਵਿੱਚ ਭਾਈ ਜੰਡੀ ਨੂੰ ਪ੍ਰਧਾਨ ਬਣਾਇਆ ਗਿਆ ਹੈ ਅਤੇ ਇਹ ਬਿਆਨ ਦੇਣ ਵਾਲੇ ਤਿੰਨ ਸੁਪਰੀਮ ਕੌਂਸਲ ਮੈਂਬਰਾਂ ਦੇ ਦਸਤਖ਼ਤ ਵੀ ਹਨ। ਭਾਈ ਜੰਡੀ ਨੇ ਕਿਹਾ ਕਿ ਲੱਗਦਾ ਹੈ ਕਿ ਇਹਨਾਂ ਤਿੰਨਾਂ ਦੀ ਯਾਦਾਸ਼ਤ ਕਮਜ਼ੋਰ ਹੋ ਗਈ ਕਿਉਂ ਕਿ ਇਹਨਾਂ ਨੂੰ ਆਪਣਾ ਫੈਸਲਾ ਹੀ ਯਾਦ ਨਹੀਂ। ਭਾਈ ਜੰਡੀ ਨੇ ਇਹਨਾਂ ਨੂੰ ਸੁਆਲ ਕੀਤਾ ਕਿ ਜੁਲਾਈ 2018 ਵਿੱਚ ਇਹਨਾਂ ਨੂੰ ਨਹੀਂ ਸੀ ਪਤਾ ਕਿ ਬਾਈਲਾਅਜ਼ 11 ਮੈਂਬਰੀ ਕਮੇਟੀ ਦੀ ਮੰਗ ਕਰਦੇ ਹਨ? ਇਹਨਾਂ ਨੇ ਉਸ ਵੇਲੇ 86 ਮੈਂਬਰੀ ਕਮੇਟੀ ਕਿਉਂ ਬਣਾਈ? ਭਾਈ ਜੰਡੀ ਨੇ ਤਿੰਨ ਸੁਪਰੀਮ ਕੌਂਸਲ ਮੈਂਬਰਾਂ ਨੂੰ ਕਿਹਾ ਕਿ ਉਹ ਕੋਈ ਅਜਿਹਾ ਮਤਾ ਦਿਖਾਉਣ ਜਿਸ ਵਿੱਚ 5 ਸੁਪਰੀਮ ਕੌਂਸਲ ਮੈਂਬਰਾਂ ਦੇ ਦਸਤਖ਼ਤ ਹੋਣ, ਜਿਸ ਵਿੱਚ ਮੈਨੂੰ ਕੱਢਿਆ ਗਿਆ ਹੋਵੇ ਜਾਂ ਨਵੀਂ ਕਮੇਟੀ ਬਣਾਈ ਗਈ ਹੋਵੇ। ਉਹਨਾਂ ਨੇ ਇਹਨਾਂ ਨੂੰ ਯਾਦ ਕਰਾਉਂਦੇ ਦੱਸਿਆ ਕਿ ਪੰਜ ਪਿਆਰਾ ਸਿਧਾਂਤ ਅਧੀਨ ਮੀਟਿੰਗ ਵਿੱਚ 5 ਸੁਪਰੀਮ ਕੌਂਸਲ ਮੈਂਬਰ ਹਾਜ਼ਰ ਹੋਣੇ ਜ਼ਰੂਰੀ ਹਨ ਅਤੇ ਇਨ੍ਹਾਂ ਪੰਜਾਂ ਨੂੰ ਹਰ ਫ਼ੈਸਲਾ ਸਰਬ-ਸੰਮਤੀ ਨਾਲ ਲੈਣਾ ਪੈਂਦਾ ਹੈ, ਤੁਸੀਂ ਤਿੰਨ ਨਾ ਕੋਈ ਮੀਟਿੰਗ ਕਰ ਸਕਦੇ ਹੋ ਅਤੇ ਨਾ ਹੀ ਕੋਈ ਫੈਸਲਾ ਲੈ ਸਕਦੇ ਹੋ। ਭਾਈ ਜਸਵਿੰਦਰ ਸਿੰਘ ਜੰਡੀ ਨੇ ਸੰਗਤ ਨੂੰ ਅਪੀਲ ਕੀਤੀ ਕਿ ਤੁਸੀਂ ਇਸ ਮਤੇ ਤੋਂ ਸਹਿਜੇ ਹੀ ਅੰਦਾਜ਼ਾ ਲਾ ਸਕਦੇ ਹੋ ਅਤੇ ਇਹ ਮਤਾ ਇਸ ਗੱਲ ਦਾ ਸਬੂਤ ਹੈ ਕਿ ਇਹ ਸੰਗਤ ਨੂੰ ਝੂਠ ਬੋਲ ਕੇ ਕਿਵੇਂ ਗੁੰਮਰਾਹ ਕਰਦੇ ਹਨ। ਭਾਈ ਜੰਡੀ ਨੇ ਸੰਗਤ ਨੂੰ ਅਪੀਲ ਕੀਤੀ ਕਿ 24 ਨਵੰਬਰ ਨੂੰ 11 ਵਜੇ ਤੱਕ ਗੁਰਦੁਆਰਾ ਸਾਹਿਬ ਪਹੁੰਚ ਕੇ ਜਨਰਲ ਬਾਡੀ ਵਿੱਚ ਹਿੱਸਾ ਲਉ ਤਾਂ ਜੋ ਗੁਰਦੁਆਰਾ ਸਾਹਿਬ ਤੇ ਗੁਰ ਸਿਧਾਂਤ ਨੂੰ ਬਰਕਰਾਰ ਰੱਖਣ ਲਈ ਫ਼ੈਸਲੇ ਲਏ ਜਾ ਸਕਣ।



# ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਪਿੰਡ ਮੰਡਿਆਲਾ ਛੰਨਾ ਅਪਣਾਇਆ

**ਜਲੰਧਰ/ਏ.ਟੀ. ਨਿਊਜ਼ :** ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਸਰਦਾਰ ਰਜਿੰਦਰ ਸਿੰਘ ਪੁਰੇਵਾਲ ਚੇਅਰਮੈਨ ਦੀ ਅਗਵਾਈ ਵਿਚ ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਪ੍ਰਧਾਨ, ਸਕੱਤਰ ਪ੍ਰੋ. ਬਲਵਿੰਦਰ ਪਾਲ ਸਿੰਘ, ਸਰਪ੍ਰਸਤ ਮੈਂਬਰ ਸਰਦਾਰ ਸੰਤੋਖ ਸਿੰਘ ਦਿਲੀ ਪੇਂਟ, ਸਾਹਿਬ ਸਿੰਘ ਨੇ ਐਲਾਨ ਕੀਤਾ ਕਿ ਹੜ ਪੀੜਤ ਪਿੰਡ ਮੰਡਿਆਲਾ ਛੰਨਾ ਨੂੰ ਅਪਣਾ ਕੇ ਗੁਰੂ ਨਾਨਕ ਸਾਹਿਬ ਦੇ ਸਾਢੇ ਪੰਜ ਸੌ ਸਾਲਾ ਪਰਕਾਸ਼ ਉਤਸਵ ਉਪਰ ਖਾਲਸਾ ਪੰਥ ਨੂੰ ਅਹਿਮ ਤੋਹਫਾ ਦਿੱਤਾ ਗਿਆ। ਇੱਥੇ ਜ਼ਿਕਰਯੋਗ ਹੈ ਕਿ ਕੁਝ ਪੰਥ ਵਿਰੋਧੀ ਸ਼ਕਤੀਆਂ ਅੰਧ-ਵਿਸ਼ਵਾਸ ਫੈਲਾ ਕੇ ਧਨ ਦਾ ਲਾਲਚ ਦੇ ਕੇ ਗਰੀਬ ਸਿੱਖਾਂ ਨੂੰ ਧਰਮ ਬਦਲੀ ਕਰਵਾ ਰਹੀਆਂ ਸਨ। ਇਸੇ ਲਈ ਸਿੱਖ ਸੇਵਕ ਸੁਸਾਇਟੀ ਨੇ ਗੁਰਦੁਆਰੇ ਨੂੰ ਮੁੱਖ ਕੇਂਦਰ ਬਣਾ ਕੇ



ਪ੍ਰਚਾਰ ਤੇ ਪਿੰਡ ਨਿਵਾਸੀਆਂ ਦਾ ਕਾਇਆ ਕਲਪ ਕਰਨ ਦੀ ਮੁਹਿਮ ਸੰਭਾਲ ਲਈ ਹੈ। ਹੜ੍ਹਾਂ ਦੌਰਾਨ ਦਿੱਖ ਪੱਖੋਂ ਖਰਾਬ ਹੋਏ ਪਿੰਡ ਵਿਚ ਗੁਰਦੁਆਰੇ ਦੇ ਰੋਗਨ ਰੰਗ ਦੀ ਸੇਵਾ ਕੀਤੀ ਜਾ ਰਹੀ ਹੈ। ਬਾਕੀ ਸਫ਼ਾ 33 'ਤੇ

# ਗੁਰਦੁਆਰਾ ਸਾਹਿਬ ਫਰੀਮੌਂਟ ਦੀ ਜਨਰਲ ਬਾਡੀ ਮੀਟਿੰਗ

## 300 Gurdwara Road Fremont CA 94536

**24 ਨਵੰਬਰ, 2019 ਦਿਨ ਐਤਵਾਰ**

**ਸਮਾਂ : 12:00 ਤੋਂ 12:30 ਵਜੇ**

**ਸਥਾਨ : ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ**




ਸਾਧ ਸੰਗਤ ਜੀ,
ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫ਼ਤਿਹ

ਮੌਜੂਦਾ ਸੁਪਰੀਮ ਕੌਂਸਲ ਗੁਰਦੁਆਰਾ ਸਾਹਿਬ ਦੇ ਆਰਟੀਕਲ 2 ਮੁਤਾਬਕ ਸੇਵਾ ਨਹੀਂ ਨਿਭਾ ਰਹੇ, ਜਿਹੜੀ ਕਿ ਗੁਰਮਤਿ ਸਿਧਾਂਤ ਦੀ ਉਲੰਘਣਾ ਹੈ। ਇਹ ਸੁਪਰੀਮ ਕੌਂਸਲ ਦੀ ਜਗ੍ਹਾ ਨਵੀਂ ਸੁਪਰੀਮ ਕੌਂਸਲ ਮਾਰਚ 2020 ਤੱਕ ਚੁਣਨ ਦੀ ਤਜ਼ਵੀਜ਼ ਹੈ। ਸਾਡੇ ਵੱਲੋਂ ਗੁਰੂ ਗਰੰਥ ਸਾਹਿਬ ਅੱਗੇ ਪਰਚੀਆਂ ਪਾਕੇ ਜਾਂ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿੱਚ ਆਪਸੀ ਸਹਿਮਤੀ ਨਾਲ ਉਮੀਦਵਾਰ ਆਪਸ ਵਿੱਚ ਹੀ ਸੁਪਰੀਮ ਕੌਂਸਲ ਚੁਣ ਸਕਦੇ ਹਨ। ਜੇ ਕਿਸੇ ਸੰਗਤ ਮੈਂਬਰ ਕੋਲ ਕੋਈ ਹੋਰ ਤਜ਼ਵੀਜ ਹੋਵੇ ਤਾਂ ਵਿਚਾਰ ਹੋ ਸਕਦੀ ਹੈ। ਕੋਈ ਸੁਝਾਅ, ਤਜਵੀਜ਼ ਜਾਂ ਕੋਈ ਵੀ ਮੁੱਦਾ ਸੰਗਤ ਨਾਲ ਸਾਂਝਾ ਕਰਨ ਲਈ 17 ਨਵੰਬਰ ਤੱਕ ਭਾਈ ਜਸਵਿੰਦਰ ਸਿੰਘ ਜੰਡੀ ਨੂੰ ਲਿਖਤੀ ਤੌਰ 'ਤੇ ਬੇਨਤੀ ਕਰ ਸਕਦੇ ਹੋ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੇਨਤੀ ਹੈ ਕਿ 24 ਨਵੰਬਰ ਦਿਨ ਐਤਵਾਰ 12:00 ਤੋਂ 12:30 ਵਜੇ ਤੱਕ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿੱਚ ਜਨਰਲ ਬਾਡੀ ਕੀਤੀ ਜਾਵੇਗੀ। ਸਾਰੀ ਸੰਗਤ ਨੂੰ ਸਮੇਂ ਸਿਰ ਪੁੰਹਚਣ ਦੀ ਬੇਨਤੀ ਕੀਤੀ ਜਾਂਦੀ ਹੈ।

**ਵਲੋਂ : ਜਸਵਿੰਦਰ ਸਿੰਘ, ਪ੍ਰਧਾਨ ਅਤੇ ਸੁਪਰੀਮ ਕੌਂਸਲ ਮੈਂਬਰ**

**ਸੰਪਰਕ 510-584-7172**

# ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਨੂੰ ਸਦਮਾ

## *ਪਿਤਾ ਸ.ਕੁਲਦੀਪ ਸਿੰਘ ਚੰਡੋਕ ਦਾ ਅਕਾਲ ਚਲਾਣਾ*

**ਵਾਸ਼ਿੰਗਟਨ/ਰਾਜ ਗੋਗਨਾ :** ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ, ਸਾਊਥ ਏਸ਼ੀਅਨ ਕਮਿਸ਼ਨਰ ਰਾਸ਼ਟਰੀ ਟੀਮ ਮੈਂਬਰ ਰਿਪਬਲਿਕਨ (ਸਿੱਖ ਫਾਰ ਡੋਨਲਡ ਟਰੰਪ) ਦੇ ਪਿਤਾ ਕੁਲਦੀਪ ਸਿੰਘ ਚੰਡੋਕ ਦਾ ਬੀਤੇਂ ਦਿਨੀਂ ਮੈਰੀਲੈਂਡ ਅਮਰੀਕਾ ਦੇ ਇਕ ਹਸਪਤਾਲ ’ਚ ਦਿਹਾਂਤ ਹੋ ਗਿਆ। ਉਹ ਪਿਛਲੇ ਕਈ ਸਾਲਾਂ ਤੋਂ ਬਿਮਾਰ ਚਲ ਰਹੇ ਸਨ। ਸਵ: ਕੁਲਦੀਪ ਸਿੰਘ ਚੰਡੋਕ ਬੜੇ ਮਿਲਾਪੜੇ ਅਤੇ ਸਾਊ ਸੁਭਾਅ ਦੇ ਮਾਲਕ ਸਨ, ਜਿਨ੍ਹਾਂ ਨੇ ਸਾਰੀ ਉਮਰ ਆਪਣੇ ਬਲਬੂਤੇ ’ਤੇ ਜ਼ਿੰਦਗੀ ਨੂੰ ਜਿਉਣ ਦਾ ਅਮਰੀਕਾ ’ਚ ਸਬੱਬ ਬਣਾਇਆ ਸੀ। ਹਮੇਸ਼ਾ ਹਸੂੰ—ਹਸੂੰ ਕਰਦਾ ਚਿਹਰਾ ਅਤੇ ਮਜ਼ਾਕੀਆ ਸੁਭਾਅ ਜੋ ਦੂਸਰੇ ਦੀ ਪ੍ਰਤਿਭਾ ਨੂੰ ਮਾਫਕ ਸੀ। ਉਨ੍ਹਾਂ ਦੇ ਜੀਵਨ ਦੇ ਅਨੇਕਾਂ ਪਲ ਹਨ ਜਿਨ੍ਹਾਂ ਨੂੰ ਕਦੇ ਵੀ ਵਿਸਾਰਿਆ ਨਹੀਂ ਜਾ ਸਕਦਾ।



ਬੀਤੀ 15 ਨਵੰਬਰ 2019 ਨੂੰ ਅਮਰੀਕਾ ਦੇ ਸਮੇਂ ਮੁਤਾਬਕ ਸਵੇਰੇ 6:15 ਤੇ ਉਹ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਏ। ਇਸ ਦੁੱਖ ਦੀ ਘੜੀ ਵਿੱਚ ਜਸਦੀਪ ਸਿੰਘ ਜੱਸੀ ਹੁਰਾਂ ਦੇ ਪਰਿਵਾਰ ਨਾਲ ਦੁੱਖ ਵਿੱਚ ਸ਼ਰੀਕ ਹੋਣ ਵਾਲ਼ਿਆਂ ’ਚ ਸਾਜਿਦ ਤਰਾਰ ਮੁਸਲਿਮ ਫਾਰ ਟਰੰਪ, ਸਟੀਵ ਮਕੈਡਮ ਡਾਇਰੈਕਟਰ ਕਮਿਊਨਿਟੀ ਅਫੇਅਰ ਗਵਰਨਰ, ਲੈਰੀ ਹੋਗਨ ਗਵਰਨਰ ਮੈਰੀਲੈਂਡ, ਮੈਕਲਵ ਡਾਇਰੈਕਟਰ ਲੀ ਆਊਟ ਹੀਚ, ਡਾ. ਸੁਰਿੰਦਰ ਸਿੰਘ ਗਿੱਲ ਡਾਇਰੈਕਟਰ ਸਿੱਖਸ ਆਫ ਅਮਰੀਕਾ, ਬੀਬੀ ਰਾਜਿੰਦਰ ਕੌਰ ਗਿੱਲ, ਪਵਨ ਬੈਜਵਾੜਾ ਚੇਅਰਮੈਨ ਐੱਨ. ਸੀ. ਏ. ਅਮਰੀਕਾ, ਜੈ ਨਿਬਰ ਡਾਇਰੈਕਟਰ, ਇਸ਼ਟਦੀਪ ਕੌਰ ਐੱਚ.ਆਰ.ਡੀ. ਮੈਨੇਜਰ, ਬਲਜਿੰਦਰ ਸਿੰਘ ਸ਼ੰਮੀ ਪ੍ਰਧਾਨ ਐੱਨ.ਸੀ.ਏ, ਰਤਨ ਸਿੰਘ ਪ੍ਰਧਾਨ ਸਿੱਖ ਐਸੋਸੀਏਸ਼ਨ ਬਾਲਟੀਮੋਰ, ਹਰਬੰਸ ਸਿੰਘ ਖਾਲਸਾ, ਗੁਰਪ੍ਰੀਤ ਸਿੰਘ ਸੰਨੀ ਸਾਬਕਾ ਪ੍ਰਧਾਨ, ਸਰਬਜੀਤ ਸਿੰਘ ਢਿੱਲੋਂ, ਮਾਸਟਰ ਧਰਮ ਪਾਲ ਸਿੰਘ, ਜਸਵਿੰਦਰ ਸਿੰਘ, ਚੰਚਲ ਸਿੰਘ, ਜੱਸੀ ਧਾਲੀਵਾਲ, ਕੇ .ਕੇ ਸਿੱਧੂ ਅਤੇ ਸ਼ਵਿੰਦਰ ਸਿੰਘ ਪੰਨੂ ਤੋਂ ਇਲਾਵਾ ਸੈਂਕੜੇ ਲੋਕ ਉਹਨਾਂ ਦੇ ਨਿਵਾਸ ਸਥਾਨ ’ਤੇ ਪੁੱਜੇ।

ਸਵ: ਕੁਲਦੀਪ ਸਿੰਘ ਚੰਡੋਕ ਬੜੇ ਮਿਲਾਪੜੇ ਅਤੇ ਲੋਹ ਪੁਰਸ਼ ਸਨ, ਜਿਨ੍ਹਾਂ ਨੇ ਵਧੀਆ ਸੰਸਕਾਰਾਂ ਵਾਲਾ ਪਰਿਵਾਰ ਉਸਾਰਿਆ। ਸਾਡੀ ਵਾਹਿਗੁਰੂ ਅੱਗੇ ਅਰਦਾਸ ਹੈ ਉਨ੍ਹਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਜਸਦੀਪ ਸਿੰਘ ਜੱਸੀ ਨਾਲ ਦੁੱਖ ਸਾਂਝਾ ਕਰਨ ਲਈ ਆਪ ਫ਼ੋਨ ਨੰਬਰ 443-802-9553 ’ਤੇ ਸੰਪਰਕ ਕਰ ਸਕਦੇ ਹੋ।

# ਭਾਰਤੀ ਮੂਲ ਦੇ ਅਮਰੀਕੀ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ ਵਿਚ ਨਿਰੰਤਰ ਵਾਧਾ

**ਕੈਲੀਫੋਰਨੀਆ ਹੁਸਨ ਲੜੋਆ ਬੰਗਾ)-**

2017 ਤੋਂ ਬਾਅਦ ਭਾਰਤੀ ਮੂਲ ਦੇ ਅਮਰੀਕੀਆਂ ਵਿਰੁੱਧ ਨਫ਼ਰਤੀ ਅਪਰਾਧਾਂ ਵਿਚ ਵਾਧਾ ਹੋਇਆ ਹੈ। ਇਹ ਖੁਲਾਸਾ ਐਫ ਬੀ ਆਈ ਵੱਲੋਂ ਜਾਰੀ ਇਕ ਤਾਜ਼ਾ ਰਿਪੋਰਟ ਵਿਚ ਕੀਤਾ ਗਿਆ ਹੈ। ਸਿੱਖ ਹਲਕਿਆਂ ਵਿਚ ਇਸ ਰਿਪੋਰਟ ਨੂੰ ਸਹੀ ਨਹੀਂ ਸਮਝਿਆ ਜਾ ਰਿਹਾ। ਇਨ੍ਹਾਂ ਹਲਕਿਆਂ ਦਾ ਕਹਿਣਾ ਹੈ ਕਿ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ ਦੀ ਗਿਣਤੀ ਬਹੁਤ ਜਿਆਦਾ ਹੈ। ਸਿੱਖ ਅਮਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ (ਸਾਲਡੈਫ) ਦੇ ਕਮਿਊਨੀਕੇਸ਼ਨ ਡਾਇਰੈਕਟਰ ਗੁਜਾਰੀ ਸਿੰਘ ਨੇ ਇਸ ਰਿਪੋਰਟ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਐਫਬੀਆਈ ਦੇ ਯੂਨਾਈਟਿਡ ਕਰਾਈਮ ਰਿਪੋਰਟਿੰਗ ਪ੍ਰੋਗਰਾਮ ਤਹਿਤ 16000 ਤੋਂ ਵਧ ਲਾਅ ਇਨਫੋਰਸਮੈਂਟ ਤੇ ਹੋਰ ਏਜੰਸੀਆਂ ਨੂੰ ਨਫ਼ਰਤੀ ਅਪਰਾਧ ਦੇ ਅੰਕੜੇ ਦੇਣ ਲਈ ਕਿਹਾ ਗਿਆ ਸੀ, ਪਰ ਇਹ ਏਜੰਸੀਆਂ ਇਹ ਅੰਕੜੇ ਦੇਣ ਲਈ ਪਾਬੰਦ ਨਹੀਂ ਹਨ। ਇਸ ਲਈ ਨਫ਼ਰਤੀ ਅਪਰਾਧਾਂ ਦੇ ਜਾਰੀ ਅੰਕੜੇ ਠੀਕ ਨਹੀਂ ਹੋ ਸਕਦੇ। ਸਾਲਡੈਫ ਨੇ ਅਮਰੀਕੀ ਸਿੱਖਾਂ ਨੂੰ ਉਨ੍ਹਾਂ ਨਾਲ ਵਾਪਰਦੇ ਨਫ਼ਰਤੀ ਅਪਰਾਧਾਂ ਦੀ ਰਿਪਰੋਟ ਹਰ ਹਾਲਤ ਵਿਚ ਦਰਜ ਕਰਵਾਉਣ ਲਈ ਪ੍ਰੇਰਤ ਕੀਤਾ ਹੈ। ਸਿੱਖ ਕੁਲੀਸ਼ਨ ਅਨੁਸਾਰ ਸਿੱਖ ਤੀਸਰਾ ਭਾਈਚਾਰਾ ਹੈ ਜਿਸ ਉਪਰ ਸਭ ਤੋਂ ਵਧ ਨਫ਼ਰਤੀ ਹਮਲੇ ਹੁੰਦੇ ਹਨ।

2017 ਤੋਂ ਬਾਅਦ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ ’ਚ 200% ਦਾ ਵਾਧਾ ਹੋਇਆ ਹੈ। ਸਿੱਖ ਕੁਲੀਸ਼ਨ ਅਨੁਸਾਰ ਇਹ ਵੇਖਕੇ ਮਾਯੂਸੀ ਹੁੰਦੀ ਹੈ ਕਿ ਐਫ. ਬੀ.ਆਈ ਇਕ ਪਾਸੇ ਕਹਿੰਦੀ ਹੈ ਕਿ ਅਮਰੀਕਾ ਵਿਚ ਹਰ ਸਾਲ ਔਸਤ 2,50,000 ਘਟਨਾਵਾਂ ਨਫ਼ਰਤੀ ਅਪਰਾਧ ਦੀਆਂ ਹੁੰਦੀਆਂ ਹਨ, ਜਦ ਕਿ ਤਾਜਾ ਰਿਪੋਰਟ ਵਿਚ ਇਸ ਦੇ ਉਲਟ ਨਫ਼ਰਤੀ ਅਪਰਾਧਾਂ






ਦੀਆਂ ਕੇਵਲ 7120 ਘਟਨਾਵਾਂ ਹੋਣ ਦਾ ਇੰਕਸ਼ਾਫ ਕੀਤਾ ਗਿਆ ਹੈ। ਐਫ.ਬੀ.ਆਈ ਵੱਲੋਂ ਜਾਰੀ ਰਿਪੋਰਟ ਅਨੁਸਾਰ 2017 ਦੀ ਤੁਲਨਾ ਵਿਚ 2018 ਵਿਚ ਨਫ਼ਰਤੀ ਅਪਰਾਧਾਂ ਵਿਚ ਮਾਮੂਲੀ ਕਮੀ ਹੋਈ ਹੈ। 2017 ਵਿਚ ਨਫ਼ਰਤੀ ਅਪਰਾਧਾਂ ਦੀਆਂ 7175 ਘਟਨਾਵਾਂ ਵਾਪਰੀਆਂ ਸਨ। ਜਦ ਕਿ ਹਕੀਕਤ ਇਸ ਤੋਂ ਵੱਖਰੀ ਹੈ। 2017 ਵਿਚ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧ ਦੀਆਂ 60 ਘਟਨਾਵਾਂ ਹੋਈਆਂ ਜਿਨਾਂ ਵਿਚ 69 ਵਿਅਕਤੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਪਰ ਤਾਜ਼ਾ ਰਿਪੋਰਟ ਵਿਚ 20 ਘਟਨਾਵਾਂ ਵਾਪਰਨ ਦੀ ਹੀ ਗੱਲ ਕੀਤੀ ਗਈ ਹੈ ਜਿਨਾਂ ਵਿਚ 26 ਵਿਅਕਤੀਆਂ ਨੂੰ ਨਿਸ਼ਾਨਾ ਬਣਾਇਆ ਗਿਆ।

# ਭਾਰਤ ਤੇ ਅਮਰੀਕਾ ਵਿਚਾਲੇ ਰਖਿਆ ਖੇਤਰ ’ਚ ਅਹਿਮ ਸਮਝੌਤਾ ਅਗਲੇ ਮਹੀਨੇ ਸੰਭਵ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ-** ਭਾਰਤ ਤੇ ਅਮਰੀਕਾ ਵਿਚਾਲੇ ਅਗਲੇ ਮਹੀਨੇ ਹੋਣ ਵਾਲੀ ਮੀਟਿੰਗ ਵਿਚ ‘ਇੰਡਸਟਰੀਅਲ ਸਕਿਉਰਟੀ ਅਨੈਕਸ’ (ਆਈ.ਐਸ.ਏ) ਸਮਝੌਤੇ ਉਪਰ ਦਸਤਖਤ ਹੋਣ ਦੀ ਸੰਭਾਵਨਾ ਹੈ। ਇਹ ਸਮਝੌਤਾ ਹੋਣ ਨਾਲ ਦੋਨਾਂ ਦੇਸ਼ਾਂ ਵਿਚਾਲੇ ਰਖਿਆ ਖੇਤਰ ਵਿਚ ਸਹਿਯੋਗ ਹੋਰ ਮਜਬੂਤ ਹੋ ਜਾਵੇਗਾ। ਅਮਰੀਕੀ ਸਰਕਾਰ ਅਤੇ ਅਮਰੀਕੀ ਸਨਅਤਕਾਰ ਭਾਰਤ ਦੇ ਰਖਿਆ ਖੇਤਰ ਨਾਲ ਜੁੜੀਆਂ ਨਿੱਜੀ ਫਰਮਾਂ ਨਾਲ ਵਿਸ਼ੇਸ਼ ਜਾਣਕਾਰੀ ਸਾਂਝੀ ਕਰ ਸਕਣਗੇ। ਇਸ ਸਮੇਂ ਅਮਰੀਕਾ ਸਰਕਾਰ 17 ਸਾਲ ਪਹਿਲਾਂ ਹੋਏ ਸਮਝੌਤੇ ‘ਜਨਰਲ ਸਕਿਉਰਟੀ ਆਫ ਮਿਲਟਰੀ ਇਨਫਰਮੇਸ਼ਨ’ ਤਹਿਤ ਇਹ ਜਾਣਕਾਰੀ ਭਾਰਤ ਸਰਕਾਰ ਤੇ ਸਰਕਾਰੀ ਫਰਮਾਂ ਨਾਲ ਹੀ ਸਾਂਝਾ ਕਰ ਸਕਦੀ ਹੈ। ਜਾਣਕਾਰ ਸੂਤਰਾਂ ਅਨੁਸਾਰ ਇਹ ਮੀਟਿੰਗ 18 ਦਸੰਬਰ ਨੂੰ ਵਾਸ਼ਿੰਗਟਨ ਵਿਚ ਹੋਣ ਦੀ ਸੰਭਾਵਨਾ ਹੈ ਅਤੇ ਇਸ ਵਿਚ ਦੋਨਾਂ ਦੇਸ਼ਾਂ ਦੇ ਵਿਦੇਸ਼ ਅਤੇ ਰਖਿਆ ਮੰਤਰੀ ਸ਼ਾਮਲ ਹੋਣਗੇ। ਪਿਛਲੇ ਕਾਫ਼ੀ ਸਮੇਂ ਤੋਂ ਇਹ ਮੀਟਿੰਗ ਕਿਸੇ ਨਾ ਕਿਸੇ ਕਾਰਨ ਨਿਸਚਿਤ ਨਹੀਂ ਹੋ ਸਕੀ। ਇਸ ਸਬੰਧੀ ਇਕ ਮੀਟਿੰਗ ਪਿਛਲੇ ਸਾਲ ਸਤੰਬਰ ਮਹੀਨੇ ਵਿਚ ਨਵੀਂ ਦਿੱਲੀ ’ਚ ਹੋਈ ਸੀ। ਪਿਛਲੇ ਸਮੇਂ ਵਿਚ ਰਖਿਆ, ਸੁਰੱਖਿਆ ਤੇ ਰਣਨੀਤਿਕ ਮੁੱਦਿਆਂ ‘ਤੇ ਦੋਨਾਂ ਦੇਸ਼ਾਂ ਵਿਚਾਲੇ ਨਜ਼ਦੀਕੀਆਂ ਵਧੀਆਂ ਹਨ। ਪਿਛਲੇ ਤਿੰਨ ਸਾਲਾਂ ਦੌਰਾਨ ਫੌਜੀ ਸਹਿਯੋਗ ਮਜਬੂਤ ਕਰਨ ਲਈ ਦੋ ਬੁਨਿਆਦੀ ਸਮਝੌਤਿਆਂ ਨੂੰ ਨੇਪਰੇ ਚਾੜ੍ਹਨ ਉਪਰੰਤ ਭਾਰਤ ਅਤੇ ਅਮਰੀਕਾ ਰਖਿਆ ਖੇਤਰ ’ਚ ਸਨਅਤੀ ਸਹਿਯੋਗ ਵਧਾਉਣ ਲਈ ਨਵਾਂ ਸਮਝੌਤਾ ਕਰਨ ਦੇ ਨੇੜੇ ਪੁੱਜ ਗਏ ਹਨ। ਸੂਤਰਾਂ ਨੇ ਦੱਸਿਆ ਕਿ ਇਸ ਸਮਝੌਤੇ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ।

# ਫਰਿਜ਼ਨੋ ਵਿੱਚ ਗੋਲੀਬਾਰੀ ਦੌਰਾਨ 4 ਦੀ ਮੌਤ 6 ਗੰਭੀਰ ਜ਼ਖਮੀ

**ਫਰਿਜ਼ਨੋ/ਨੀਟਾ ਮਾਛੀਕੇ, ਕੁਲਵੰਤ ਧਾਲੀਆਂ :** ਇਥੇ ਇਕ ਮਕਾਨ ਦੇ ਪਿੱਛਲੇ ਪਾਸੇ ਫੁੱਟਬਾਲ ਮੈਚ ਦੇਖ ਰਹੇ ਲੋਕਾਂ ’ਤੇ ਐਤਵਾਰ ਨੂੰ ਹਮਲਾਵਰਾਂ ਨੇ ਗੋਲੀਬਾਰੀ ਕੀਤੀ। ਇਸ ਗੋਲੀਬਾਰੀ ਵਿਚ 4 ਵਿਅਕਤੀਆਂ ਦੀ ਮੌਤ ਹੋ ਗਈ ਅਤੇ 6 ਗੰਭੀਰ ਜ਼ਖਮੀ ਹੋ ਗਏ। ਪੁਲਿਸ ਮੁਤਾਬਕ ਗੋਲੀਬਾਰੀ ਮੌਕੇ ਘਰ ਵਿੱਚ ਤਕਰੀਬਨ 35 ਲੋਕ ਮੌਜੂਦ ਸਨ।

ਫਰਿਜ਼ਨੋ ਪੁਲਿਸ ਨੇ ਕਿਹਾ ਕਿ ਐਤਵਾਰ ਰਾਤ ਤਕਰੀਬਨ 8.30 ਵਜੇ ਸੀਜਰ ਐਵੀਨਿਊ ਨੇੜੇ ਈਸਟ ਲਾਮੋਨਾ ਐਵੀਨਿਊ ਦੇ 5300 ਬਲਾਕ ’ਤੇ ਇਕ ਘਰ ਦੇ ਪਿਛਲੇ ਹਿੱਸੇ ਵਿਚ 10 ਲੋਕਾਂ ਨੂੰ ਗੋਲੀ ਮਾਰ ਦਿੱਤੀ ਗਈ। ਫਰਿਜ਼ਨੋ ਦੇ ਉਪ ਪੁਲਿਸ ਪ੍ਰਮੁੱਖ ਮਾਈਕਲ ਰੀਡ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ,‘3 ਲੋਕਾਂ ਦੀ ਮੌਕੇ ’ਤੇ ਹੀ ਮੌਤ ਹੋ ਗਈ, ਚੌਥੇ ਵਿਅਕਤੀ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ, ਜਿਥੇ ਉਸ ਨੇ ਦਮ



ਤੋੜ ਦਿੱਤਾ। ਗੋਲੀਬਾਰੀ ਵਿਚ ਜ਼ਖਮੀ ਹੋਏ 6 ਲੋਕਾਂ ਦਾ ਇਲਾਜ ਚੱਲ ਰਿਹਾ ਹੈ।’ ਰੀਡ ਨੇ ਦੱਸਿਆ ਕਿ ਜ਼ਖਮੀਆਂ ਦੀ ਉਮਰ 25 ਤੋਂ 35 ਸਾਲ ਦੇ ਵਿਚਕਾਰ ਹੈ ਅਤੇ ਇਹ ਸਾਰੇ ਲੋਕ ਏਸ਼ੀਅਨ ਮੂਲ ਨਾਲ ਸਬੰਧਤ ਹਨ। ਉਨ੍ਹਾਂ ਨੇ ਕਿਹਾ,‘ਸਾਡੀ ਹਮਦਰਦੀ ਪੀੜਤਾਂ ਦੇ ਨਾਲ ਹੈ। ਅਸੀਂ ਅਪਰਾਧੀਆਂ ਨੂੰ ਜਲਦੀ ਗ੍ਰਿਫ਼ਤਾਰ ਕਰਕੇ ਸਖ਼ਤ ਸਜ਼ਾ ਦਿਵਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੇ ਹਾਂ।’

ਰੀਡ ਨੇ ਕਿਹਾ ਇਹ ਸਪੱਸ਼ਟ ਨਹੀਂ ਹੈ ਕਿ ਗੋਲੀਬਾਰੀ ਵਿਚ ਕਿੰਨੇ ਲੋਕ ਸ਼ਾਮਲ ਸਨ। ਉਨ੍ਹਾਂ ਨੇ ਦੱਸਿਆ ਕਿ ਇਸ ਗੱਲ ਦਾ ਕੋਈ ਸੰਕੇਤ ਨਹੀਂ ਹੈ ਕਿ ਇਹ ਹਮਲਾ ਗਿਰੋਹ ਨਾਲ ਸਬੰਧਤ ਸੀ। ਪੁਲਿਸ ਬੁਲਾਰੇ ਬਿਲ ਡੂਲੇ ਨੇ ਦੱਸਿਆ ਕਿ ਅਧਿਕਾਰੀ ਸ਼ੱਕੀਆਂ ਦਾ ਪਤਾ ਲਗਾਉਣ ਲਈ ਸੀ.ਸੀ.ਟੀ.ਵੀ. ਫੁਟੇਜ ਅਤੇ ਗਵਾਹਾਂ ਦਾ ਪਤਾ ਲਗਾਉਣ ਵਿਚ ਜੁਟੀ ਹੋਈ ਹੈ। ਫਰਿਜ਼ਨੋ ਪੁਲਿਸ ਲੈਫਟੀਨੈਂਟ ਬਿਲ ਡੂਲੇ ਨੇ ਕਿਹਾ ਕਿ ਇਹ ਇਕ ਵੱਡਾ ਹਾਦਸਾ ਹੈ। ਉਨ੍ਹਾਂ ਨੇ ਦੱਸਿਆ ਕਿ ਜਦੋਂ ਪੁਲਿਸ ਅਧਿਕਾਰੀ ਮੌਕੇ ’ਤੇ ਪਹੁੰਚੇ ਤਾਂ ਹਮਲਾਵਰ ਇਸ ਘਟਨਾ ਨੂੰ ਅੰਜਾਮ ਦੇ ਚੁੱਕੇ ਸਨ। ਡੂਲੇ ਨੇ ਕਿਹਾ ਕਿ ਅਣਪਛਾਤੇ ਹਮਲਾਵਰ ਗੋਲੀਬਾਰੀ ਕਰਨ ਬਾਅਦ ਮੌਕੇ ਤੋਂ ਫਰਾਰ ਹੋ ਗਏ। ਘਟਨਾ ਵਾਲੀ ਥਾਂ ਦੇ ਨੇੜੇ ਰਹਿਣ ਵਾਲੇ ਚੌਆ ਕਾਂਗ ਨੇ ਦੱਸਿਆ ਕਿ ਪਿਛਲੇ ਕੁਝ ਦਿਨਾਂ ਵਿਚ ਇੱਥੇ ਗੋਲੀਬਾਰੀ ਦੀ ਇਹ ਦੂਜੀ ਘਟਨਾ ਹੈ।

### *ਕੋਟਕਪੂਰਾ ਗੋਲੀ ਕਾਂਡ ਮਾਮਲਾ*

# ਉਮਰਾਨੰਗਲ ਦੀਆਂ ਦਰਖਾਸਤਾਂ ਖ਼ਾਰਜ

**ਫ਼ਰੀਦਕੋਟ/ਏ.ਟੀ. ਨਿਊਜ਼ :** ਕੋਟਕਪੂਰਾ ਗੋਲੀ ਕਾਂਡ ਸਬੰਧੀ ਆਈਜੀ ਪਰਮਰਾਜ ਸਿੰਘ ਉਮਰਾਨੰਗਲ ਵਲੋਂ ਵਿਸ਼ੇਸ਼ ਜਾਂਚ ਟੀਮ ਖਿਲਾਫ਼ ਕਾਰਵਾਈ ਦੀ ਮੰਗ ਸਬੰਧੀ ਦਿੱਤੀਆਂ ਦਰਖਾਸਤਾਂ ਨੂੰ ਅਦਾਲਤ ਨੇ ਖਾਰਜ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ ਕੋਟਕਪੂਰਾ ਗੋਲੀ ਕਾਂਡ ਸਬੰਧੀ ਅਦਾਲਤ ਵਿੱਚ ਦੋਸ਼ ਪੱਤਰ ਪੇਸ਼ ਕੀਤੇ ਜਾਣ ਤੋਂ ਬਾਅਦ ਆਈਜੀ ਉਮਰਾਨੰਗਲ ਨੇ ਵਿਸ਼ੇਸ਼ ਜਾਂਚ ਟੀਮ ਦੀ ਜਾਂਚ ਪ੍ਰਕਿਰਿਆ ’ਤੇ ਸਵਾਲ ਉਠਾਉਂਦਿਆਂ ਅਦਾਲਤ ਵਿੱਚ ਲਿਖਤੀ ਦਰਖ਼ਾਸਤ ਦੇ ਕੇ ਜਾਂਚ ਟੀਮ ਖਿਲਾਫ਼ ਕਾਰਵਾਈ ਦੀ ਮੰਗ ਕੀਤੀ ਸੀ। ਇਸ ਤੋਂ ਇਲਾਵਾ ਉਮਰਾਨੰਗਲ ਨੇ ਅਦਾਲਤ ਰਾਹੀਂ ਜਾਂਚ ਟੀਮ ਤੋਂ ਕੁਝ ਦਸਤਾਵੇਜ਼ਾਂ ਦੀ ਵੀ ਮੰਗ ਕੀਤੀ ਸੀ। ਸੈਸ਼ਨ ਜੱਜ ਹਰਪਾਲ ਸਿੰਘ ਨੇ ਇਨ੍ਹਾਂ ਦਰਖਾਸਤਾਂ ’ਤੇ ਬਹਿਸ ਸੁਣੀ। ਵਿਸ਼ੇਸ਼ ਜਾਂਚ ਟੀਮ ਵੱਲੋਂ ਪੇਸ਼ ਹੋਏ ਜ਼ਿਲ੍ਹਾ ਅਟਾਰਨੀ ਰਜਨੀਸ਼ ਗੋਇਲ ਨੇ ਕਿਹਾ ਕਿ ਜਾਂਚ ਟੀਮ ਨੇ ਨਿਰਪੱਖ ਤਰੀਕੇ ਨਾਲ ਪੜਤਾਲ ਕੀਤੀ ਹੈ ਤੇ ਹਾਲ ਦੀ ਘੜੀ ਮੁਲਜ਼ਮ ਵਜੋਂ ਨਾਮਜ਼ਦ ਹੋਏ ਪੁਲੀਸ ਅਧਿਕਾਰੀਆਂ ਨੂੰ ਪੁਲੀਸ ਦੀ ਜਾਂਚ ਰਿਪੋਰਟ ਉੱਪਰ ਇਤਰਾਜ਼ ਕਰਨ ਦਾ ਅਧਿਕਾਰ ਨਹੀਂ ਹੈ।



**ਬਾਕੀ ਸਫ਼ਾ 33 ’ਤੇ**

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
‘Jus Punjabi TV’ & Face Book Every Saturday 09:00 AM, Live on ‘Jus Punjabi TV’ Sunday 4:00 A.M.

# ਮਨਟੀਕਾ ਵਿੱਚ ਗੁਰੂ ਨਾਨਕ ਪਾਤਿਸ਼ਾਹ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਹਿਲਾ ਨਗਰ ਕੀਰਤਨ

ਮਨਟੀਕਾ/ਏ.ਟੀ. ਨਿਊਜ਼ : ਕੈਲੇਫੋਰਨੀਆਂ ਦੇ ਮਨਟੀਕਾ ਸ਼ਹਿਰ ਵਿੱਚ ਗੁਰੂ ਨਾਨਕ ਪਾਤਿਸ਼ਾਹ ਦੇ 550ਵੇਂ ਪ੍ਰਕਾਸ਼ ਪੁਰਬ ਦੀ ਯਾਦ ਵਿੱਚ ਪਹਿਲੀ ਵਾਰ ਗੁਰਦੁਆਰਾ ਸਾਹਿਬ ਮਨਟੀਕਾ ਵੱਲੋਂ ਵਿਸ਼ਾਲ ਨਗਰ ਕੀਰਤਨ ਕੱਢਿਆ ਗਿਆ। ਇਸ ਨਗਰ ਕੀਰਤਨ ਵਿਚ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤ ਨੇ ਸ਼ਮੂਲੀਅਤ ਕੀਤੀ। ਨਗਰ ਕੀਰਤਨ ਦੀ ਸ਼ੁਰੂਆਤ ਭਾਈ ਸਾਹਿਬ ਵੱਲੋਂ ਅਰਦਾਸ ਕਰਕੇ ਕੀਤੀ ਗਈ।















# ਨਾਨਕਸ਼ਾਹੀ ਕੈਲੰਡਰ ਰੱਦ ਕਰਨਾ ਸਿੱਖ ਕੌਮ ਨੂੰ ਢਾਹ ਲਾਉਣ ਦਾ ਯਤਨ: ਪੁਰੇਵਾਲ

## *ਰਜਿੰਦਰ ਸਿੰਘ ਪੁਰੇਵਾਲ ਨੇ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਨਾਲ ਹੀ ਸਿੱਖ ਪੰਥ ਦੀ ਵਿਲੱਖਣਤਾ ਉਜਾਗਰ ਹੋਵੇਗੀ*



**ਅੰਮ੍ਰਿਤਸਰ/ਏ.ਟੀ. ਨਿਊਜ਼ :** ਨਾਨਕਸ਼ਾਹੀ ਕੈਲੰਡਰ ਦੇ ਰਚੇਤਾ ਪਾਲ ਸਿੰਘ ਪੁਰੇਵਾਲ ਨੇ ਇੱਥੇ ਸਿੱਖ ਸੰਗਤ ਰੂ-ਬ-ਰੂ ਹੁੰਦਿਆਂ ਆਖਿਆ ਕਿ ਇਸ ਕੈਲੰਡਰ ਨੂੰ ਰੱਦ ਕਰ ਕੇ ਸਿੱਖਾਂ ਦੀ ਵੱਖਰੀ ਪਛਾਣ ਨੂੰ ਢਾਹ ਲਾਉਣ ਦਾ ਯਤਨ ਕੀਤਾ ਗਿਆ ਹੈ। ਐਸ ਐਸ ਐਸ ਐਸ ਮਾਡਰਨ ਸਕੂਲ ਦੇ ਵਿਹੜੇ ਵਿਚ ਅਕਾਲ ਪੁਰਖ ਕੀ ਫ਼ੌਜ ਤੇ ਪੰਥਕ ਤਾਲਮੇਲ ਸੰਗਠਨ ਸਿੱਖ ਜਥੇਬੰਦੀਆਂ ਵੱਲੋਂ ਰੂ-ਬ-ਰੂ ਪ੍ਰੋਗਰਾਮ ਕਰਵਾਇਆ ਗਿਆ। ਉਨ੍ਹਾਂ ਆਖਿਆ ਕਿ ਨਾਨਕਸ਼ਾਹੀ ਕੈਲੰਡਰ ਲਾਗੂ ਹੋਣ ਨਾਲ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਮਾਨਤਾ ਮਿਲੀ ਸੀ ਤੇ ਐਸ ਸਿੱਖਾਂ ਨੂੰ ਹਿੰਦੂਵਾਦ ਵਿਚ ਜਜ਼ਬ ਕਰਨ ਦੇ ਯਤਨਾਂ ਨੂੰ ਰੋਕ ਲੱਗੀ ਸੀ। ਉਨ੍ਹਾਂ ਆਖਿਆ ਕਿ 2003 ਵਿੱਚ ਸਮੁੱਚੀ ਕੌਮ ਦੀ ਮਾਨਤਾ ਨਾਲ ਲਾਗੂ ਕੀਤੇ ਗਏ ਇਸ ਕੈਲੰਡਰ ਨੂੰ ਜਨਵਰੀ 2010 ਵਿਚ ਮੁੜ ਬਿਕਰਮੀ ਕੈਲੰਡਰ ਵਿਚ ਰਲਗੱਡ ਕਰ ਕੇ ਇਸ ਦੀ ਹੋਂਦ ਖ਼ਤਮ ਕਰਨ ਦਾ ਯਤਨ ਕੀਤਾ ਗਿਆ। ਉਨ੍ਹਾਂ ਆਖਿਆ ਕਿ ਮੂਲ ਨਾਨਕਸ਼ਾਹੀ ਕੈਲੰਡਰ ਰੱਦ ਕੀਤੇ ਜਾਣ ਕਾਰਨ ਵਿਸ਼ਵ ਦੇ ਵੱਖ ਵੱਖ ਮੁਲਕਾਂ ਵਿਚ ਵੱਸਦੇ ਸਿੱਖਾਂ ਵਿਚ ਰੋਸ ਲਗਾਤਾਰ ਵਧ ਰਿਹਾ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਸ ਸਬੰਧੀ ਵਧਦੇ ਦਬਾਅ ਹੇਠ ਇਕ ਵਾਰ ਮੁੜ ਸ਼੍ਰੋਮਣੀ ਕਮੇਟੀ ਨੂੰ ਇਹ ਕੈਲੰਡਰ ਲਾਗੂ ਕਰਨਾ ਪਵੇਗਾ। ਜੇ ਅਜਿਹਾ ਨਾ ਹੋਇਆ ਤਾਂ ਸ਼੍ਰੋਮਣੀ ਕਮੇਟੀ ਅਲੱਗ ਥਲੱਗ ਪੈ ਜਾਵੇਗੀ। ਉਨ੍ਹਾਂ ਦਾਅਵਾ ਕੀਤਾ ਕਿ ਵਿਦੇਸ਼ਾਂ ਵਿਚ 70 ਫ਼ੀਸਦੀ ਗੁਰਦੁਆਰਾ ਕਮੇਟੀਆਂ ਨੇ ਮੂਲ ਨਾਨਕਸ਼ਾਹੀ ਕੈਲੰਡਰ ਅਪਣਾਇਆ ਹੋਇਆ ਹੈ।

ਇਸ ਮੌਕੇ ਉਨ੍ਹਾਂ ਆਖਿਆ ਕਿ ਇਸ ਨੂੰ ਤਿਆਰ ਕਰਨ ਵਿਚ ਕਈ ਦਹਾਕੇ ਲੱਗੇ ਸਨ। ਉਨ੍ਹਾਂ ਦਾਅਵਾ ਕੀਤਾ ਕਿ 1964 ਤੋਂ ਪਹਿਲਾਂ ਵਧੇਰੇ ਕੈਲੰਡਰਾਂ ਵਿਚ ਸੂਰਜੀ ਸਿਧਾਂਤ ਹੀ ਮੰਨਿਆ ਜਾਂਦਾ ਸੀ, ਜੋ ਨਾਨਕਸ਼ਾਹੀ ਕੈਲੰਡਰ ਵਿਚ ਅਪਣਾਇਆ ਗਿਆ ਸੀ। 1964 ਤੋਂ ਬਾਅਦ ਇਸ ਸਿਧਾਂਤ ਵਿਚ ਤਰੁੱਟੀਆਂ ਦਸਦਿਆਂ ਇਕ ਧਰਮ ਨੇ ਇਹ ਸਿਧਾਂਤ ਛੱਡ ਦਿੱਤਾ। ਉਨ੍ਹਾਂ ਆਖਿਆ ਕਿ ਜਦੋਂ ਇਹ ਸਿਧਾਂਤ ਛੱਡਿਆ ਗਿਆ, ਉਸ ਵੇਲੇ ਹਿੰਦੂ-ਸਿੱਖਾਂ ਦਾ ਇਕ ਕੈਲੰਡਰ ਹੋਣ ਦਾ ਦਾਅਵਾ ਕਰਨ ਵਾਲਿਆਂ ਨੇ ਇਸ ਸਬੰਧੀ ਸਿੱਖ ਭਾਈਚਾਰੇ ਨਾਲ ਸਲਾਹ ਤਕ ਨਹੀਂ ਸੀ ਕੀਤੀ। ਉਨ੍ਹਾਂ ਕਿਹਾ ਕਿ ਵਧੇਰੇ ਧਰਮਾਂ ਦੇ ਵੱਖ-ਵੱਖ ਕੈਲੰਡਰ ਹੋਣ ਕਾਰਨ ਹੀ ਉਨ੍ਹਾਂ ਨੇ ਵੀ ਸਿੱਖ ਕੌਮ ਲਈ ਵੱਖਰਾ ਕੈਲੰਡਰ ਬਣਾਉਣ ਦਾ ਯਤਨ ਕੀਤਾ ਸੀ। ਇਸ ਵਿਚ ਵਧੇਰੇ ਗੁਰਪੁਰਬਾਂ ਤੇ ਹੋਰ ਦਿਨ ਤਿਉਹਾਰਾਂ ਦੀਆਂ ਤਰੀਕਾਂ ਪੱਕੀਆਂ ਕਰ ਦਿੱਤੀਆਂ ਸਨ ਤਾਂ ਜੋ ਸਿੱਖ ਬੱਚਿਆਂ ਨੂੰ ਇਹ ਤਰੀਕਾਂ ਹਮੇਸ਼ਾਂ ਯਾਦ ਰਹਿ ਸਕਣ।

ਇਸ ਮੌਕੇ ਸ. ਰਜਿੰਦਰ ਸਿੰਘ ਪੁਰੇਵਾਲ ਚੇਅਰਮੈਨ ਪੰਜਾਬ ਟਾਈਮਜ਼ ਯੂਕੇ ਤੇ ਚੇਅਰਮੈਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਕਿਹਾ ਕਿ ਮੂਲ ਨਾਨਕਸ਼ਾਹੀ ਕੈਲੰਡਰ ਨਾਲ ਹੀ ਸਿੱਖ ਪੰਥ ਦੀ ਵਿਲੱਖਣਤਾ ਹੋਰ ਉਜਾਗਰ ਹੋਵੇਗੀ। ਜਿਸ ਕੈਲੰਡਰ ਦੀਆਂ ਤਰੀਖਾਂ ਹਰ ਸਾਲ ਬਦਲਣੀਆਂ ਪੈਣ ਉਸ ਕੈਲੰਡਰ ਨੂੰ ਅਪਨਾਇਆ ਹੀ ਕਿਉਂ ਜਾਵੇ? ਨਾਨਕਸ਼ਾਹੀ ਕੈਲੰਡਰ ਦੇ ਸਾਰੇ ਮਹੀਨਿਆਂ ਦੇ ਦਿਨਾਂ ਦੀ ਗਿਣਤੀ ਪੱਕੇ ਤੌਰ 'ਤੇ ਪਹਿਲੇ ਪੰਜ ਮਹੀਨੇ 31-31 ਦਿਨਾਂ ਦੇ, ਪਿਛਲੇ 7 ਮਹੀਨੇ 30-30 ਦਿਨਾਂ ਦੇ / (ਲੀਪ ਦੇ ਸਾਲ ਵਿੱਚ ਅਖੀਰਲਾ ਫੱਗਣ ਮਹੀਨਾ 31 ਦਿਨਾਂ ਦਾ) ਨਿਸ਼ਚਿਤ ਕੀਤੇ ਗਏ ਸਨ ਜਿਸ ਨਾਲ ਜਿੱਥੇ ਸਾਰੇ ਇਤਿਹਾਸਕ ਦਿਹਾੜੇ ਹਮੇਸ਼ਾਂ ਲਈ ਨਿਰਧਾਰਿਤ ਤਰੀਖਾਂ ਨੂੰ ਆਉਣ ਲੱਗੇ ਸੀ, ਉੱਥੇ ਇਸ ਦੇ ਮਹੀਨੇ ਮੌਸਮਾਂ ਨਾਲ ਵੀ ਜੁੜੇ ਹੋਏ ਸਨ, ਇਸ ਲਈ ਹੀ ਨਾਨਕਸ਼ਾਹੀ ਕੈਲੰਡਰ ਸਮੇਂ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਸੰਤ ਸਮਾਜ ਦੇ ਆਗੂਆਂ ਨੂੰ ਗੁਰਬਾਣੀ ਅਤੇ ਖੁਗੋਲ ਵਿਗਿਆਨ ਦੀਆਂ ਹਾਲੀ ਹੋਰ ਬਹੁਤ ਸਾਰੀਆਂ ਪੁਸਤਕਾਂ ਪੜ੍ਹਨ ਦੀ ਲੋੜ ਹੈ ਤਾਂ ਕਦੀ ਜਾ ਕੇ ਅੰਤਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਤੇ ਕਈ ਯੂਨੀਵਰਸਿਟੀਆਂ ਤੋਂ ਅਵਾਰਡ ਹਾਸਲ ਕਰਨ ਵਾਲੇ ਖੁਗੋਲ ਵਿਗਿਆਨੀ ਪੁਰੇਵਾਲ ਵੱਲੋਂ ਕੀਤੀ ਮਿਹਨਤ ਨੂੰ ਸਮਝਣ ਦੇ ਸਮਰਥ ਹੋ ਸਕਦੇ ਹਨ ਪਰ ਜਿਸ ਤਰ੍ਹਾਂ ਉਹ ਬੜੇ ਦਾਅਵੇ ਨਾਲ ਬੇਬੁਨਿਆਦ ਦੋਸ਼ ਲਾ ਰਹੇ ਹਨ ਕਿ "ਪੁਰੇਵਾਲ ਆਪਣੇ ਅਧੂਰੇ ਗਿਆਨ ਦੇ ਆਸਰੇ ਐਸਟ੍ਰੋਨੌਮੀ ਬਾਰੇ ਤਾਂ ਗ਼ਲਤ-ਬਿਆਨੀਆਂ ਕਰ ਹੀ ਰਹੇ ਹਨ, ਗੁਰਬਾਣੀ ਅਰਥਾਂ ਵਿੱਚ ਵੀ ਆਪਣਾ ਅਧੂਰਾ ਗਿਆਨ ਫਿੱਟ ਕਰਕੇ ਗੁਰਬਾਣੀ ਸੰਦੇਸ਼ ਦੀ ਗਲਤ ਵਿਆਖਿਆ ਕਰ ਰਹੇ ਹਨ।"

ਇਸ ਮੌਕੇ ਹਰਭਜਨ ਸਿੰਘ ਦਈਆ, ਗਿਆਨੀ ਕੇਵਲ ਸਿੰਘ, ਜਸਵਿੰਦਰ ਸਿੰਘ ਐਡਵੋਕੇਟ, ਡਾ: ਸੁਖਪ੍ਰੀਤ ਸਿੰਘ ਉਦੋਕੇ, ਜਥੇਦਾਰ ਸਤਨਾਮ ਸਿੰਘ ਖੰਡਾ ਪੰਜ ਪਿਆਰੇ, ਦਲ਼ ਖਾਲਸਾ-ਕੰਵਰਪਾਲ ਸਿੰਘ, ਆਰਟਿਸਟ ਸਾਹਿਬ ਸਿੰਘ।

# ਜਲੰਧਰ 'ਚ ਹੋ ਰਹੀ ਸੀਨੀਅਰ ਨੈਸ਼ਨਲ ਕੁਸ਼ਤੀ ਚੈਂਪੀਅਨਸ਼ਿਪ ਵਿਚ ਪਰਵਾਸੀ ਪੰਜਾਬੀਆਂ ਨੂੰ ਪਹੁੰਚਣ ਲਈ ਖੁੱਲ੍ਹਾ ਸੱਦਾ



**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੀਨੀਅਰ ਨੈਸ਼ਨਲ ਕੁਸ਼ਤੀ ਚੈਂਪੀਅਨਸ਼ਿਪ ਜਲੰਧਰ ਦੇ ਪੀਏਪੀ ਇੰਡੋਰ ਸਟੇਡੀਅਮ ਵਿਚ 29 ਨਵੰਬਰ ਤੋਂ ਪਹਿਲੀ ਦਸੰਬਰ ਤੱਕ ਪੰਜਾਬ ਕੁਸ਼ਤੀ ਸੰਸੈਥਾ ਵਲੋਂ ਕਰਵਾਈ ਜਾ ਰਹੀ ਹੈ, ਜਿਸ ਵਿਚ ਭਾਰਤ ਭਰ ਤੋਂ 1400 ਤੋਂ ਵੱਧ ਪਹਿਲਵਾਨ ਅਤੇ ਨੁਮਾਇੰਦੇ ਪਹੁੰਚ ਰਹੇ ਹਨ। ਇਸ ਚੈਂਪੀਅਨਸ਼ਿਪ ਵਿਚ ਪਰਵਾਸੀ ਪੰਜਾਬੀਆਂ ਨੂੰ ਪਹੁੰਚਣ ਦਾ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ। ਪੰਜਾਬ ਕਸ਼ਤੀ ਸੰਸਥਾ ਦੇ ਪ੍ਰਧਾਨ ਅਤੇ ਪ੍ਰਬੰਧਕੀ ਸਕੱਤਰ ਕਰਤਾਰ ਸਿੰਘ ਪਹਿਲਵਾਨ ਨੇ ਦਸਿਆ ਕਿ ਦੇਸ਼ ਭਰ ਤੋਂ ਫਰੀ ਸਟਾਈਲ (ਲੜਕੇ ਲੜਕੀਆਂ) ਅਤੇ ਗ੍ਰੀਕੋ ਰੋਮਨ ਸਟਾਈਲ ਵਿਚ 29-30 ਨਵੰਬਰ ਅਤੇ ਪਹਿਲੀ ਦਸੰਬਰ ਨੂੰ ਆਪਣੀ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਗੇ, ਜਿਥੇ ਦੇਸ਼-ਵਿਦੇਸ਼ ਤੋਂ ਕੁਸ਼ਤੀ ਪ੍ਰੇਮੀ ਕੁਸ਼ਤੀਆਂ ਦਾ ਆਨੰਦ ਮਾਣ ਸਕਣਗੇ। ਇਸ ਚੈਂਪੀਅਨਸ਼ਿਪ ਦਾ ਟੀ.ਵੀ. ਰਾਹੀਂ ਸਿੱਧਾ ਪ੍ਰਸਾਰਨ ਅਤੇ ਪ੍ਰੈਸ ਮੀਡੀਆ ਰਾਹੀਂ ਪ੍ਰਸਾਰਨ ਕੀਤਾ ਜਾਵੇਗਾ। ਇਸ ਕੁਸ਼ਤੀ ਚੈਂਪੀਅਨਸ਼ਿਕ ਕਰਵਾਉਣ ਨਾਲ ਕੁਸ਼ਤੀ ਦਾ ਪ੍ਰਚਾਰ ਅਤੇ ਪ੍ਰਸਾਰ ਹੋਵੇਗਾ ਅਤੇ ਨਵੀਂ ਪਨੀਰੀ ਨੂੰ ਪ੍ਰੇਰਨਾ ਅਤੇ ਉਤਸ਼ਾਹ ਮਿਲੇਗਾ। ਇਸ ਮੌਕੇ ਸਿਆਟਲ ਦੇ ਖੇਡ-ਪ੍ਰੇਮੀਆਂ ਨੇ ਇਸ ਚੈਂਪੀਅਨਸ਼ਿਪ ਨੂੰ ਉਤਸ਼ਾਹਿਤ ਕਰਨ ਅਤੇ ਸਹਿਯੋਗ ਦੇਣ ਦਾ ਵਾਅਦਾ ਕੀਤਾ। ਸਿਆਟਲ ਦੇ ਖੇਡ ਪ੍ਰੇਮੀਆਂ ਵਲੋਂ ਵਿਸ਼ਵ ਚੈਂਪੀਅਨ ਰੁਸਤਮ-ਏ-ਹਿੰਦ ਕਰਤਾਰ ਸਿੰਘ ਨੂੰ ਫੁੱਲਾਂ ਦਾ ਗੁਲਦਸਤਾ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- Excellent Payment
- Easy Aboard ELD Logbook



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

MC NO. # 464630

3096 Farrar Ave Modesto, CA 95354

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE: 209.537.0975 FAX: 209.537.0375

# ਸਿੱਖਸ ਆਫ ਅਮਰੀਕਾ ਨੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਕਰਤਾਰਪੁਰ ਮੁਫ਼ਤ ਸੇਵਾ ਲਾਂਘੇ ਸਬੰਧੀ ਦਿੱਤਾ ਮੰਗ ਪੱਤਰ

**ਦਮਦਮਾ ਸਾਹਿਬ, ਤਲਵੰਡੀ ਸਾਬੋ/ਏ.ਟੀ. ਨਿਊਜ਼ :** ਸਿੱਖਸ ਆਫ ਅਮਰੀਕਾ ਕਰਤਾਰਪੁਰ ਕੋਰੀਡੋਰ ਰਾਹੀਂ ਨਾਨਕ ਨਾਮ ਲੇਵਾ ਸੰਗਤਾਂ ਨੂੰ ਮੁਫਤ ਸੇਵਾ ਦੇਣ ਸਬੰਧੀ ਤਖਤ ਸ੍ਰੀ ਦਮਦਮਾ ਸਾਹਿਬ ਦਫਤਰ ਦੀ ਭਾਲ ਵਿੱਚ ਹੈ। ਜਿਸ ਸਬੰਧੀ ਇੱਕ ਪੱਤਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਸੌਂਪਿਆ ਗਿਆ ਹੈ। ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀਆਂ ਹਦਾਇਤਾਂ ਤੇ ਸਕੱਤਰ ਵਲੋਂ ਸਾਰੇ ਇਤਿਹਾਸਕ ਗੁਰੂਘਰਾਂ ਦੇ ਮੈਨੇਜਰਾਂ ਨੂੰ ਸਰਕੂਲਰ ਭੇਜ ਦਿੱਤਾ ਗਿਆ ਹੈ। ਇਸ ਸਬੰਧੀ ਗੁਰੂਘਰਾਂ ਵਿੱਚ ਸਪੀਕਰ ਰਾਹੀਂ ਅਨਾਊਂਸਮੈਂਟਾਂ ਵੀ ਕਰਵਾ ਰਹੇ ਹਾਂ। ਜਿਹੜੀਆਂ ਵੀ ਨਾਨਕ ਨਾਮ ਲੇਵਾ ਸੰਗਤਾਂ ਕਰਤਾਰਪੁਰ ਸਾਹਿਬ ਜਾਣਾ ਚਾਹੁੰਦੀਆ ਹਨ, ਉਨ੍ਹਾਂ ਨੂੰ ਗੁਰੂ ਘਰਾਂ ਦੇ ਰਿਕਾਰਡ ਕੀਪਰ ਤੇ ਕੰਪਿਊਟਰ ਟਾਈਪਿਸਟ ਮੁਫਤ ਫਾਰਮ ਭਰਨ ਦੀ ਸੇਵਾ ਪ੍ਰਦਾਨ ਕਰਨਗੇ। ਪ੍ਰਵਾਨਗੀ ਆਉਣ ਉਪਰੰਤ 50-50 ਦਾ ਜਥਾ ਬੱਸਾਂ ਰਾਹੀਂ ਡੇਰਾ ਬਾਬਾ ਨਾਨਕ ਤੱਕ ਭੇਜਿਆ ਜਾਵੇਗਾ। ਇਸ ਗੱਲ ਦਾ ਪ੍ਰਗਟਾਵਾ ਸਿੰਘ ਸਾਹਿਬ ਜੀ ਨੇ ਮਿਲਣ ਉਪਰੰਤ ਡਾ. ਸੁਰਿੰਦਰ ਸਿੰਘ ਗਿੱਲ ਡਾਇਰੈਕਟਰ ਸਿੱਖਸ ਆਫ ਅਮਰੀਕਾ ਨੇ ਕੀਤਾ ਹੈ।

ਡਾ. ਸੁਰਿੰਦਰ ਸਿੰਘ ਗਿੱਲ ਡਾਇਰੈਕਟਰ ਸਿੱਖਸ ਆਫ ਅਮਰੀਕਾ ਨੇ ਕਿਹਾ ਕਿ ਉਹ ਜਿੰਨਾ ਚਿਰ ਦਮਦਮਾ ਸਾਹਿਬ ਹਨ।ਉਹ ਰੋਜ਼ਾਨਾ ਰਜਿਸਟ੍ਰੇਸ਼ਨ ਕਰਵਾਉਣ ਵਾਲੀਆਂ ਸੰਗਤਾਂ ਦੀ ਸੂਚੀ ਪ੍ਰਾਪਤ ਕਰਿਆ ਕਰਨਗੇ। ਜੇਕਰ ਕੋਈ ਖਾਮੀ ਦੇਖੀ ਗਈ ਤਾਂ ਉਹ ਪ੍ਰਾਈਵੇਟ ਤੌਰ ਤੇ ਮੁਫਤ ਸੇਵਾ ਕਰਤਾਰਪੁਰ ਲਾਂਘਾ ਦਫਤਰ ਦਮਦਮਾ ਸਾਹਿਬ ਖੋਲ੍ਹਣਗੇ। ਜਿਸ ਨੂੰ ਇੱਕ ਜਨਵਰੀ ਤੋਂ ਚਾਲੂ ਕਰ ਦਿੱਤਾ ਜਾਵੇਗਾ। ਜਿਸ ਲਈ ਸਥਾਨਕ ਸਖਸ਼ੀਅਤਾਂ ਦਾ ਸਹਿਯੋਗ ਲਿਆ ਜਾਵੇਗਾ।



ਆਸ ਹੈ ਕਿ ਸ਼੍ਰੋਮਣੀ ਕਮੇਟੀ ਵਲੋਂ ਸੂਚਨਾ ਬੋਰਡ ਲਾ ਕੇ ਕਰਤਾਰਪੁਰ ਕੋਰੀਡੋਰ ਦਰਸ਼ਨ ਸੇਵਾ ਤੁਰੰਤ ਸ਼ੁਰੂ ਕਰੇਗਾ। ਜਿਸ ਦੀ ਸਿੱਖਸ ਆਫ ਅਮਰੀਕਾ ਸ਼ਲਾਘਾ ਕਰਦਾ ਹੈ। ਜਸਦੀਪ ਸਿੰਘ ਜਸੀ ਚੇਅਰਮੈਨ ਸਿੱਖਸ ਆਫ ਅਮਰੀਕਾ ਨੇ ਕਿਹਾ ਕਿ ਡੇਰਾ ਬਾਬਾ ਨਾਨਕ ਸੰਗਤਾ ਨੂੰ ਆ ਰਹੀਆਂ ਮੁਸ਼ਕਲਾਂ ਦਾ ਹੱਲ ਸ਼ਰੋਮਣੀ ਕਮੇਟੀ ਤੁਰੰਤ ਕਰੇ। ਸੰਗਤਾ ਲੰਗਰ ਤੇ ਰਿਹਾਇਸ਼ ਨੂੰ ਤਰਸ ਰਹੀਆਂ ਹਨ।

ਇਸ ਗੱਲ ਦਾ ਪ੍ਰਗਟਾਵਾ ਕਰਤਾਰਪੁਰ ਲਾਂਘੇ ਰਾਹੀਂ ਦਰਸ਼ਨ ਕਰਨ ਵਾਲੀਆ ਸੰਗਤਾ ਨੇ ਕੀਤਾ ਹੈ। ਜਿਸ ਦਾ ਨੋਟਿਸ ਸਿੱਖਸ ਆਫ ਆਫ ਅਮਰੀਕਾ ਦੀਆ ਸੰਗਤਾ ਨੇ ਲਿਆ ਹੈ। ਉਨਾ ਦਾ ਕਹਿਣਾ ਹੈ ਕਿ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਤੁਰੰਤ ਐਕਸ਼ਨ ਕਰਕੇ ਸੰਗਤਾ ਨੂੰ ਰਾਹਤ ਦੇਣ, ਨਹੀਂ ਤਾਂ ਸਿੱਖਸ ਆਫ ਅਮਰੀਕਾ ਅਪਨੇ ਪੱਧਰ ਤੇ ਲੰਗਰ ਤੇ ਰਿਹਾਇਸ਼ ਦਾ ਪ੍ਰਬੰਧ ਕਰੇਗੀ।

# ਸੁਪਰੀਮ ਕੋਰਟ ਅਨੁਸਾਰ ਚੰਡੀਗੜ੍ਹ 'ਤੇ ਹੈ ਪੰਜਾਬ ਦਾ ਹੱਕ

**ਚੰਡੀਗੜ੍ਹ/ਏ.ਟੀ.ਨਿਊਜ਼ :** ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਕਿਹਾ ਕਿ ਜੇਕਰ ਸੁਪਰੀਮ ਕੋਰਟ ਦੇ ਇਕ ਆਦੇਸ਼ (ਜੱਜਮੈਂਟ) ਨੂੰ ਮੰਨਿਆ ਜਾਵੇ ਤਾਂ ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਬਣਦਾ ਹੈ। ਇਹ ਟਿੱਪਣੀ ਚੰਡੀਗੜ੍ਹ ਦੇ ਪੱਟੀ ਦਰਜ ਵਸਨੀਕਾਂ ਨੂੰ ਪੰਜਾਬ ਤੇ ਹਰਿਆਣਾ ਵਿਚ ਰਾਖਵਾਂਕਰਨ ਨਾ ਦੇਣ ਦੇ ਵਿਰੋਧ ਵਿਚ ਦਾਖ਼ਲ ਪਟੀਸ਼ਨ ਦੀ ਸੁਣਵਾਈ ਦੌਰਾਨ ਬੀਤੇ ਸਨਿਚਰਵਾਰ ਨੂੰ ਹਾਈਕੋਰਟ ਦੇ ਜਸਟਿਸ ਆਰ.ਕੇ. ਜੈਨ ਤੇ ਜਸਟਿਸ ਸੁਵੀਰ ਸਹਿਗਲ ਦੇ ਡਿਵੀਜ਼ਨ ਬੈਂਚ ਨੇ ਕੀਤੀ। ਬੈਂਚ ਨੇ ਇਸ ਮੁੱਦੇ 'ਤੇ ਚੰਡੀਗੜ੍ਹ ਤੇ ਪੰਜਾਬ ਨੂੰ ਮਦਦ ਕਰਨ ਲਈ ਕਿਹਾ ਹੈ। ਬੈਂਚ ਨੇ ਕਿਹਾ ਕਿ ਸੁਪਰੀਮ ਕੋਰਟ ਦੀ ਜੱਜਮੈਂਟ ਕਹਿੰਦੀ ਹੈ ਕਿ ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਬਣਦਾ ਹੈ ਪਰ ਮੌਜੂਦਾ ਮਾਮਲੇ ਵਿਚ ਪੰਜਾਬ ਕਹਿ ਰਿਹਾ ਹੈ ਕਿ ਪੰਜਾਬ ਚੰਡੀਗੜ੍ਹ ਦਾ ਹਿੱਸਾ ਨਹੀਂ ਹੈ। ਬੈਂਚ ਨੇ ਕਿਹਾ ਕਿ ਦੂਜੇ ਪਾਸੇ ਹਰਿਆਣਾ ਪਹਿਲਾਂ ਹੀ ਕਹਿ ਚੁੱਕਾ ਹੈ ਕਿ ਚੰਡੀਗੜ੍ਹ ਇਸ ਦਾ ਹਿੱਸਾ ਨਹੀਂ ਹੈ ਤੇ ਉਂਝ ਵੀ ਚੰਡੀਗੜ੍ਹ ਪੰਜਾਬ ਵਿਚੋਂ ਹੀ ਨਿਕਲਿਆ ਹੈ। ਬੈਂਚ ਨੇ ਕਿਹਾ ਕਿ ਅਜਿਹੇ ਹਾਲਾਤ ਵਿਚ ਸੁਪਰੀਮ ਕੋਰਟ ਦੇ ਫ਼ੈਸਲੇ ਮੁਤਾਬਿਕ ਚੰਡੀਗੜ੍ਹ ਅਤੇ ਪੰਜਾਬ 'ਚੰਡੀਗੜ੍ਹ' ਉਪਰ ਪੰਜਾਬ ਦਾ ਹੱਕ ਮੰਨਦੇ ਹਨ ਜਾਂ ਨਹੀਂ, ਇਸ ਬਾਰੇ ਦੋਵੇਂ ਬੈਂਚ ਦੀ ਮਦਦ ਕਰਨ। ਹਾਲਾਂਕਿ ਹਰਿਆਣਾ ਦੇ ਸਰਕਾਰੀ ਵਕੀਲ ਨੇ ਸੁਣਵਾਈ ਦੌਰਾਨ ਕਿਹਾ ਕਿ ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਹੋਣ ਬਾਰੇ ਸੁਪਰੀਮ ਕੋਰਟ ਦੇ ਜਿਸ ਫ਼ੈਸਲੇ ਦਾ ਹਵਾਲਾ ਦਿੱਤਾ ਜਾ ਰਿਹਾ ਹੈ, ਉਹ ਐਮ.ਬੀ.ਬੀ.ਐਸ. ਸੀਟਾਂ ਬਾਰੇ ਇਕ ਮਾਮਲੇ ਦਾ ਫ਼ੈਸਲਾ ਹੈ ਪਰ ਬੈਂਚ ਨੇ ਕਿਹਾ ਕਿ ਇਸ ਫ਼ੈਸਲੇ ਦੀ ਇਕੋ ਲਾਈਨ ਮੌਜੂਦਾ ਮਾਮਲੇ ਵਿਚ ਕਾਫ਼ੀ ਅਹਿਮੀਅਤ ਰੱਖਦੀ ਹੈ, ਲਿਹਾਜ਼ਾ ਇਸ ਬਾਰੇ ਸਪੱਸ਼ਟ ਕੀਤਾ ਜਾਣਾ ਚਾਹੀਦਾ ਹੈ।

# ਅਮਰੀਕੀ ਸੈਨੇਟ ਵਲੋਂ 550ਵੇਂ ਪ੍ਰਕਾਸ਼ ਪੁਰਬ ਨੂੰ ਇਤਿਹਾਸਕ ਮਾਨਤਾ ਦੇਣ ਸਬੰਧੀ ਮਤਾ ਪਾਸ

**ਵਾਸ਼ਿੰਗਟਨ/ਏ.ਟੀ. ਨਿਊਜ਼ :** ਅਮਰੀਕੀ ਸੈਨੇਟ ਨੇ ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਇਤਿਹਾਸਕ, ਸੱਭਿਆਚਾਰਕ ਅਤੇ ਧਾਰਮਿਕ ਮਹੱਤਵ ਨੂੰ ਮਾਨਤਾ ਦੇਣ ਦੇ ਨਾਲ-ਨਾਲ ਅਮਰੀਕਾ ਦੇ ਵਿਕਾਸ ਵਿਚ ਸਿੱਖਾਂ ਦੇ ਯੋਗਦਾਨ ਨੂੰ ਮੰਨਦਿਆਂ ਇਕ ਮਤਾ ਸਰਬਸੰਮਤੀ ਨਾਲ ਪਾਸ ਕੀਤਾ। ਇੰਡੀਆਨਾ ਤੋਂ ਰਿਪਬਲਿਕਨ ਸੈਨੇਟਰ ਟਾਡ ਜੰਗ ਅਤੇ ਮੈਰੀਲੈਂਡ ਤੋਂ ਡੈਮੋਕ੍ਰੇਟਿਕ ਸੈਨੇਟਰ ਬੇਨ ਕਾਰਡਿਨ ਵਲੋਂ ਪੇਸ਼ ਕੀਤਾ ਗਿਆ ਮਤਾ ਅਮਰੀਕੀ ਸੈਨੇਟ ਵਲੋਂ ਸਿੱਖਾਂ ਬਾਰੇ ਪਾਸ ਕੀਤਾ ਜਾਣ ਵਾਲਾ ਆਪਣੀ ਕਿਸਮ ਦਾ ਪਹਿਲਾ ਮਤਾ ਹੈ। ਇਸ ਮਤੇ ਵਿਚ ਕਿਹਾ ਗਿਆ ਹੈ ਕਿ ਸਿੱਖਾਂ ਨੇ ਅਮਰੀਕਾ ਸਮੇਤ ਸਮੁੱਚੇ ਵਿਸ਼ਵ ਵਿਚ ਸਦਾ ਗੁਰੂ ਨਾਨਕ ਦੇਵ ਜੀ ਦੇ ਸਮਾਨਤਾ, ਸੇਵਾ ਅਤੇ ਸਰਬ ਸਾਂਝੀਵਾਲਤਾ ਦੇ ਸਿਧਾਤਾਂ 'ਤੇ ਚਲਦਿਆਂ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ।



ਰਿਪਬਲਿਕਨ ਐੱਮਪੀ ਟਾਡ ਯੰਗ ਅਤੇ ਡੈਮੋਕ੍ਰੇਟਿਕ ਐੱਮਪੀ ਬੇਨ ਕਾਰਡਿਨ ਵੱਲੋਂ ਪੇਸ਼ ਕੀਤੇ ਗਏ ਪ੍ਰਸਤਾਵ ਨੂੰ ਵੀਰਵਾਰ ਨੂੰ ਪਾਸ ਕੀਤਾ ਗਿਆ। ਸਿੱਖਾਂ 'ਤੇ ਇਸ ਤਰ੍ਹਾਂ ਦਾ ਇਹ ਪਹਿਲਾ ਪ੍ਰਸਤਾਵ ਹੈ ਜਿਸ 'ਤੇ ਸੈਨੇਟ ਦੀ ਮੋਹਰ ਲੱਗੀ ਹੈ। ਪ੍ਰਸਤਾਵ ਵਿਚ ਕਿਹਾ ਗਿਆ ਹੈ ਕਿ ਅਮਰੀਕਾ ਅਤੇ ਦੁਨੀਆ ਭਰ ਵਿਚ ਸਿੱਖ ਸਮਾਨਤਾ, ਸੇਵਾ ਤੇ ਈਸ਼ਵਰ ਪ੍ਰਤੀ ਭਗਤੀ ਦੇ ਮੁੱਲਾਂ ਅਤੇ ਆਦਰਸ਼ਾਂ ਦੇ ਨਾਲ ਰਹਿੰਦੇ ਹਨ। ਇਸ ਦੀ ਸਿੱਖਿਆ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਦਿੱਤੀ ਸੀ। ਪ੍ਰਸਤਾਵ ਵਿਚ ਚਾਰ ਪ੍ਰਮੁੱਖ ਸਿੱਖਾਂ ਦਾ ਜ਼ਿਕਰ ਕੀਤਾ ਗਿਆ ਹੈ। ਇਨ੍ਹਾਂ ਵਿਚ ਪਹਿਲੇ ਏਸ਼ਿਆਈ ਅਮਰੀਕੀ ਐੱਮਪੀ ਦਲੀਪ ਸਿੰਘ ਸੌਂਦ, ਫਾਈਬਰ ਆਪਟਿਕਸ ਦੇ ਖੋਜਕਰਤਾ ਡਾ. ਨਰਿੰਦਰ ਕਪਾਨੀ, ਅਮਰੀਕਾ ਦੇ ਸਭ ਤੋਂ ਵੱਡੇ ਆੜੂ ਉਤਪਾਦਕ ਦੀਦਾਰ ਸਿੰਘ ਬੈਂਸ ਤੇ ਮਾਣਮੱਤੇ ਰੋਜ਼ਾ ਪਾਰਕਸ ਟ੍ਰੇਲਬਲੇਜ਼ਰ ਐਵਾਰਡ ਜੇਤੂ ਗੁਰਿੰਦਰ ਸਿੰਘ ਖ਼ਾਲਸਾ ਸ਼ਾਮਲ ਹਨ। ਦਲੀਪ ਸਿੰਘ 1957 ਵਿਚ ਐੱਮਪੀ ਚੁਣੇ ਗਏ ਸਨ। ਪ੍ਰਸਤਾਵ ਵਿਚ ਗ੍ਰੈਮੀ ਐਵਾਰਡ ਕਲਾਕਾਰ ਸਨਾਤਨ ਕੌਰ, ਨਿਊਯਾਰਕ ਦੀ ਪੁਲਿਸ ਅਧਿਕਾਰੀ ਗੁਰਸੋਚ ਕੌਰ ਅਤੇ ਕੈਲੀਫੋਰਨੀਆ ਯੂਨੀਵਰਸਿਟੀ ਦੀ ਪ੍ਰੋਫੈਸਰ ਸੁਪ੍ਰੀਤ ਕੌਰ ਦੀ ਵੀ ਪ੍ਰਸ਼ੰਸਾ ਕੀਤੀ ਗਈ ਹੈ। ਸਿੱਖਾਂ 'ਤੇ ਇਸੇ ਤਰ੍ਹਾਂ ਦਾ ਇਕ ਪ੍ਰਸਤਾਵ ਅਮਰੀਕੀ ਸੰਸਦ ਦੇ ਹੇਠਲੇ ਸਦਨ ਪ੍ਰਤੀਨਿਧੀ ਸਭਾ ਵਿਚ ਵੀ ਪੇਸ਼ ਕੀਤਾ ਗਿਆ ਹੈ। ਇਸ ਦੇ ਵੀ ਜਲਦੀ ਪਾਸ ਹੋਣ ਦੀ ਉਮੀਦ ਹੈ। ਇਸ ਪ੍ਰਸਤਾਵ ਨੂੰ ਪੇਸ਼ ਕਰਨ ਵਾਲੇ ਐੱਮਪੀਜ਼ ਵਿਚ ਅਮਰੀਕਾ ਦੇ ਉਪ ਰਾਸ਼ਟਰਪਤੀ ਮਾਈਕ ਪੈਂਸ ਦੇ ਭਰਾ ਗ੍ਰੇਗ ਪੈਂਸ ਵੀ ਸ਼ਾਮਲ ਹਨ। ਇਸ ਪ੍ਰਸਤਾਵ ਵਿਚ ਕਿਹਾ ਗਿਆ ਹੈ ਕਿ ਸਿੱਖ 120 ਸਾਲ ਤੋਂ ਜ਼ਿਆਦਾ ਸਮੇਂ ਤੋਂ ਅਮਰੀਕਾ ਵਿਚ ਰਹਿ ਰਹੇ ਹਨ। ਦੇਸ਼ ਦੇ ਵਿਕਾਸ ਵਿਚ ਇਨ੍ਹਾਂ ਦਾ ਜ਼ਿਕਰਯੋਗ ਯੋਗਦਾਨ ਹੈ।

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



CIS
CALIFORNIA
IMMIGRATION SERVICES
(Registered & Bonded)
- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.

Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com





# ਭਾਰਤੀ ਵਿੱਦਿਅਕ ਅਦਾਰਿਆਂ ਵਿਚ ਭਗਵਿਆਂ ਦੀ ਗੁੰਡਾਗਰਦੀ ਜਾਰੀ

*ਬਨਾਰਸ ਹਿੰਦੂ ਯੂਨੀਵਰਸਿਟੀ ਦੇ ਮਿਰਜ਼ਾਪੁਰ ਵਿਖੇ ਦੱਖਣੀ ਕੈਂਪਸ ਦੀ ਡਿਪਟੀ ਚੀਫ਼ ਪ੍ਰੋਕਟਰ ਕਿਰਨ ਦਾਮਲੇ ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣ ਲਈ ਕੀਤਾ ਮਜਬੂਰ*

## ਆਰਐਸਐਸ ਦਾ ਯੂਨੀਵਰਸਿਟੀ ਦੇ ਮੈਦਾਨ 'ਚ ਲੱਗਾ ਝੰਡਾ ਕਿਰਨ ਨੇ ਉਖਾੜਿਆ ਸੀ

**ਬਨਾਰਸ/ਬਲਵਿੰਦਰਪਾਲ ਸਿੰਘ :**
ਬਨਾਰਸ ਹਿੰਦੂ ਯੂਨੀਵਰਸਿਟੀ ਦੇ ਮਿਰਜ਼ਾਪੁਰ ਵਿਖੇ ਦੱਖਣੀ ਕੈਂਪਸ ਦੀ ਡਿਪਟੀ ਚੀਫ਼ ਪ੍ਰੋਕਟਰ ਕਿਰਨ ਦਾਮਲੇ ਨੂੰ ਆਪਣੇ ਅਹੁਦੇ ਤੋਂ ਇਸ ਲਈ ਅਸਤੀਫ਼ਾ ਦੇਣ ਲਈ ਮਜਬੂਰ ਕੀਤਾ ਗਿਆ ਹੈ ਕਿ ਉਸ ਨੇ ਕੁਝ ਵਿਦਿਆਰਥੀਆਂ ਵੱਲੋਂ ਯੂਨੀਵਰਸਿਟੀ ਦੇ ਖੇਡ ਮੈਦਾਨ ਵਿਚ ਆਰਐੱਸਐੱਸ ਦਾ ਝੰਡਾ ਲਗਾ ਕੇ ਸ਼ਾਖਾ ਲਗਾਉਣ 'ਤੇ ਇਤਰਾਜ਼ ਕਰਦਿਆਂ ਝੰਡਾ ਉਖਾੜ ਕੇ ਆਪਣੇ ਕਬਜ਼ੇ ਵਿਚ ਕਰ ਲਿਆ। ਵਿਦਿਆਰਥੀਆਂ ਨੇ ਪ੍ਰੋਫ਼ੈਸਰ ਦਾਮਲੇ ਵਿਰੁੱਧ ਪੁਲੀਸ ਵਿਚ ਸ਼ਿਕਾਇਤ ਕੀਤੀ ਅਤੇ ਪੁਲੀਸ ਨੇ ਤੁਰੰਤ ਪ੍ਰੋਫ਼ੈਸਰ ਦਾਮਲੇ ਦੇ ਵਿਰੁੱਧ ਕੇਸ ਦਰਜ ਕਰ ਲਿਆ ਜਿਸ ਵਿਚ ਧਾਰਮਿਕ ਵਿਸ਼ਵਾਸਾਂ ਦੀ ਬੇਇੱਜ਼ਤੀ ਕਰਨ ਵਾਲੀ ਧਾਰਾ ਵੀ ਲਗਾਈ ਗਈ। ਵਿਦਿਆਰਥੀਆਂ ਦਾ ਕਹਿਣਾ ਹੈ ਕਿ ਇਹ ਸ਼ਾਖਾ ਕਈ ਸਾਲਾਂ ਤੋਂ ਲੱਗਦੀ ਆ ਰਹੀ ਹੈ ਅਤੇ ਇਸ ਤੋਂ ਪਹਿਲਾਂ ਇਸ 'ਤੇ ਕੋਈ ਇਤਰਾਜ਼ ਨਹੀਂ ਕੀਤਾ ਗਿਆ।

ਬਨਾਰਸ ਹਿੰਦੂ ਯੂਨੀਵਰਸਿਟੀ ਦੇ ਦੱਖਣੀ ਕੈਂਪਸ ਦੇ ਇੰਚਾਰਜ ਦਾ ਕਹਿਣਾ ਹੈ ਕਿ ਪ੍ਰੋਫ਼ੈਸਰ ਦਾਮਲੇ ਨੇ ਇਹ ਸਭ ਕੁਝ ਅਣਜਾਣਪੁਣੇ ਵਿਚ ਕੀਤਾ ਅਤੇ ਉਹ ਆਪਣੀ ਗ਼ਲਤੀ ਮੰਨਣ ਲਈ ਤਿਆਰ ਹੈ। ਭਾਜਪਾ ਦੇ ਸਥਾਨਕ ਐੱਮਐੱਲਏ ਨੇ ਵੀ ਤੁਰੰਤ ਇਸ ਵਿਚ ਦਖ਼ਲ ਦਿੱਤਾ ਅਤੇ ਕਿਹਾ ਕਿ ਬਨਾਰਸ ਹਿੰਦੂ ਯੂਨੀਵਰਸਿਟੀ ਦੀ ਬੁਨਿਆਦ ਮਦਨ ਮੋਹਨ ਮਾਲਵੀਆ ਨੇ ਰੱਖੀ ਸੀ ਤੇ ਉਨ੍ਹਾਂ ਦੀ ਅੰਤਿਮ ਇੱਛਾ ਸੀ ਕਿ ਉਨ੍ਹਾਂ ਦੁਆਰਾ ਚਲਾਏ ਗਏ ਹਰ ਅਦਾਰੇ ਵਿਚ ਆਰਐੱਸਐੱਸ ਦੀ ਸ਼ਾਖਾ ਚਲਾਈ ਜਾਵੇ। ਕਾਂਗਰਸੀ ਆਗੂ ਸਾਬਕਾ ਐੱਮਐੱਲਏ ਲਲਤਾਸਪਤੀ ਤ੍ਰਿਪਾਠੀ ਨੇ ਕਿਹਾ ਹੈ ਕਿ ਕਿਸੇ ਵੀ ਵਿੱਦਿਅਕ ਅਦਾਰੇ ਵਿਚ ਆਰਐੱਸਐੱਸ ਦੀ ਸ਼ਾਖਾ ਨਹੀਂ



ਲਗਾਉਣ ਦਿੱਤੀ ਜਾਣੀ ਚਾਹੀਦੀ।

ਆਰਐੱਸਐੱਸ ਦੇ ਹਮਾਇਤੀਆਂ ਦਾ ਕਹਿਣਾ ਹੈ ਕਿ ਯੂਨੀਵਰਸਿਟੀਆਂ ਵਿਚ ਖੱਬੇ-ਪੱਖੀ ਪਾਰਟੀਆਂ ਤੇ ਕਾਂਗਰਸ ਨਾਲ ਸਬੰਧਿਤ ਜਥੇਬੰਦੀਆਂ ਆਪਣੀਆਂ ਮੀਟਿੰਗਾਂ ਕਰਨ ਦੌਰਾਨ ਝੰਡੇ ਲਗਾ ਕੇ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕਰਦੀਆਂ ਹਨ ਪਰ ਕਿਸੇ ਨੇ ਇਹੋ ਜਿਹੀਆਂ ਮੀਟਿੰਗਾਂ ਬਾਰੇ ਕਿੰਤੂ ਨਹੀਂ ਕੀਤਾ; ਆਰਐੱਸਐੱਸ ਸੱਭਿਆਚਾਰਕ ਤੇ ਚਰਿੱਤਰ ਨਿਰਮਾਣ ਨੂੰ ਉਤਸ਼ਾਹ ਦੇਣ ਵਾਲੀ ਸੰਸਥਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹੋਰ ਜਥੇਬੰਦੀਆਂ ਵੀ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਮੀਟਿੰਗਾਂ ਕਰਕੇ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕਰਦੀਆਂ ਹਨ ਅਤੇ ਬਹੁਤੀ ਵਾਰੀ ਇਹੋ ਜਿਹੀਆਂ ਜਥੇਬੰਦੀਆਂ ਅਤੇ ਯੂਨੀਵਰਸਿਟੀਆਂ ਤੇ ਕਾਲਜਾਂ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਵਿਚ ਵੀ ਤਣਾਓ ਪੈਦਾ ਹੁੰਦੇ ਹਨ ਪਰ ਸ਼ਾਇਦ ਹੀ ਕਿਸੇ ਵਿਦਿਆਰਥੀ ਜਥੇਬੰਦੀ ਨੇ ਕਿਸੇ ਪ੍ਰਾਧਿਆਪਕ ਦੇ ਵਿਰੁੱਧ ਫ਼ੌਜਦਾਰੀ ਕੇਸ ਦਰਜ ਕਰਾਇਆ ਹੋਵੇ। ਆਰਐੱਸਐੱਸ ਨਾਲ ਸਬੰਧ ਰੱਖਣ ਵਾਲੀ ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ ਵੀ ਵਿਦਿਆਰਥੀ ਸਿਆਸਤ ਵਿਚ ਸਰਗਰਮ ਹੈ ਤੇ ਬਹੁਤ ਸਾਰੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਵਿਦਿਆਰਥੀ ਯੂਨੀਅਨਾਂ ਦੀ ਚੋਣ ਵਿਚ ਜੇਤੂ ਰਹੀ ਹੈ। ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਵਿਚਾਰਾਂ ਦੇ ਪ੍ਰਗਟਾਓ ਦੀ ਆਜ਼ਾਦੀ ਹੋਣੀ ਚਾਹੀਦੀ ਹੈ ਪਰ ਇਹ ਸਵਾਲ ਕਿ ਕੀ ਧਾਰਮਿਕ ਰੰਗਤ ਅਤੇ ਫ਼ਿਰਕੂ ਪਾੜੇ ਪਾਉਣ ਵਾਲੀਆਂ ਜਥੇਬੰਦੀਆਂ ਅਤੇ ਸੰਗਠਨਾਂ ਨੂੰ ਯੂਨੀਵਰਸਿਟੀਆਂ ਵਿਚ ਪ੍ਰਚਾਰ ਕਰਨ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ, ਬੜਾ ਨਾਜ਼ੁਕ ਹੈ। ਇਸ ਸਬੰਧ ਵਿਚ ਦਲੀਲ ਦਿੱਤੀ ਜਾਂਦੀ ਹੈ ਕਿ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਬਾਲਗ ਹੋਣ ਦੇ ਨਾਲ ਨਾਲ ਵੋਟ ਪਾਉਣ ਦਾ ਅਧਿਕਾਰ ਵੀ ਪ੍ਰਾਪਤ ਹੁੰਦਾ ਹੈ ਅਤੇ ਇਸ ਲਈ ਇਹ ਗੱਲ ਉਨ੍ਹਾਂ ਉੱਤੇ ਛੱਡ ਦੇਣੀ ਚਾਹੀਦੀ ਹੈ ਕਿ ਉਹ ਕਿਸੇ ਜਥੇਬੰਦੀ ਦੇ ਪ੍ਰਚਾਰ ਦਾ ਪ੍ਰਭਾਵ ਕਬੂਲਣ ਜਾਂ ਉਸ ਨੂੰ ਨਕਾਰ ਦੇਣ। ਰਾਸ਼ਟਰੀ ਸਵੈਮ ਸੇਵਕ ਸੰਘ ਦਾ ਇਤਿਹਾਸ ਬਹੁਤ ਵਾਦ-ਵਿਵਾਦ ਵਾਲਾ ਹੈ। ਮਹਾਤਮਾ ਗਾਂਧੀ ਦੀ ਹੱਤਿਆ ਤੋਂ ਬਾਅਦ ਇਸ ਸੰਸਥਾ 'ਤੇ ਪਾਬੰਦੀ ਲਗਾਈ ਗਈ ਸੀ ਤੇ ਇਸ ਸੰਸਥਾ ਨੇ ਬਹੁਗਿਣਤੀ ਫ਼ਿਰਕੇ ਨੂੰ ਹਮੇਸ਼ਾ ਮੂਲਵਾਦ ਦਾ ਪਾਠ ਪੜ੍ਹਾਇਆ ਹੈ। ਆਰਐੱਸਐੱਸ ਆਪਣੀ ਭੂਮਿਕਾ ਨੂੰ ਸਵੀਕਾਰ ਕਰਦਿਆਂ ਇਸ ਬਾਰੇ ਮਾਣ-ਸਵੈ-ਮਾਣ ਮਹਿਸੂਸ ਕਰਦੀ ਹੈ। ਇਸ ਦੀ ਵਿੱਦਿਅਕ ਅਦਾਰਿਆਂ ਵਿਚ ਹਾਜ਼ਰੀ ਕਾਰਨ ਦੂਸਰੇ ਫ਼ਿਰਕਿਆਂ ਦੀਆਂ ਮੂਲਵਾਦੀ ਜਥੇਬੰਦੀਆਂ ਵੀ ਵਿਦਿਆਰਥੀਆਂ ਵਿਚ ਅਜਿਹਾ ਪ੍ਰਚਾਰ ਕਰਨ ਨੂੰ ਨਿਆਂ-ਸੰਗਤ ਠਹਿਰਾਉਂਦੀਆਂ ਹਨ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਮੂਲਵਾਦੀ ਜਥੇਬੰਦੀਆਂ ਦੀ ਵਿਚਾਰਧਾਰਾ ਵੱਖ ਵੱਖ ਹੋਣ ਦੇ ਬਾਵਜੂਦ ਉਨ੍ਹਾਂ ਦਾ ਨਿਸ਼ਾਨਾ ਇਕ ਹੀ ਹੈ - ਆਪਣੇ ਧਰਮ ਦੀ ਸਰਬ-ਸ੍ਰੇਸ਼ਠਤਾ ਨੂੰ ਸਿੱਧ ਕਰਨਾ ਤੇ ਫ਼ਿਰਕੂ ਪਾੜੇ ਨੂੰ ਵਧਾਉਣਾ। ਅਜਿਹੀਆਂ ਖ਼ਤਰਨਾਕ ਚਾਲਾਂ ਦਾ ਵਿਰੋਧ ਵਿਚਾਰਧਾਰਕ ਲੀਹਾਂ 'ਤੇ ਚੱਲਦਿਆਂ ਹੀ ਕੀਤਾ ਜਾਣਾ ਚਾਹੀਦਾ ਹੈ।

# ਸਿੱਖ ਵਿਦਿਆਰਥਣ ਨਾਲ ਭਾਰਤ 'ਚ ਨਸਲੀ ਵਿਹਾਰ

## *'ਕਕਾਰ' ਸਮੇਤ ਪ੍ਰੀਖਿਆ ਦੇਣ ਤੋਂ ਰੋਕਿਆ*

**ਨਵੀਂ ਦਿੱਲੀ/ਏ.ਟੀ. ਨਿਊਜ਼ :** ਇਕ ਸਿੱਖ ਵਿਦਿਆਰਥਣ ਨੂੰ ਕਕਾਰ ਧਾਰਨ ਕੀਤੇ ਹੋਣ ਕਾਰਨ ਦਿੱਲੀ ਅਧੀਨ ਸੇਵਾਵਾਂ ਚੋਣ ਬੋਰਡ (ਡੀ. ਐਸ. ਐਸ. ਐਸ. ਬੀ.) ਦੀ ਅਧਿਆਪਕ ਭਰਤੀ ਪ੍ਰੀਖਿਆ ਵਿਚ ਰੋਕੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਪ੍ਰਾਇਮਰੀ ਅਧਿਆਪਕ ਦੀ ਅਸਾਮੀ ਵਾਸਤੇ ਪ੍ਰੀਤਮ ਪੁਰਾ ਦੇ ਅਭਿਨਵ ਪਬਲਿਕ ਸਕੂਲ ਵਿਚ ਹੋਣ ਵਾਲੀ ਡੀ.ਐਸ.ਐਸ.ਐਸ.ਬੀ. ਦੀ ਪ੍ਰੀਖਿਆ ਦੇਣ ਆਈ ਹਰਲੀਨ ਕੌਰ ਨਾਂਅ ਦੀ ਸਿੱਖ ਵਿਦਿਆਰਥਣ ਨੂੰ ਸਿਰਫ਼ ਇਸ ਕਾਰਨ ਰੋਕਿਆ ਗਿਆ ਕਿਉਂਕਿ ਉਸ ਨੇ ਕਕਾਰ ਧਾਰਨ ਕੀਤੇ ਹੋਏ ਸਨ। ਹਰਲੀਨ ਕੌਰ ਮੁਤਾਬਿਕ ਉਸ ਨੂੰ ਅਧਿਕਾਰੀਆਂ ਵਲੋਂ ਕਕਾਰ ਉਤਾਰਨ ਜਾਂ ਅਦਾਲਤ ਪਾਸੋਂ ਛੋਟ ਦਾ ਹੁਕਮ ਲੈ ਕੇ ਆਉਣ ਦੀ ਗੱਲ ਆਖੀ ਗਈ। ਮਾਮਲੇ ਦੀ ਜਾਣਕਾਰੀ ਮਿਲਣ ਉਪਰੰਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਨੂੰਨੀ ਵਿਭਾਗ ਦੇ ਚੇਅਰਮੈਨ ਜਗਦੀਪ ਸਿੰਘ ਕਾਹਲੋਂ, ਮੈਂਬਰ ਹਰਜੀਤ ਸਿੰਘ ਪੱਪਾ ਹੋਰਨਾਂ ਸਮੇਤ ਸਬੰਧਿਤ ਸਕੂਲ ਪੁੱਜੇ ਪ੍ਰੰਤੂ ਪ੍ਰੀਖਿਆ ਕੇਂਦਰ ਵਿਚ ਮੌਜੂਦ ਸਟਾਫ਼ ਨੇ ਉਨ੍ਹਾਂ ਨਾਲ ਕੋਈ ਗੱਲ ਕਰਨ ਤੋਂ ਪਾਸਾ ਵੱਟੀ ਰੱਖਿਆ।

ਕਾਹਲੋਂ ਨੇ ਦੱਸਿਆ ਕਿ ਇਸ ਮਾਮਲੇ ਸਬੰਧੀ ਅਸੀਂ ਅਦਾਲਤ ਕੋਲੋਂ ਪਹਿਲਾਂ ਹੀ ਹੁਕਮ ਲੈ ਚੁੱਕੇ ਹੋਏ ਹਾਂ ਪਰ ਫਿਰ ਵੀ ਕੇਜਰੀਵਾਲ ਸਰਕਾਰ ਤਾਨਾਸ਼ਾਹੀ ਕਰ ਰਹੀ ਹੈ। ਕਾਹਲੋਂ ਨੇ ਕਿਹਾ ਕਿ ਹੁਣ ਅਸੀਂ ਅਦਾਲਤ ਕੋਲੋਂ ਅਗਲੇ ਹੁਕਮ ਲੈ ਕੇ ਸਿੱਖ ਵਿਦਿਆਰਥੀਆਂ ਦਾ ਪ੍ਰੀਖਿਆ ਵਿਚ ਬੈਠਣਾ ਯਕੀਨੀ ਬਣਾਵਾਂਗੇ। ਇਸ ਮਾਮਲੇ ਸਬੰਧੀ ਕਮੇਟੀ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਦਾਅਵਾ ਕਰਦਿਆਂ ਕਿਹਾ ਕਿ ਕੇਜਰੀਵਾਲ ਸਰਕਾਰ ਸਿੱਖ ਵਿਦਿਆਰਥੀਆਂ ਦਾ ਭਵਿੱਖ ਖ਼ਰਾਬ ਕਰਨ ਦੀ ਸਾਜਿਸ਼ ਕਰ ਰਹੀ ਹੈ।


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)



- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਦਲਿਤ ਨੌਜਵਾਨ ਦੇ ਵਹਿਸ਼ੀਆਨਾ ਕਤਲ ਕਾਰਨ ਦਲਿਤਾਂ 'ਚ ਰੋਸ ਲਹਿਰ

- ਭਗਵੰਤ ਮਾਨ ਨੇ ਸੰਸਦ 'ਚ ਮਾਮਲਾ ਉਠਾਇਆ
- ਪੀੜਤ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਤੇ 20 ਲੱਖ ਰੁਪਏ ਦੇਣ ਦਾ ਐਲਾਨ



## ਸੰਸਦ ਵਿਚ ਗੂੰਜਿਆ ਮਾਮਲਾ

ਜਗਮੇਲ ਸਿੰਘ ਉਰਫ਼ ਜੱਗੂ ਦੀ ਮੌਤ ਦਾ ਮਾਮਲਾ ਸੰਸਦ ਵਿੱਚ ਗੂੰਜਿਆ ਹੈ। ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਨੇ ਇਹ ਮੁੱਦਾ ਸੰਸਦ ਵਿੱਚ ਉਠਾਇਆ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਬਹੁਤ ਹੀ ਦੁਖਦ ਘਟਨਾ ਹੋਈ ਹੈ। ਉਨ੍ਹਾਂ ਦੇ ਲੋਕ ਸਭਾ ਹਲਕੇ ਵਿੱਚ ਦਲਿਤ ਨੂੰ ਬੁਰੀ ਤਰ੍ਹਾਂ ਕੁੱਟ-ਕੁੱਟ ਮਾਰ ਦਿੱਤਾ ਗਿਆ ਹੈ। ਭਗਵੰਤ ਮਾਨ ਨੇ ਕਿਹਾ ਕਿ ਪੀੜਤ ਪਰਿਵਾਰ ਪੀਜੀਆਈ ਵਿੱਚ ਧਰਨੇ 'ਤੇ ਬੈਠਾ ਹੈ। ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਹੀਂ ਕੀਤੀਆਂ ਜਾ ਰਹੀਆਂ। ਮੁੱਖ ਮੰਤਰੀ ਕੈਪਟਨ ਛੁੱਟੀਆਂ ਮਨਾਉਣ ਵਿਦੇਸ਼ ਗਏ ਹੋਏ ਹਨ। ਉਨ੍ਹਾਂ ਕਿਹਾ ਕਿ ਅਜਿਹਾ ਪੰਜਾਬ ਵਿੱਚ ਬਹੁਤ ਘੱਟ ਦੇਖਿਆ ਗਿਆ ਹੈ ਕਿ ਸੂਬੇ ਵਿੱਚ ਅਜਿਹਾ ਕੁਝ ਹੋਇਆ ਹੋਵੇ ਤੇ ਸਰਕਾਰ ਛੁੱਟੀਆਂ 'ਤੇ ਹੋਵੇ। ਉਨ੍ਹਾਂ ਨੇ ਗ੍ਰਹਿ ਮੰਤਰਾਲੇ ਨੂੰ ਬੇਨਤੀ ਕੀਤੀ ਕਿ ਪੰਜਾਬ ਦੇ ਇਸ ਮਸਲੇ ਵੱਲ ਧਿਆਨ ਦਿੱਤਾ ਜਾਵੇ। ਪੀੜਤ ਪਰਿਵਾਰ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ।

**ਸੰਗਰੂਰ/ਏ.ਟੀ. ਨਿਊਜ਼ :**
ਜ਼ਿਲ੍ਹਾ ਸੰਗਰੂਰ ਦੇ ਪਿੰਡ ਚੰਗਾਲੀਵਾਲਾ ਦੇ ਵਸਨੀਕ ਜਗਮੇਲ ਸਿੰਘ ਦੀ ਪੀਜੀਆਈ ਵਿਚ ਹੋਈ ਮੌਤ ਨੇ ਸਮਾਜ ਵਿਚ ਫੈਲੀ ਜਾਤੀਵਾਦ ਦੀ ਸਮੱਸਿਆ 'ਤੇ ਫਿਰ ਸੁਆਲ ਖੜੇ ਕੀਤੇ ਹਨ। ਇਸ ਦਲਿਤ ਨੌਜਵਾਨ ਦਾ ਆਪਣੇ ਪਿੰਡ ਦੇ ਕੁਝ ਹੋਰ ਨੌਜਵਾਨਾਂ ਨਾਲ ਝਗੜਾ ਹੋਇਆ ਅਤੇ ਉਸ ਤੋਂ ਬਾਅਦ ਉਨ੍ਹਾਂ ਨੌਜਵਾਨਾਂ ਨੇ ਜਗਮੇਲ ਨੂੰ ਡਾਂਗਾਂ ਤੇ ਲੋਹੇ ਦੀਆਂ ਸਲਾਖਾਂ ਨਾਲ ਇੰਨਾ ਕੁੱਟਿਆ ਕਿ ਉਸ ਦੀਆਂ ਦੋਵੇਂ ਲੱਤਾਂ ਕੱਟਣੀਆਂ ਪਈਆਂ। ਇਥੋਂ ਤੱਕ ਕਿ ਪਲਾਸ ਨਾਲ ਉਸ ਦਾ ਮਾਸ ਖਿੱਚਿਆ ਗਿਆ। ਜਗਮੇਲ ਦੇ ਪੁਲੀਸ ਨੂੰ ਦਿੱਤੇ ਬਿਆਨ ਵਿਚ ਦੱਸਿਆ ਕਿ ਜਗਮੇਲ ਸਿੰਘ ਨੇ ਕਿਹਾ ਕਿ ਉਸ ਦੀ 21 ਅਕਤੂਬਰ ਨੂੰ ਰਿੰਕੂ ਤੇ ਜੁਗਨੂੰ ਨਾਲ ਲੜਾਈ ਹੋਈ ਸੀ। ਇਸ ਤੋਂ ਬਾਅਦ ਉਨ੍ਹਾਂ ਵਿਚ ਆਪਸੀ ਸਮਝੌਤਾ ਵੀ ਹੋ ਗਿਆ ਸੀ, ਪਰ 7 ਨਵੰਬਰ ਨੂੰ ਰਿੰਕੂ, ਲੱਕੀ ਤੇ ਬੀਟਾ ਉਸ ਕੋਲ ਆਏ ਤੇ ਉਸ ਨੂੰ ਦੱਸਿਆ ਕਿ ਲਾਡੀ ਨੇ ਉਸ ਨੂੰ ਕਿਹਾ ਸੀ ਕਿ ਉਹ ਦਵਾਈ ਲੈ ਆਵੇ। ਰਿੰਕੂ ਤੇ ਬੀਟਾ ਉਸ ਨੂੰ ਮੋਟਰਸਾਈਕਲ 'ਤੇ ਬਿਠਾ ਕੇ ਰਿੰਕੂ ਦੇ ਘਰ ਲੈ ਗਏ, ਜਿੱਥੇ ਅਮਰਜੀਤ ਸਿੰਘ ਪਹਿਲਾਂ ਹੀ ਮੌਜੂਦ ਸੀ। ਉੱਥੇ ਉਸ ਨੂੰ ਘੰਟਿਆਂਬੱਧੀ ਕੁੱਟਿਆ ਗਿਆ। ਜਦੋਂ ਉਸ ਨੇ ਪੀਣ ਲਈ ਪਾਣੀ ਮੰਗਿਆ ਤਾਂ ਉਸ ਨੂੰ ਜ਼ਬਰਦਸਤੀ ਉਸ ਦਾ ਪਿਸ਼ਾਬ ਪਿਲਾਇਆ ਗਿਆ। ਬਾਅਦ ਵਿਚ ਲਾਡੀ ਨਾਂ ਦੇ ਸਾਥੀ ਨੇ ਮੌਕੇ 'ਤੇ ਪਹੁੰਚ ਉਸ ਨੂੰ ਮੁਲਜ਼ਮਾਂ ਤੋਂ ਬਚਾਇਆ।
ਪਿੰਡ ਵਾਲਿਆਂ ਦਾ ਕਹਿਣਾ ਸੀ ਕਿ "ਉਹ ਦਲਿਤ ਭਾਈਚਾਰੇ ਵਿੱਚੋਂ ਹੀ ਸੀ। ਸਿੱਧਾ ਜਿਹਾ ਬੰਦਾ ਸੀ। ਕਈ ਵਾਰ ਸਾਡੇ ਨਾਲ ਵੀ ਲੜ ਪੈਂਦਾ ਸੀ। ਕਦੇ ਕਿਸੇ ਤੋਂ ਵੀ ਰੋਟੀ ਜਾਂ ਪੈਸੇ ਮੰਗ ਲੈਂਦਾ ਸੀ। ਉਹਦੇ ਮਨ ਵਿਚ ਕੁੱਝ ਨਹੀਂ ਸੀ। ਜੇ ਉਹਦੇ ਮਨ ਵਿੱਚ ਹੁੰਦਾ ਤਾਂ ਉਨ੍ਹਾਂ ਨਾਲ ਨਾ ਜਾਂਦਾ। ਗ਼ਰੀਬੀ ਕਰਕੇ ਟੈਨਸ਼ਨ ਵਿੱਚ ਵੀ ਰਹਿੰਦਾ ਸੀ।'
ਜਗਮੇਲ ਸਿੰਘ ਦੇ ਵੱਡਾ ਭਰਾ ਗੁਰਤੇਜ ਸਿੰਘ ਦਾ ਕਹਿਣਾ ਹੈ, "ਇਸ ਪਰਿਵਾਰ ਦੇ ਬੰਦਿਆਂ ਨੇ ਕਾਫ਼ੀ ਸਮਾਂ ਪਹਿਲਾਂ ਮੇਰੀ ਵੀ ਬਾਂਹ ਤੋੜ ਦਿੱਤੀ ਸੀ। ਕੁਝ ਦਿਨ ਪਹਿਲਾਂ ਮੇਰੇ ਭਰਾ ਨੇ ਇਨ੍ਹਾਂ ਨੂੰ ਗਾਲਾਂ ਵਗ਼ੈਰਾ ਕੱਢ ਦਿੱਤੀਆਂ। ਜਗਮੇਲ ਸਿੰਘ ਦੇ ਵੱਡਾ ਭਰਾ ਗੁਰਤੇਜ ਸਿੰਘ ਨੇ ਇਲਜ਼ਾਮ ਲਾਇਆ ਕਿ ਇਸੇ ਪਰਿਵਾਰ ਦੇ ਕੁਝ ਲੋਕਾਂ ਨੇ ਉਸ ਨੂੰ ਵੀ ਕਾਫ਼ੀ ਸਮਾਂ ਪਹਿਲਾਂ ਕੁੱਟਿਆ ਸੀ। ਮੇਰੇ ਭਰਾ ਨੇ ਥਾਣੇ ਸ਼ਿਕਾਇਤ ਦਿੱਤੀ ਸੀ। ਇਨ੍ਹਾਂ ਦਾ ਸਮਝੌਤਾ ਹੋ ਗਿਆ। ਉਸ ਤੋਂ ਅਗਲੇ ਦਿਨ ਇਨ੍ਹਾਂ ਫਿਰ ਇਸ ਕੰਮ ਨੂੰ ਅੰਜਾਮ ਦੇ ਦਿੱਤਾ। ਇਨ੍ਹਾਂ ਘਰੇ ਲਿਜਾ ਕੇ ਬੰਨ੍ਹ ਕੇ ਕੁੱਟਿਆ। ਜਿੰਨੀ ਦੇਰ ਤੱਕ 50 ਲੱਖ ਰੁਪਏ ਮੁਆਵਜ਼ਾ ਅਤੇ ਮੇਰੀ ਭਰਜਾਈ ਨੂੰ ਸਰਕਾਰੀ ਨੌਕਰੀ ਨਹੀਂ ਦਿੱਤੀ ਜਾਂਦੀ ਅਸੀਂ ਮੇਰੇ ਭਰਾ ਦਾ ਸਸਕਾਰ ਨਹੀਂ ਕਰਾਂਗੇ।"
ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਸਕੱਤਰ ਲਸ਼ਮਣ ਸਿੰਘ ਦਾ ਕਹਿਣਾ ਹੈ ਕਿ ਇਹ ਜਾਤੀਵਾਦੀ ਹਿੰਸਾ ਦਾ ਮਾਮਲਾ ਹੈ। ਉਹ ਕਹਿੰਦੇ ਹਨ ਕਿ ਮੁਕਤਸਰ ਦੇ ਜਵਾਹਰ ਆਲਾ ਅਤੇ ਮਾਨਸਾ ਦੇ ਪਿੰਡ ਝੱਬਰ ਵਰਗੇ ਅਨੇਕਾਂ ਕਾਂਡ ਇਸ ਤਰ੍ਹਾਂ ਦੇ ਲਗਾਤਾਰ ਪੰਜਾਬ ਵਿੱਚ ਵਾਪਰ ਰਹੇ ਹਨ। ਇਹ ਜਾਤੀਵਾਦੀ ਸੋਚ ਦਾ ਨਤੀਜਾ ਹੈ। ਦੂਸਰਾ ਵੱਡਾ ਕਾਰਨ ਹੈ ਕਿ ਪਿੰਡਾਂ ਦੇ ਖੇਤ ਮਜ਼ਦੂਰ ਬੇਜ਼ਮੀਨੇ ਹੋਣ ਕਰਕੇ ਜ਼ਮੀਨਾਂ ਵਾਲਿਆਂ ਉੱਤੇ ਨਿਰਭਰ ਹਨ। ਜਿਸ ਕਰਕੇ ਕੁਝ ਧਨਾਢ ਜ਼ਿਮੀਂਦਾਰਾਂ ਵੱਲੋਂ ਇਨ੍ਹਾਂ ਗਰੀਬ ਲੋਕਾਂ ਨਾਲ ਮਨ ਆਈਆਂ ਕੀਤੀਆਂ ਜਾਂਦੀਆਂ ਹਨ।"
ਪਿੰਡ ਦੇ ਜਿਮੀਂਦਾਰ ਪਰਿਵਾਰ ਨਾਲ ਸਬੰਧਿਤ ਵਿਅਕਤੀ ਵੀ ਧਰਨੇ ਵਿੱਚ ਸਮਰਥਨ ਦੇਣ ਆਏ ਹੋਏ ਸਨ। ਜਨਰਲ ਵਰਗ ਨਾਲ ਸਬੰਧਿਤ ਹਰਪ੍ਰੀਤ ਸਿੰਘ ਨੇ ਕਿਹਾ, "ਇਹ ਗ਼ਰੀਬ ਬੰਦੇ ਨਾਲ ਬਹੁਤ ਧੱਕਾ ਹੋਇਆ ਹੈ। ਉਹਦੀ ਬੁਰੀ ਤਰਾਂ ਕੁੱਟਮਾਰ ਹੋਈ ਹੈ ਪਰ ਜੇ ਉਸਨੂੰ ਸਮੇਂ ਸਿਰ ਡਾਕਟਰੀ ਇਲਾਜ ਸਹੀ ਤਰੀਕੇ ਨਾਲ ਮਿਲ ਜਾਂਦਾ ਤਾਂ ਉਹਦੀ ਜਾਨ ਬਚ ਸਕਦੀ ਸੀ। ਅਸੀਂ ਧਰਨੇ ਵਿੱਚ ਸ਼ਾਮਲ ਹੋਣ ਆਏ ਹਾਂ ਕਿਉਂਕਿ ਇਹ ਕਿਹਾ ਜਾ ਰਿਹਾ ਹੈ ਕਿ ਇਹ ਦਲਿਤ ਨਾਲ ਧੱਕਾ ਹੋਇਆ ਹੈ। ਸਾਡੇ ਪਿੰਡ ਵਿੱਚ ਦਲਿਤ ਅਤੇ ਉੱਚ ਜਾਤੀ ਵਾਲੀ ਕੋਈ ਗੱਲ ਨਹੀਂ ਹੈ। ਸਿਆਸਤਦਾਨ ਸਿਰਫ ਇੱਥੇ ਸਿਆਸਤ ਕਰ ਰਹੇ ਹਨ। ਅਸੀਂ ਨਹੀਂ ਚਾਹੁੰਦੇ ਕਿ ਇਸ ਕਾਂਡ ਨੂੰ ਆਧਾਰ ਬਣਾ ਕੇ ਜਾਤੀਵਾਦ ਨਫ਼ਰਤ ਖੜੀ ਕੀਤੀ ਜਾਵੇ। ਪੀੜਤ ਪਰਿਵਾਰ ਨਾਲ ਇਨਸਾਫ਼ ਹੋਣਾ ਚਾਹੀਦਾ ਹੈ। ਅਸੀਂ ਪਰਿਵਾਰ ਦੇ ਨਾਲ ਹਾਂ। ਕਾਨੂੰਨ ਮੁਤਾਬਿਕ ਬਣਦੀ ਕਾਰਵਾਈ ਹੋਣੀ ਚਾਹੀਦੀ ਹੈ।"
ਪਿੰਡ ਵਾਸੀ ਪਾਲਾ ਸਿੰਘ ਮੁਤਾਬਕ ਪਿੰਡ ਦੇ ਜੱਟ, ਸਮੁੱਚੇ ਸਿੱਖ ਪਰਿਵਾਰ ਇਸ ਪਰਿਵਾਰ ਦੇ ਨਾਲ ਹਨ। ਇਸ ਵਿੱਚ ਦਲਿਤ ਵਾਲਾ ਕੋਈ ਮਸਲਾ ਨਹੀਂ ਹੈ। ਸਾਡੇ ਪਿੰਡ ਵਿੱਚ ਅਜਿਹਾ ਮਾਹੌਲ ਕਦੇ ਨਹੀਂ ਰਿਹਾ। ਇਹ ਹਮਲਾ ਇਕੱਲੇ ਜਗਮੇਲ ਸਿੰਘ ਉੱਤੇ ਨਹੀਂ ਹੋਇਆ ਸਗੋਂ ਪੂਰੇ ਪਿੰਡ ਉੱਤੇ ਹੋਇਆ ਹੈ। ਪਰਿਵਾਰ ਨੂੰ ਮੁਆਵਜ਼ਾ ਵੀ ਮਿਲਣਾ ਚਾਹੀਦਾ ਹੈ,ਸਰਕਾਰੀ ਨੌਕਰੀ ਵੀ ਮਿਲਣੀ ਚਾਹੀਦੀ ਹੈ। ਅਸੀਂ ਵੀ ਪਿੰਡ ਵੱਲੋਂ ਜਿੰਨਾ ਹੋ ਸਕਿਆ ਇਸ ਪਰਿਵਾਰ ਦੀ ਮਦਦ ਕਰਾਂਗੇ।"



**ਗੁਰਮੇਲ ਸਿੰਘ ਦੇ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਵੱਖ ਵੱਖ ਜਥੇਬੰਦੀਆਂ ਵਲੋਂ ਲਾਇਆ ਗਿਆ ਧਰਨਾ।**



## ਪਰਿਵਾਰ ਤੇ ਸਰਕਾਰ ਵਿਚਾਲੇ ਸਮਝੌਤਾ

ਜਗਮੇਲ ਸਿੰਘ ਉਰਫ਼ ਜੱਗੂ ਦੀ ਮੌਤ ਦਾ ਮਾਮਲਾ ਕਾਫੀ ਭਖਿਆ ਹੋਇਆ ਸੀ ਜਿਸ ਨੂੰ ਵੇਖਦਿਆਂ ਹੁਣ ਸਰਕਾਰ ਤੇ ਪਰਿਵਾਰ ਵਿਚਾਲੇ ਸਮਝੌਤਾ ਹੋ ਗਿਆ ਹੈ।
ਸਰਕਾਰ ਨੇ ਪਰਿਵਾਰ ਦੀ ਮੰਗ ਨੂੰ ਮੰਨਦਿਆਂ ਮ੍ਰਿਤਕ ਨੌਜਵਾਨ ਦੀ ਮੌਤ ਦੇ ਮੁਆਵਜ਼ੇ ਵਜੋਂ 20 ਲੱਖ ਰੁਪਏ ਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦਾ ਐਲਾਨ ਕੀਤਾ ਹੈ। ਇਸ ਤੋਂ ਪਹਿਲਾਂ ਧਰਨਾ ਪ੍ਰਦਰਸ਼ਨ ਕਰ ਰਹੇ ਲੋਕਾਂ ਵੱਲੋਂ ਭੱਠਲ ਦੀ ਕੋਠੀ ਦਾ ਘਿਰਾਉ ਵੀ ਕੀਤਾ ਗਿਆ ਜਿਸ ਦੌਰਾਨ ਪ੍ਰਦਰਸ਼ਨਕਾਰੀਆਂ ਦੀ ਪੁਲਿਸ ਨਾਲ ਧੱਕਾ-ਮੁੱਕੀ ਵੀ ਹੋਈ।

## ਸੂਬੇ 'ਚ ਵਹਿਸ਼ੀਆਨਾ ਘਟਨਾ ਤੇ ਕਾਨੂੰਨ ਵਿਵਸਥਾ ਠੁੱਸ

ਇਸ ਵਹਿਸ਼ੀਆਨਾ ਘਟਨਾ ਨੇ ਜਿੱਥੇ ਸੂਬੇ ਦੀ ਕਾਨੂੰਨ-ਵਿਵਸਥਾ ਨੂੰ ਸਵਾਲਾਂ ਦੇ ਘੇਰੇ ਵਿਚ ਖੜ੍ਹਾ ਕਰ ਦਿੱਤਾ ਹੈ, ਉੱਥੇ ਇਕ ਹੋਰ ਸਵਾਲ ਖੜ੍ਹਾ ਹੋ ਚੁੱਕਿਆ ਹੈ ਕਿ ਕੀ ਸੂਬੇ ਵਿਚ ਅਪਰਾਧਕ ਮਾਨਸਿਕਤਾ ਵਾਲੇ ਅਨਸਰਾਂ ਦੇ ਮਨਾਂ ਵਿਚੋਂ 'ਖਾਕੀ' ਦਾ ਡਰ ਬਿਲਕੁਲ ਹੀ ਉੱਠ ਚੁੱਕਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਘਟਨਾ ਮਗਰੋਂ ਸੂਬੇ ਦੀ ਕਾਨੂੰਨ-ਵਿਵਸਥਾ 'ਤੇ ਉੱਠ ਰਹੇ ਸਵਾਲਾਂ ਨੂੰ ਜਿੱਥੇ ਕੁਝ ਕਾਂਗਰਸੀ ਆਗੂ ਖੁੱਲ੍ਹੇ ਤੌਰ 'ਤੇ ਇਹ ਕਹਿ ਕੇ ਪੱਲਾ ਝਾੜਨ ਦੀ ਕੋਸ਼ਿਸ਼ ਵਿਚ ਲੱਗੇ ਹਨ ਕਿ ਅਜਿਹੀ ਕਾਨੂੰਨ-ਵਿਵਸਥਾ ਪਿਛਲੀ ਅਕਾਲੀ-ਭਾਜਪਾ ਸਰਕਾਰ ਵਲੋਂ ਆਪਣੇ 10 ਸਾਲਾਂ ਦੇ ਕਾਰਜਕਾਲ ਦੌਰਾਨ ਪੈਦਾ ਕੀਤੇ ਹਾਲਾਤ ਕਾਰਨ ਹੀ ਉੱਭਰੀ ਹੈ। ਜਿੱਥੇ ਸੂਬੇ ਦੇ ਸਿਆਸੀ ਦਲ ਸ਼੍ਰੋਮਣੀ ਅਕਾਲੀ ਦਲ, 'ਆਪ' ਤੇ ਭਾਜਪਾ ਵਲੋਂ ਇਸ ਘਟਨਾ ਦੀ ਸਖ਼ਤ ਨਿਖੇਧੀ ਕੀਤੀ ਜਾ ਰਹੀ ਹੈ, ਉੱਥੇ ਭਾਜਪਾ ਵਲੋਂ ਇਹ ਮਾਮਲਾ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਕੋਲ ਚੁੱਕਣ ਦੀ ਗੱਲ ਕੀਤੀ ਜਾ ਰਹੀ ਹੈ।
ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਦਲਿਤਾਂ ਉੱਤੇ ਅੱਤਿਆਚਾਰਾਂ ਦੀ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ ਅਤੇ 37 ਸਾਲ ਦੇ ਸੰਗਰੂਰ ਵਾਸੀ ਜਗਮੇਲ ਦੇ ਤਾਜ਼ਾ ਮਾਮਲੇ ਨੇ ਹਰ ਸੰਵੇਦਨਸ਼ੀਲ ਪੰਜਾਬੀ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਗਮੇਲ ਨੂੰ ਇੱਕ ਖੰਭੇ ਨਾਲ ਬੰਨ੍ਹਣ ਮਗਰੋਂ ਕੁਝ ਗੁੰਡਿਆਂ ਨੇ ਉਸ ਉੱਤੇ ਅਣਮਨੁੱਖੀ ਤਸ਼ੱਦਦ ਕੀਤਾ ਸੀ। ਬਾਦਲ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਜਦੋਂ ਸਮਾਜ ਦੇ ਸਾਰੇ ਵਰਗਾਂ ਦਾ ਜਿਉਣਾ ਦੁੱਭਰ ਹੋਇਆ ਪਿਆ ਹੈ ਤਾਂ ਅਜਿਹੇ ਸਮੇਂ ਮੁੱਖ ਮੰਤਰੀ 14 ਦਿਨਾਂ ਲਈ ਛੁੱਟੀਆਂ ਮਨਾਉਣ ਯੂਰਪ ਚਲਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁੱਖ



ਮੰਤਰੀ ਦੀ ਲੋਕਾਂ ਪ੍ਰਤੀ ਲਾਪਰਵਾਹੀ ਹੈਰਾਨ ਕਰਨ ਵਾਲੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਜਗਮੇਲ ਦੇ ਹਮਲਾਵਰਾਂ ਖ਼ਿਲਾਫ਼ ਕੋਈ ਵੀ ਕਾਰਵਾਈ ਕਰਨ ਵਿਚ ਨਾਕਾਮ ਰਹੀ ਹੈ ਅਤੇ ਨਾ ਹੀ ਇਹ ਜਗਮੇਲ ਦਾ ਸਹੀ ਢੰਗ ਨਾਲ ਇਲਾਜ ਕਰਵਾ ਸਕੀ ਹੈ। ਉਨ੍ਹਾਂ ਕਿਹਾ ਕਿ ਜਗਮੇਲ ਦਾ ਇਲਾਜ ਕਰਵਾਉਣ ਵਿਚ ਕੀਤੀ ਦੇਰੀ ਇੱਕ ਅਪਰਾਧਿਕ ਲਾਪਰਵਾਹੀ ਹੈ, ਜਿਸ ਲਈ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਹ ਸਭ ਮੁੱਖ ਮੰਤਰੀ ਵੱਲੋਂ ਸੂਬੇ ਦੇ ਮਾਮਲਿਆਂ ਵਿਚ ਰਤੀ ਭਰ ਵੀ ਦਿਲਚਸਪੀ ਨਾ ਲੈਣ ਕਰਕੇ ਵਾਪਰਿਆ ਹੈ। ਇੱਥੇ ਜ਼ਿਕਰਯੋਗ ਹੈ ਕਿ ਪੀੜਤ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਸੰਘਰਸ਼ ਕਮੇਟੀ ਬਣਾਈ ਗਈ ਸੀ, ਜਿਸ ਵਿਚ ਬਸਪਾ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਅਤੇ ਹੋਰ ਜਥੇਬੰਦੀਆਂ ਸ਼ਾਮਿਲ ਹਨ। ਇਸ ਸਬੰਧ ਵਿਚ ਪੁਲੀਸ ਨੇ ਰਿੰਕੂ ਸਿੰਘ, ਅਮਰਜੀਤ ਸਿੰਘ, ਯਾਦਵਿੰਦਰ ਸਿੰਘ ਅਤੇ ਬਲਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਜਗਮੇਲ ਸਿੰਘ ਦਾ ਕਤਲ ਪੰਜਾਬੀ ਸਮਾਜ ਵਿਚ ਦਲਿਤਾਂ ਦੇ ਨਾਲ ਹੁੰਦੇ ਵਿਤਕਰੇ ਦੀ ਨਿਸ਼ਾਨਦੇਹੀ ਕਰਦਿਆਂ ਸਾਡਾ ਧਿਆਨ ਇਸ ਗੱਲ ਵੱਲ ਵੀ ਦਿਵਾਉਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ 550ਵਾਂ ਪ੍ਰਕਾਸ਼ ਉਤਸਵ ਮਨਾਉਣ ਦੇ ਸਮਿਆਂ ਵਿਚ ਵੀ ਅਸੀਂ ਜਾਤੀਵਾਦੀ ਘਿਰਣਾ ਤੇ ਹਉਮੈ ਦੇ ਸ਼ਿਕਾਰ ਹਾਂ। ਅਸੀਂ ਬਾਬਾ ਜੀ ਦਾ ਪ੍ਰਕਾਸ਼ ਪੁਰਬ ਤਾਂ ਜ਼ਰੂਰ ਮਨਾ ਰਹੇ ਹਾਂ ਪਰ ਉਨ੍ਹਾਂ ਦੀਆਂ ਸਿਖਿਆਵਾਂ ਤੋਂ ਕੋਹਾਂ ਦੂਰ ਹਾਂ।
ਕਈ ਸਮਾਜਿਕ ਸੰਗਠਨ ਅਜਿਹੇ ਮੁਲਜ਼ਮਾਂ ਨੂੰ ਸਮਾਜ ਲਈ ਖ਼ਤਰਾ ਦੱਸ ਉਨ੍ਹਾਂ ਨੂੰ ਹਮੇਸ਼ਾ ਲਈ ਸਲਾਖਾਂ ਦੇ ਪਿੱਛੇ ਰੱਖਣ ਦੀ ਵੀ ਮੰਗ ਕਰ ਰਹੇ ਸਨ। ਐੱਸ ਸੀ ਕਮਿਸ਼ਨ ਦੀ ਮੈਂਬਰ ਪੂਨਮ ਕਾਂਗੜਾ ਨੇ ਜਿੱਥੇ ਪਰਿਵਾਰਕ ਮੈਂਬਰਾਂ ਨੂੰ ਆਰਥਿਕ ਮਦਦ ਦਿਵਾਉਣ ਦਾ ਭਰੋਸਾ ਦਿਵਾਇਆ ਸੀ, ਉਥੇ ਹੀ ਮੁਲਜ਼ਮਾਂ ਖਿਲਾਫ ਪੁਲਸ ਦੀ ਢਿੱਲੀ ਕਾਰਵਾਈ ਲਈ ਮੌਜੂਦ ਪੁਲਸ ਅਧਿਕਾਰੀਆਂ ਦੀ ਜੰਮ ਕੇ ਕਲਾਸ ਲਗਾਈ। ਪੂਨਮ ਕਾਂਗੜਾ ਨੇ ਕਿਹਾ ਕਿ ਮੁਲਜ਼ਮਾਂ ਖਿਲਾਫ ਏ ਐੱਸ ਸੀ/ਐੱਸ ਟੀ ਐਕਟ ਸਮੇਤ ਧਾਰਾ 302 ਦੇ ਤਹਿਤ ਜੁਰਮ ਵਿੱਚ ਵਾਧਾ ਕੀਤਾ ਗਿਆ ਹੈ।
ਮ੍ਰਿਤਕ ਜਵਾਨ ਜਗਮੇਲ ਸਿੰਘ ਦੇ ਪੁੱਤ ਕਰਣਵੀਰ ਸਿੰਘ ਨੇ ਕਿਹਾ ਕਿ ਉਸ ਦੇ ਪਿਤਾ ਦੀ ਪਿੰਡ ਦੇ ਚਾਰ ਲੋਕਾਂ ਨੇ ਇੰਨੀ ਬੇਰਹਿਮੀ ਨਾਲ ਮਾਰਕੁਟਾਈ ਕੀਤੀ ਕਿ ਹਸਪਤਾਲ ਵਿੱਚ ਉਸ ਨੂੰ ਭਰਤੀ ਕਰਵਾਉਣਾ ਪਿਆ ਅਤੇ ਉੱਥੇ ਜਾ ਕੇ ਉਸ ਦੀਆਂ ਦੋਨੋਂ ਲੱਤਾਂ ਕੱਟਣੀਆਂ ਪਈਆਂ ਤੇ ਉਹ ਜ਼ਿੰਦਗੀ ਦੀ ਲੜਾਈ ਹਾਰ ਗਏ।

ਅੰਮ੍ਰਿਤਸਰ ਟਾਈਮਜ਼ AMRITSAR TIMES

20 ਨਵੰਬਰ 2019 ਤੋਂ 26 ਨਵੰਬਰ 2019

## ਭਾਰਤੀ ਨਿਆਂ ਪਾਲਿਕਾ ਦਾ ਖਾਸਾ

9 ਨਵੰਬਰ ਵਾਲੇ ਦਿਨ ਜਦ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਡੇਰਾ ਬਾਬਾ ਨਾਨਕ ਵਿਖੇ ਕਰਤਾਰਪੁਰ ਸਾਹਿਬ ਲਾਂਘੇ ਦਾ ਉਦਘਾਟਨ ਕਰ ਰਹੇ ਸਨ ਅਤੇ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੀ ਕਰਮਭੂਮੀ ਸੁਲਤਾਨਪੁਰ ਲੋਧੀ ਵਿਖੇ ਨਤਮਸਤਕ ਹੋ ਰਹੇ ਸਨ ਐਨ ਉਸੇ ਸਮੇਂ ਭਾਰਤੀ ਜਮਹੂਰੀਅਤ ਦਾ ਸਭ ਤੋਂ ਮਜ਼ਬੂਤ ਥੰਮ੍ਹ ਮੰਨੀ ਜਾਂਦੀ ਸੁਪਰੀਮ ਕੋਰਟ, ਭਾਰਤੀ ਸਟੇਟ ਦੇ ਹਿੰਦੂ ਨੇਸ਼ਨ ਸਟੇਟ ਹੋਣ ਦੀ ਪੁਸ਼ਟੀ ਵਜੋਂ ਅਯੁਧਿਆ 'ਚ ਕੋਈ 500 ਸਾਲ ਪੁਰਾਣੀ ਬਾਬਰੀ ਮਸਜਿਦ ਵਾਲੀ ਥਾਂ ਨੂੰ 'ਭਗਵਾਨ' ਰਾਮ ਦੀ ਜਨਮ ਭੂਮੀ ਐਲਾਨ ਰਹੀ ਸੀ। ਸਰਵਉੱਚ ਅਦਾਲਤ ਵਿਚ ਇਹ ਮਾਮਲਾ ਪਿਛਲੇ 9 ਸਾਲ ਤੋਂ ਲਟਕ ਰਿਹਾ ਸੀ ਜਦ ਇਸ ਕੇਸ ਨਾਲ ਜੁੜੀਆਂ ਦੋਵੇਂ ਧਿਰਾਂ ਅਲਾਹਾਬਾਦ ਹਾਈ ਕੋਰਟ ਦੇ ਫੈਸਲੇ ਖਿਲਾਫ਼ ਸੁਪਰੀਮ ਕੋਰਟ 'ਚ ਪਹੁੰਚ ਗਈਆਂ ਸਨ। ਇਸ ਸਬੰਧੀ ਸਰਵਉੱਚ ਅਦਾਲਤ ਵਿਚ 14 ਅਪੀਲਾਂ ਦਾਇਰ ਹੋਈਆਂ ਸਨ। ਅਦਾਲਤ ਨੇ ਇਸ ਕੇਸ ਵਿਚ ਬਾਲ ਭਗਵਾਨ 'ਰਾਮ ਲੱਲਾ' ਨੂੰ ਵੀ ਇਕ ਸੰਕੇਤਕ ਧਿਰ ਮੰਨ ਲਿਆ ਸੀ।

ਅਯੁਧਿਆ ਕੇਸ ਵਿਚ ਜੋ ਅੰਤਮ ਫੈਸਲਾ ਸਰਵਉੱਚ ਅਦਾਲਤ ਨੇ ਦਿੱਤਾ ਉਸ ਦੀ ਕਨਸੋਅ ਪਹਿਲਾਂ ਹੀ ਮਿਲਣੀ ਸ਼ੁਰੂ ਹੋ ਗਈ ਸੀ ਕਿਉਂਕਿ ਸੁਪਰੀਮ ਕੋਰਟ ਦੇ ਚੀਫ ਜਸਟਿਸ ਰੰਜਨ ਗੋਗੋਈ ਨੇ ਨਵੰਬਰ ਮਹੀਨੇ ਰਿਟਾਇਰ ਹੋਣਾ ਸੀ ਅਤੇ ਸੱਤਾ 'ਤੇ ਕਾਬਜ਼ ਧਿਰ ਵੀ ਇਹੋ ਚਾਹੁੰਦੀ ਸੀ ਕਿ ਇਹ ਫੈਸਲਾ ਹੁਣੇ ਆ ਜਾਵੇ ਤਾਂ ਠੀਕ ਰਹੇਗਾ ਕਿਉਂਕਿ ਇਹ ਜੰਮੂ ਕਸ਼ਮੀਰ ਵਿਚ ਦਫ਼ਾ 370 ਖ਼ਤਮ ਕਰਨ ਮਗਰੋਂ ਬਣੇ ਮਾਹੌਲ ਤੋਂ ਕਾਫ਼ੀ ਉਤਸ਼ਾਹਿਤ ਅਤੇ ਉਤੇਜਤ ਸੀ। ਸੁਪਰੀਮ ਕੋਰਟ ਵਿਚ ਇਸ ਕੇਸ ਦੀ ਸੁਣਵਾਈ ਤੇਜ਼ ਹੋਣ ਅਤੇ ਇਸੇ ਦੌਰਾਨ ਪ੍ਰਧਾਨ ਮੰਤਰੀ ਵਲੋਂ ਅਲਾਹਾਬਾਦ ਹਾਈ ਕੋਰਟ ਦੇ ਫੈਸਲੇ ਦੇ ਹਵਾਲੇ ਨਾਲ ਰਾਸ਼ਟਰ ਨੂੰ ਸੰਬੋਧਨ ਕਰਨ ਦੀਆਂ ਉਪਰੋਥਲੀ ਘਟਨਾਵਾਂ ਤੋਂ ਇਹ ਵੀ ਸੰਕੇਤ ਮਿਲ ਗਿਆ ਸੀ ਕਿ ਫੈਸਲਾ ਕਿਸ ਦੇ ਪੱਖ ਵਿਚ ਆਉਣ ਵਾਲਾ ਹੈ।

ਸੁਪਰੀਮ ਕੋਰਟ ਨੇ ਆਪਣੇ ਫਤਵੇ ਦੇ ਨਾਲ ਜੋ ਹਵਾਲੇ ਅਤੇ ਟਿੱਪਣੀਆਂ ਦਿੱਤੀਆਂ ਹਨ ਉਨ੍ਹਾਂ ਵਿਚੋਂ ਕਿਧਰੇ ਵੀ ਦੇਸ਼ ਦੀ ਸਰਵਉੱਚ ਅਦਾਲਤ ਦੀ ਇਕ 'ਵੱਡ ਸਿਆਣਪ' ਜਾਂ ਪੁਖਤਗੀ ਵਿਖਾਈ ਨਹੀਂ ਦਿੰਦੀ ਸਗੋਂ 'ਬਚਗਾਨਾ' ਅਤੇ ਪਹਿਲਾਂ ਤੋਂ ਹੀ ਮਿਥੀ ਹੋਈ ਕਾਰਵਾਈ ਜਾਪਦੀ ਹੈ। ਇਕ ਪਾਸੇ ਸਰਵਉੱਚ ਅਦਾਲਤ ਇਹ ਕਹਿ ਰਹੀ ਹੈ ਕਿ ਇਹ ਇਸ ਮਾਮਲੇ ਨੂੰ ਇਕ 'ਜ਼ਮੀਨੀ ਵਿਵਾਦ' ਵਜੋਂ ਵੇਖ ਰਹੀ ਹੈ, ਕਿਸੇ ਇਕ ਭਾਈਚਾਰੇ ਦੀ ਆਸਥਾ ਜਾਂ ਪੂਜਾ ਅਰਚਨਾ ਵਜੋਂ ਨਹੀਂ ਵੇਖ ਰਹੀ। ਦੂਜੇ ਪਾਸੇ ਸਿੱਧੇ ਤੌਰ 'ਤੇ ਇਥੇ ਮੰਦਰ ਦੀ ਉਸਾਰੀ ਲਈ ਇਕ ਮੰਦਰ ਟਰਸਟ ਬਣਾਉਣ ਵਾਸਤੇ ਕੇਂਦਰ ਸਰਕਾਰ ਨੂੰ ਹਦਾਇਤ ਕੀਤੀ ਜਾ ਰਹੀ ਹੈ। ਸਰਵਉੱਚ ਅਦਾਲਤ ਦਾ ਫਤਵਾ ਉਸ ਧਿਰ ਦੇ ਹੱਕ ਵਿਚ ਹੈ ਜੋ ਸੰਕੇਤਕ ਅਤੇ ਅਦਿੱਖ ਹੈ। ਇਸ ਸਬੰਧੀ ਪੂਰੇ ਜ਼ਮੀਨੀ ਰਿਕਾਰਡ ਅਤੇ ਭਾਰਤੀ ਪੁਰਾਸਾਰੀ ਸਰਵੇਖਣ ਦੇ ਦਸਤਾਵੇਜ਼ਾਂ ਨੂੰ ਵੀ ਅੱਖੋਂ ਪਰੋਖੇ ਕਰ ਦਿੱਤਾ ਗਿਆ ਹੈ। ਇਸ ਮੁਕੱਦਮੇ ਵਿਚ ਸੁੰਨੀ ਵਕਫ਼ ਬੋਰਡ, ਨਿਰਮੋਹੀ ਅਖਾੜਾ ਅਤੇ ਰਾਮ ਲੱਲਾ ਨੂੰ ਤਿੰਨ ਮੁੱਖ ਧਿਰਾਂ ਮੰਨ ਕੇ ਸੁਣਵਾਈ ਸ਼ੁਰੂ ਕੀਤੀ ਗਈ। ਸੁਪਰੀਮ ਕੋਰਟ ਨੇ 16 ਅਕਤੂਬਰ ਤੱਕ ਆਪਣੀ ਸੁਣਵਾਈ ਮੁਕੰਮਲ ਕਰ ਕੇ ਇਸ ਦਾ ਫੈਸਲਾ ਰਾਖਵਾਂ ਰੱਖ ਲਿਆ ਸੀ। ਇਸ ਤੋਂ ਪਹਿਲਾਂ ਅਲਾਹਾਬਾਦ ਹਾਈ ਕੋਰਟ ਨੇ ਬਾਬਰੀ ਮਸਜਿਦ ਵਾਲੀ 2.77 ਏਕੜ ਜ਼ਮੀਨ ਤਿੰਨੇ ਮੁੱਖ ਧਿਰਾਂ 'ਚ ਬਰਾਬਰ ਵੰਡਣ ਦਾ ਫੈਸਲਾ ਦਿੱਤਾ ਸੀ। ਸੁਪਰੀਮ ਕੋਰਟ ਨੇ ਅਲਾਹਾਬਾਦ ਹਾਈ ਕੋਰਟ ਦੇ ਫੈਸਲੇ ਨੂੰ ਉਲਟਾਉਂਦਿਆਂ ਇਸ ਜਗ੍ਹਾ 'ਤੇ ਮੰਦਰ ਦੀ ਉਸਾਰੀ ਲਈ ਕੇਂਦਰੀ ਟਰਸਟ ਬਣਾਉਣ ਦੀ ਗੱਲ ਕਹਿ ਦਿੱਤੀ ਅਤੇ ਸੁੰਨੀ ਵਕਫ਼ ਬੋਰਡ ਨੂੰ ਕਿਸੇ ਹੋਰ ਬਦਲਵੀਂ ਥਾਂ 'ਤੇ 5 ਏਕੜ ਜ਼ਮੀਨ ਦੇਣ ਲਈ ਆਦੇਸ਼ ਦਿੱਤਾ। ਕੇਂਦਰ ਸਰਕਾਰ ਨੂੰ ਇਹ ਵੀ ਹਦਾਇਤ ਕਰ ਦਿੱਤੀ ਕਿ ਜੇ ਮੁਨਾਸਿਬ ਹੋਵੇ ਤਾਂ ਟਰਸਟ ਵਿਚ ਨਿਰਮੋਹੀ ਅਖਾੜੇ ਨੂੰ ਬਣਦੀ ਪ੍ਰਤੀਨਿਧਤਾ ਦੇ ਦਿੱਤੀ ਜਾਵੇ।

ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ 5 ਜੱਜਾਂ ਦੇ ਬੈਂਚ ਨੇ ਆਪਣੇ ਫਤਵੇ ਦੇ ਨਾਲ ਜੋ ਟਿੱਪਣੀਆਂ ਕੀਤੀਆਂ ਹਨ ਉਹ ਇਹ ਖਦਸ਼ਾ ਪ੍ਰਗਟ ਕਰਦੀਆਂ ਹਨ ਕਿ ਸਰਵਉੱਚ ਅਦਾਲਤ ਨੇ ਇਸ ਬਾਰੇ ਪਹਿਲਾਂ ਹੀ ਸੋਚਿਆ ਹੋਇਆ ਸੀ ਕਿ ਬਾਬਰੀ ਮਸਜਿਦ ਅਤੇ ਰਾਮ ਜਨਮ ਭੂਮੀ ਵਿਵਾਦ ਸਬੰਧੀ ਬਹੁਗਿਣਤੀ ਫਿਰਕੇ ਨੂੰ ਖੁਸ਼ ਕਰਨ ਵਾਲਾ ਫੈਸਲਾ ਦਿੱਤਾ ਜਾਵੇ। ਇਕ ਪਾਸੇ 5 ਜੱਜਾਂ ਵਲੋਂ ਸਰਬ ਸੰਮਤੀ ਨਾਲ ਇਹ ਫੈਸਲਾ ਦੇ ਕੇ ਇਥੇ ਹੀ ਕੇਸ ਖ਼ਤਮ ਕੀਤਾ ਜਾ ਰਿਹਾ ਹੈ ਦੂਜੇ ਪਾਸੇ ਇਹ ਵੀ ਟਿੱਪਣੀ ਕੀਤੀ ਜਾ ਰਹੀ ਹੈ ਕਿ ਚਾਰ ਪੰਜ ਸੌ ਸਾਲ ਪੁਰਾਣੀ ਮਸਜਿਦ ਦਾ ਢਾਹਿਆ ਜਾਣਾ, ਦੇਸ਼ ਦੀ ਸਰ ਜ਼ਮੀਂ ਦੇ ਕਾਨੂੰਨ ਦੀ ਉਲੰਘਣਾ ਹੈ। ਇਸ ਉਲੰਘਣਾ ਲਈ ਅਦਾਲਤ ਪੀੜਤ ਭਾਈਚਾਰੇ ਨੂੰ ਕੀ ਰਾਹਤ ਦੇ ਰਹੀ ਹੈ ਇਸ ਬਾਰੇ ਚੁੱਪ ਹੈ। ਇਸ ਦੇ ਨਾਲ ਹੀ ਇਸ ਫੈਸਲੇ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਯੁਧਿਆ ਯਾਤਰਾ ਦਾ ਹਵਾਲਾ ਵੀ ਦਿੱਤਾ ਗਿਆ ਤਾਂ ਜੋ ਬਾਬਰੀ ਮਸਜਿਦ ਦੀ ਹੋਂਦ ਦੇ ਤਰਕ ਨੂੰ ਰੱਦ ਕੀਤਾ ਜਾ ਸਕੇ। ਇਹ ਹਵਾਲਾ ਵੀ ਉਸ ਸਮੇਂ ਦਿੱਤਾ ਗਿਆ ਜਦ ਪੂਰਾ ਸਿੱਖ ਜਗਤ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਮਨਾ ਰਿਹਾ ਹੈ। ਪਰ ਜੇ ਹਰਿਦੁਆਰ 'ਚ ਹਰਿ ਕੀ ਪਾਉੜੀ 'ਤੇ ਗੁਰੂ ਸਾਹਿਬ ਦੀ ਯਾਤਰਾ ਅਤੇ ਗੁਰਦੁਆਰਾ 'ਗਿਆਨ ਗੋਦੜੀ' ਸਾਹਿਬ ਦੀ ਗੱਲ ਕੀਤੀ ਜਾਵੇ ਤਾਂ ਕੀ ਸੁਪਰੀਮ ਕੋਰਟ ਇਸ ਨੂੰ ਮਾਨਤਾ ਦੇਵੇਗੀ ? ਇਹ ਮੁਮਕਿਨ ਨਹੀਂ ਹੋਵੇਗਾ।

ਜਿਸ ਤਰੀਕੇ ਨਾਲ ਪਿਛਲੇ 20 ਸਾਲਾਂ ਤੋਂ ਮੰਦਰ ਦੀ ਉਸਾਰੀ ਲਈ ਤਿਆਰੀਆਂ ਚੱਲ ਰਹੀਆਂ ਹਨ। ਸ਼ਹਿਰ ਦੇ ਬਾਹਰਵਾਰ ਅਜਿਹਾ ਢਾਂਚਾ ਅਤੇ ਬੁਰਜੀਆਂ-ਥਮਲੇ ਤਿਆਰ ਕੀਤੇ ਜਾ ਰਹੇ ਹਨ, ਜਿਨ੍ਹਾਂ ਨੂੰ ਸਿਰਫ਼ ਸਥਾਪਤ ਹੀ ਕਰਨਾ ਹੈ, ਉਸ ਕਾਰਵਾਈ ਨੂੰ ਇਸ ਫੈਸਲੇ ਨਾਲ ਜੋੜ ਕੇ ਵੇਖਿਆ ਜਾ ਸਕਦਾ ਹੈ। ਅਸਲ ਵਿਚ ਭਾਰਤੀ ਅਦਾਲਤਾਂ ਖ਼ਾਸ ਕਰਕੇ ਸੁਪਰੀਮ ਕੋਰਟ ਤੇ ਸਮੁੱਚੀ ਨਿਆਂ ਪਾਲਿਕਾ ਦਾ ਖਾਸਾ ਬਹੁ ਗਿਣਤੀ ਅਤੇ 'ਇਕ ਰਾਸ਼ਟਰੀ ਦੇਸ਼' ਪੱਖੀ ਹੈ। ਇਨਸਾਫ਼ ਨੂੰ ਇਨਸਾਫ਼ ਨਹੀਂ ਸਗੋਂ ਇਸ ਕਸਵੱਟੀ 'ਤੇ ਪਰਖਿਆ ਜਾਂਦਾ ਹੈ ਕਿ ਇਸ ਨਾਲ ਕਿਹੜੀ ਧਿਰ ਖੁਸ਼ ਜਾਂ ਸੰਤੁਸ਼ਟ ਹੁੰਦੀ ਹੈ। ਇਸ ਨੂੰ ਸਿਰਫ਼ ਅਯੁਧਿਆ ਕੇਸ ਨਹੀਂ ਇਸ ਤੋਂ ਪਹਿਲਾਂ ਹੋਈਆਂ ਘਟਨਾਵਾਂ ਅਤੇ ਇਨ੍ਹਾਂ ਉਪਰ ਅਦਾਲਤੀ ਕਾਰਵਾਈ ਦੇ ਹਵਾਲੇ ਨਾਲ ਵੇਖਿਆ ਜਾ ਸਕਦਾ ਹੈ। ਕੇਹਰ ਸਿੰਘ ਸਤਵੰਤ ਸਿੰਘ ਅਤੇ ਸੁੱਖਾ ਜਿੰਦਾ ਨੂੰ ਸਜ਼ਾ ਦੇਣ 'ਚ ਕਾਹਲੀ ਅਤੇ ਅਮਲੀ ਜਾਮਾ ਪਹਿਨਾਉਣ ਤੋਂ ਬਾਅਦ ਅਫ਼ਜ਼ਲ ਗੁਰੂ ਨੂੰ ਫਾਂਸੀ ਦੇਣ ਦੇ ਫੈਸਲੇ ਨੂੰ ਵੀ ਇਸੇ ਦਿਸ਼ਾ ਵਿਚ ਵੇਖਿਆ ਜਾ ਸਕਦਾ ਹੈ। ਇਸ ਦੇ ਉਲਟ ਸਮਝੌਤਾ ਐਕਸਪ੍ਰੈਸ ਬੰਬ ਧਮਾਕਾ ਕਾਂਡ ਦੇ ਸਾਰੇ ਦੋਸ਼ੀ ਬਾਇੱਜ਼ਤ ਬਰੀ ਹੋ ਜਾਂਦੇ ਹਨ ਜਾਂ ਕੇਸ ਨੂੰ ਹੋਰ ਲਟਕਾਇਆ ਜਾ ਰਿਹਾ ਹੈ। ਇਸ ਸਬੰਧੀ ਭਾਵੇਂ ਵੱਖ-ਵੱਖ ਜਥੇਬੰਦੀਆਂ, ਸੰਵਿਧਾਨ ਦੀ ਵਿਆਖਿਆ ਕਰਨ ਵਾਲੇ ਅਤੇ ਸਾਬਕਾ ਜੱਜ ਆਪਣੇ ਵਿਚਾਰ ਅਤੇ ਟਿੱਪਣੀਆਂ ਦੇ ਰਹੇ ਹਨ ਪਰ 'ਇਨਸਾਫ਼' ਦੇ ਪਿੱਛੇ ਬਹੁ ਗਿਣਤੀ ਦੀ ਇਕੋ ਹੀ ਡੋਰ ਹੈ ਜੋ ਨਿਆਂ ਪਾਲਿਕਾ ਨੂੰ ਚਲਾਉਂਦੀ ਹੈ।

# ਸੱਭਿਅਕ ਸਮਾਜ, ਮੌਤ ਦੀ ਸਜ਼ਾ ਅਤੇ ਸਰਕਾਰ

**ਸੱਚਮੁੱਚ ਹੀ ਕਿਸੇ ਜਿਉਂਦੇ ਬੰਦੇ ਨੂੰ ਦਿਨ ਅਤੇ ਵਕਤ ਮਿਥ ਕੇ, ਲਿਜਾ ਕੇ ਜਾਨੋਂ ਮਾਰ ਦੇਣਾ ਸੌਖਾ ਕੰਮ ਨਹੀਂ। ਜੇਲ੍ਹ ਦੇ ਦਰਵਾਜ਼ੇ ਦੇ ਬਾਹਰ ਐਸੇ ਬੰਦੇ ਦੀ ਲਾਸ਼ ਲੈਣ ਵਾਸਤੇ ਲੋਕ ਹਾਜ਼ਰ ਹੋ ਜਾਂਦੇ ਨੇ ਜੋ ਅਜੇ ਜਿਊਂਦਾ ਹੁੰਦਾ ਹੈ। ਇਸ ਤੋਂ ਵੱਡਾ ਦਰਦਨਾਕ ਮੰਜ਼ਰ ਹੋਰ ਕਿਹੜਾ ਹੋ ਸਕਦਾ ਹੈ ? ਅਜਿਹੇ ਮੰਜ਼ਰਾਂ ਤੇ ਅਜਿਹੀਆਂ ਝਿਜਕਾਂ ਤੋਂ ਬਚਣ ਵਾਸਤੇ ਅਤੇ ਰਾਜੋਆਣਾ ਦੀ ਫਾਂਸੀ ਦੀ ਮੁਆਫ਼ੀ ਵਿਰੁੱਧ ਉੱਠਦੇ ਸਵਾਲਾਂ ਤੋਂ ਬਚਣ ਵਾਸਤੇ, ਜਿਨ੍ਹਾਂ ਦਾ ਸੱਚਮੁੱਚ ਸਰਕਾਰ ਕੋਲ ਮਕਬੂਲ ਜਵਾਬ ਨਹੀਂ, ਫਾਂਸੀ ਦੀ ਸਜ਼ਾ ਦੇ ਵਿਧਾਨ ਨੂੰ ਹਮੇਸ਼ਾਂ ਵਾਸਤੇ ਖ਼ਤਮ ਕਰਨਾ ਹੀ ਇਕੋ ਹੱਲ ਹੈ। ਇਸ ਨਾਲ ਗਾਂਧੀ ਦਾ ਦੇਸ਼ ਵੀ ਆਲਮੀ ਪੰਚਾਇਤ ਦੇ ਫੈਸਲੇ ਨੂੰ ਪ੍ਰਵਾਨਗੀ ਦਾ ਭਾਗੀ ਬਣ ਜਾਵੇਗਾ।**



**ਅਭੈ ਸਿੰਘ**
ਸੰਪਰਕ: 98783-75903

ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦੇ ਭਾਰਤ ਸਰਕਾਰ ਦੇ ਫੈਸਲੇ ਬਾਰੇ ਕਈ ਪ੍ਰਕਾਰ ਦੇ ਪ੍ਰਤੀਕਰਮ ਹੋ ਰਹੇ ਹਨ।



ਸਭ ਤੋਂ ਪਹਿਲੀ ਗੱਲ, ਇਹ ਕਦਮ ਇਸ ਪੱਖੋਂ ਸੁਆਗਤ ਯੋਗ ਹੈ ਕਿ ਅੱਜ ਸੰਸਾਰ ਭਰ ਦੀ ਵੱਡੀ ਰਾਏ-ਆਮਾ ਮੌਤ ਦੀ ਸਜ਼ਾ ਨੂੰ ਇਨਸਾਨੀ ਸਭਿਅਤਾ ਦੇ ਵਿਰੁੱਧ ਮੰਨਦੀ ਹੈ। ਦੁਨੀਆ ਦੇ ਦੋ ਤਿਹਾਈ ਦੇਸ਼ਾਂ ਨੇ ਆਪੋ-ਆਪਣੇ ਮੁਲਕ ਵਿਚੋਂ ਮੌਤ ਦੀ ਸਜ਼ਾ ਦਾ ਕਾਨੂੰਨ ਖ਼ਤਮ ਕੀਤਾ ਹੋਇਆ ਹੈ। ਆਲਮੀ ਪੰਚਾਇਤ ਰਾਸ਼ਟਰ ਸੰਘ ਨੇ ਇਸ ਸਜ਼ਾ ਦੇ ਖ਼ਿਲਾਫ਼ ਮਤਾ ਪਾਸ ਕੀਤਾ ਹੋਇਆ ਹੈ ਤੇ ਦੁਨੀਆ ਦੇ ਹਰ ਦੇਸ਼ ਨੂੰ ਅਪੀਲ ਕੀਤੀ ਹੋਈ ਹੈ। ਦੁੱਖ ਦੀ ਗੱਲ ਹੈ ਕਿ ਕੁਝ ਦੇਸ਼ ਅਜੇ ਵੀ ਇਸ ਅਪੀਲ ਨੂੰ ਨਹੀਂ ਮੰਨਦੇ। ਮਹਾਤਮਾ ਬੁੱਧ ਅਤੇ ਗਾਂਧੀ ਦਾ ਦੇਸ਼ ਭਾਰਤ ਵੀ ਇਸ ਨੂੰ ਸਵੀਕਾਰ ਨਹੀਂ ਕਰ ਰਿਹਾ ਹੈ ਜਿਸ ਦੇ ਝੰਡੇ ਉਪਰ ਹਿੰਸਾ ਤੋਂ ਤੋਬਾ ਕਰਨ ਵਾਲੇ ਸਮਰਾਟ ਅਸ਼ੋਕ ਦਾ ਚੱਕਰ ਹੈ।

ਮੌਤ ਦੀ ਸਜ਼ਾ ਤੇ ਹਿੰਸਾ ਦਾ ਵਿਰੋਧ ਕਰਨ ਵਾਲਾ ਅਤੇ ਇਨਸਾਨੀ ਸਭਿਅਤਾ ਦਾ ਹਰ ਪੈਰੋਕਾਰ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਰੱਦ ਕਰਨ ਦੀ ਹਮਾਇਤ ਕਰੇਗਾ ਪਰ ਕੁਝ ਲੋਕਾਂ ਦੀ ਹਿਮਾਇਤ ਦੇ ਬੋਲ ਵੀ ਅਜੀਬ ਅਰਥ ਦਿੰਦੇ ਹਨ। ਭਾਜਪਾ ਦੀ ਪੰਜਾਬ ਇਕਾਈ ਦੇ ਪ੍ਰਧਾਨ ਸ਼ਵੇਤ ਮਲਿਕ ਨੇ ਇਸ ਦੀ ਹਿਮਾਇਤ ਵਿਚ ਕੇਂਦਰ ਸਰਕਾਰ ਦੀ ਤਾਰੀਫ਼ ਕੀਤੀ ਹੈ ਅਤੇ ਇਸ ਨੂੰ ਪੰਜਾਬ ਵਿਚ ਅਮਨ ਰੱਖਣ ਵਾਸਤੇ ਲਾਹੇਵੰਦ ਦੱਸਿਆ ਹੈ। ਅਕਾਲੀ ਦਲ ਨੇ ਕਿਹਾ ਕਿ ਇਸ ਨਾਲ ਸਿੱਖਾਂ ਦੇ ਰਿਸਦੇ ਜ਼ਖ਼ਮਾਂ ਉਪਰ ਮਲ੍ਹਮ ਲੱਗੇਗੀ। ਸਿਰਫ਼ ਪੰਜਾਬ ਦੇ ਮੁੱਖ ਮੰਤਰੀ ਨੇ ਇਸ ਫੈਸਲੇ ਨਾਲ ਹਿਮਾਇਤ ਪ੍ਰਗਟ ਕਰਦਿਆਂ ਕਿਹਾ ਕਿ ਉਹ ਮੌਤ ਦੀ ਸਜ਼ਾ ਦੇ ਵਿਰੁੱਧ ਹਨ। ਉਨ੍ਹਾਂ ਦਾ ਇਹ ਬਿਆਨ ਸੁਆਗਤ ਯੋਗ ਹੈ ਹਾਲਾਂਕਿ ਉਨ੍ਹਾਂ ਦੀ ਪਾਰਟੀ ਦੇ ਲੋਕ ਹੀ ਇਸ ਦਾ ਵਿਰੋਧ ਕਰਦੇ ਹਨ ਜਿਨ੍ਹਾਂ ਵਿਚ ਪੰਜਾਬ ਕਾਂਗਰਸ ਦਾ ਪ੍ਰਧਾਨ ਸੁਨੀਲ ਜਾਖੜ ਵੀ ਸ਼ਾਮਲ ਹੈ। ਸ਼ਿਵ ਸੈਨਾ ਨੇ ਇਸ ਫੈਸਲੇ ਦਾ ਵਿਰੋਧ ਕੀਤਾ ਹੈ।

ਵੱਖ ਵੱਖ ਦਲੀਲਾਂ ਦੇ ਸਾਹਮਣੇ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ਼ ਕਰਨਾ ਸਿਰਫ਼ ਇੱਕ ਪੱਖ ਤੋਂ ਸਹੀ ਹੈ ਕਿ ਮੌਤ ਦੀ ਸਜ਼ਾ ਇਨਸਾਨੀ ਸੱਭਿਅਤਾ ਦੇ ਵਿਰੁੱਧ ਹੈ। ਜੇ ਸ਼ਵੇਤ ਮਲਿਕ ਵਰਗੇ ਲੋਕ ਕਹਿਣਗੇ ਕਿ ਇਹ ਕਾਰਵਾਈ ਪੰਜਾਬ ਵਿਚ ਅਮਨ ਅਮਾਨ ਰੱਖਣ ਵਾਸਤੇ ਕੀਤੀ ਗਈ ਤਾਂ ਸਵਾਲ ਪੈਦਾ ਹੋਵੇਗਾ ਕਿ ਜਦੋਂ ਭਾਜਪਾ ਅਫ਼ਜ਼ਲ ਗੁਰੂ ਨੂੰ ਜਲਦੀ ਫਾਂਸੀ ਦੇਣ ਦੀ ਮੰਗ ਕਰ ਰਹੀ ਸੀ ਤਾਂ ਕੀ ਕਸ਼ਮੀਰ ਵਿਚ ਅਮਨ ਰੱਖਣ ਦੀ ਕੋਈ ਚਿੰਤਾ ਨਹੀਂ ਸੀ। ਅਕਾਲੀ ਦਲ ਨੇ ਇਸ ਨੂੰ ਸਿੱਖ ਹਿਰਦਿਆਂ ਨੂੰ ਸੰਤੋਖ ਮਿਲਣ ਦੀ ਗੱਲ ਕੀਤੀ ਹੈ। ਸਵਾਲ ਇਹ ਬਣੇਗਾ: ਕੀ ਜਿਸ ਬੰਦੇ ਨੂੰ ਵੀ ਫਾਂਸੀ ਦੀ ਸਜ਼ਾ ਹੋਵੇਗੀ, ਉਹ ਉਸ ਦੇ ਧਰਮ ਵਾਲੇ ਲੋਕਾਂ ਦਾ ਮਸਲਾ ਹੋਵੇਗਾ ? ਦਰਅਸਲ ਜਿਹੜੇ ਬੰਦੇ ਮੌਤ ਦੀ ਸਜ਼ਾ ਦਾ ਵਿਧਾਨ ਕਾਇਮ ਰੱਖਣ ਦੇ ਹਿਮਾਇਤੀ ਹਨ, ਉਨ੍ਹਾਂ ਕੋਲ ਰਾਜੋਆਣਾ ਦੀ ਫਾਂਸੀ ਮੁਆਫ਼ ਕਰਨ ਵਾਸਤੇ ਕੋਈ ਢੁਕਵੀਂ ਦਲੀਲ ਨਹੀਂ ਹੈ।

ਲੁਧਿਆਣਾ ਤੋਂ ਕਾਂਗਰਸ ਦੇ ਐਮਪੀ ਰਵਨੀਤ ਸਿੰਘ ਬਿੱਟੂ ਨੇ ਲੋਕ ਸਭਾ ਵਿਚ ਇਸ ਦਾ ਵਿਰੋਧ ਪ੍ਰਗਟਾਉਣ ਦਾ ਐਲਾਨ ਕੀਤਾ ਹੈ ਤੇ ਇਹ ਵੀ ਕਿਹਾ ਹੈ ਕਿ ਰਾਜੋਆਣਾ ਵੱਲੋਂ ਕਤਲ ਕੀਤੇ ਗਏ 17 ਬੰਦਿਆਂ ਦੇ ਪਰਿਵਾਰਾਂ ਨੂੰ ਲੈ ਕੇ ਉਹ ਰਾਜ ਘਾਟ ਧਰਨਾ ਲਗਾਏਗਾ। ਮਕਤੂਲ ਬੇਅੰਤ ਸਿੰਘ ਰਵਨੀਤ ਦੇ ਦਾਦਾ ਸਨ, ਉਸ ਦੇ ਜਜ਼ਬਾਤ ਆਪਣੀ ਕਿਸਮ ਦੇ ਹੋ ਸਕਦੇ ਹਨ ਲੇਕਿਨ ਉਹ ਇਕ ਜ਼ਿੰਮੇਵਾਰ ਲੋਕ ਪ੍ਰਤੀਨਿਧ ਹੈ; ਬਹੁਤ ਚੰਗਾ ਹੋਵੇ, ਜੇ ਉਹ ਲੋਕ ਸਭਾ ਵਿਚ ਫਾਂਸੀ ਦੀ ਸਜ਼ਾ ਦਾ ਵਿਧਾਨ ਖ਼ਤਮ ਕਰਨ ਦੀ ਮੰਗ ਕਰੇ। ਭਾਰਤ ਸਰਕਾਰ ਨੇ ਰਾਜੋਆਣਾ ਦੀ ਫਾਂਸੀ ਮੁਆਫ਼ ਕਰਨ ਬਾਰੇ ਸਿਰਫ਼ ਇੰਨਾ ਹੀ ਕਿਹਾ ਹੈ ਕਿ ਇਹ ਕਾਰਵਾਈ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪੁਰਬ ਦੀ ਪਵਿੱਤਰਤਾ ਦੇ ਮੱਦੇਨਜ਼ਰ ਕੀਤੀ ਹੈ। ਰਵਨੀਤ ਬਿੱਟੂ ਪੁੱਛ ਸਕਦਾ ਹੈ ਕਿ ਜੇ ਇਹ ਗੱਲ ਹੈ ਤਾਂ ਭਾਰਤ ਵਿਚ ਉਨ੍ਹਾਂ ਸਾਰੇ ਲੋਕਾਂ ਦੀ ਫਾਂਸੀ ਕਿਉਂ ਮੁਆਫ਼ ਨਹੀਂ ਕੀਤੀ ਗਈ ਜਿਨ੍ਹਾਂ ਨੂੰ ਇਹ ਸੁਣਾਈ ਹੋਈ ਹੈ। ਕੀ ਗੁਰੂ ਨਾਨਕ ਉਨ੍ਹਾਂ ਸਾਰਿਆਂ ਦਾ ਗੁਰੂ ਨਹੀਂ ? ਫਿਰ ਜੇ 17 ਬੰਦਿਆਂ ਦੇ ਕਾਤਲ ਦੀ ਫਾਂਸੀ ਮੁਆਫ਼ ਕੀਤੀ ਜਾ ਸਕਦੀ ਹੈ ਤਾਂ ਇਕ ਦੋ ਜਾਂ ਤਿੰਨ ਚਾਰ ਬੰਦਿਆਂ ਦੇ ਕਾਤਲਾਂ ਦੀਆਂ ਕਿਉਂ ਨਹੀਂ ? ਜੇ ਰਵਨੀਤ ਬਿੱਟੂ ਇਹ ਕਹੇ ਕਿ ਤੁਸੀਂ ਫਾਂਸੀ ਦੀ ਸਜ਼ਾ ਦਾ ਵਿਧਾਨ ਖ਼ਤਮ ਕਰੋ, ਜਾਂ ਘੱਟੋ-ਘੱਟ ਹੁਣ ਭਾਰਤ ਵਿਚ ਫਾਂਸੀ ਦਾ ਇੰਤਜ਼ਾਰ ਕਰ ਰਹੇ ਸਾਰੇ ਕੈਦੀਆਂ ਦੀ ਸਜ਼ਾ ਮੁਆਫ਼ ਕਰੋ ਤਾਂ ਉਸ ਨੂੰ ਇਸ ਮੁਆਫ਼ੀ ਦਾ ਕੋਈ ਇਤਰਾਜ਼ ਨਹੀਂ, ਉਹ ਮਨੁੱਖਤਾ ਦੀ ਵੱਡੀ ਸੇਵਾ ਕਰ ਲਵੇਗਾ।

ਕਾਤਲਾਂ ਦੀ ਫਾਂਸੀ ਵਿਚ ਪੀੜਤ ਪਰਿਵਾਰਾਂ ਵਾਸਤੇ ਰਾਹਤ ਦੇਖਣੀ ਚੰਗੀ ਰਿਵਾਇਤ ਨਹੀਂ। ਦੋ ਉਦਾਹਰਨਾਂ ਦੇਖੋ। ਉੜੀਸਾ ਵਿਚ ਬਜਰੰਗ ਦਲ ਦੇ ਇਕ ਕਾਰਕੁਨ ਨੇ ਇਸਾਈ ਮਿਸ਼ਨਰੀ ਨੂੰ ਉਸ ਦੇ ਦੋ ਪੁੱਤਰਾਂ ਸਮੇਤ ਕਾਰ ਵਿਚ ਜਿਊਂਦੇ ਸਾੜ ਕੇ ਮਾਰ ਦਿੱਤਾ ਸੀ। ਮਿਸ਼ਨਰੀ ਦੀ ਪਤਨੀ ਨੇ ਅਦਾਲਤ ਵਿਚ ਬਿਆਨ ਦਿੱਤਾ ਸੀ ਕਿ ਉਹ ਕਾਤਲ ਵਾਸਤੇ ਫਾਂਸੀ ਦੀ ਮੰਗ ਨਹੀਂ ਕਰਦੀ, ਬੱਸ ਅਰਦਾਸ ਕਰੇਗੀ ਕਿ ਰੱਬ ਸੱਚਾ ਉਸ ਨੂੰ ਗੁਨਾਹ ਦਾ ਅਹਿਸਾਸ ਕਰਵਾਏ ਅਤੇ ਮੁਆਫ਼ੀ ਬਖ਼ਸ਼ੇ। ਰਾਜਸਥਾਨ ਵਿਚ ਰੈਗਿੰਗ ਵਿਚ ਇਕ ਵਿਦਿਆਰਥੀ ਦੀ ਮੌਤ ਹੋ ਗਈ ਸੀ। ਤਿੰਨ ਵਿਦਿਆਰਥੀਆਂ ਵਿਰੁੱਧ ਕੇਸ ਚੱਲਿਆ। ਜਦੋਂ ਅਦਾਲਤ ਵਿਚ ਵਕੀਲ ਨੇ ਫਾਂਸੀ ਦੀ ਮੰਗ ਕੀਤੀ ਤਾਂ ਮਾਰੇ ਗਏ ਵਿਦਿਆਰਥੀ ਦਾ ਪਿਤਾ ਉੱਚੀ ਉੱਚੀ ਰੋਂਦਿਆਂ 'ਨਹੀਂ ਨਹੀਂ' ਕਰਨ ਲੱਗ ਪਿਆ ਕਿ ਉਸ ਤੋਂ ਇਕ ਮੌਤ ਨਹੀਂ ਝੱਲੀ ਜਾ ਰਹੀ, ਤਿੰਨ ਹੋਰ ਕਿਵੇਂ ਝੱਲੇਗਾ! ਇਹ ਅਚੇਤ ਤੇ ਸੱਚੇ ਸੁੱਚੇ ਇਨਸਾਨੀ ਜਜ਼ਬੇ ਹਨ, ਵੱਡੇ ਦਿਲ ਹਨ।

ਇਕ ਇਤਿਹਾਸਕ ਉਦਾਹਰਨ ਵੀ ਹੈ। ਮਹਾਤਮਾ ਗਾਂਧੀ ਦੇ ਕਤਲ ਤੋਂ ਬਾਅਦ ਸਾਰਾ ਦੇਸ਼ ਗਮ ਤੇ ਗੁੱਸੇ ਵਿਚ ਸੀ ਲੇਕਿਨ ਜਦੋਂ ਨੱਥੂ ਰਾਮ ਗੋਡਸੇ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਤਾਂ ਮਹਾਤਮਾ ਗਾਂਧੀ ਦਾ ਪੁੱਤਰ ਹੀ ਉਸ ਵੱਲੋਂ ਰਹਿਮ ਦੀ ਅਪੀਲ ਲੈ ਕੇ ਉਸ ਵੇਲੇ ਦੇ ਗਵਰਨਰ ਜਨਰਲ ਕੋਲ ਗਿਆ। ਉਸ ਨੇ ਦਰਖ਼ਾਸਤ ਕੀਤੀ ਕਿ ਨੱਥੂ ਰਾਮ ਗੋਡਸੇ ਨੇ ਗਾਂਧੀ ਦੇ ਸਰੀਰ ਦਾ ਕਤਲ ਕੀਤਾ ਹੈ ਪਰ ਜੇ ਇਹ ਫਾਂਸੀ ਦੇ ਦਿੱਤੀ ਗਈ ਤਾਂ ਉਸ ਦੀ ਰੂਹ ਦਾ ਕਤਲ ਹੋਵੇਗਾ ਕਿਉਂਕਿ ਗਾਂਧੀ ਕਦੇ ਫਾਂਸੀ ਦੀ ਹਿਮਾਇਤ ਨਹੀਂ ਕਰ ਸਕਦਾ ਸੀ। ਉਸ ਦੀ ਦਰਖ਼ਾਸਤ ਰੱਦ ਹੋ ਗਈ ਪਰ ਉਸ ਦਾ ਵਿਚਾਰ ਇਤਿਹਾਸਕ ਸਥਾਨ ਰੱਖਦਾ ਹੈ।

ਸੁਨੀਲ ਜਾਖੜ ਨੇ ਰਾਜੋਆਣਾ ਦੀ ਫਾਂਸੀ ਮੁਆਫ਼ ਕਰਨ ਖ਼ਿਲਾਫ਼ ਪੁੱਛਿਆ ਹੈ ਕਿ ਭਾਜਪਾ ਦਾ ਅਤਿਵਾਦ ਪ੍ਰਤੀ 'ਜ਼ੀਰੋ ਟਾਲਰੈਂਸ' ਕਿੱਧਰ ਗਿਆ। ਉਸ ਦਾ ਸਵਾਲ ਵਾਜਬ ਹੈ ਹਾਲਾਂਕਿ ਫਾਂਸੀਆਂ ਨਾਲ ਅਤਿਵਾਦ ਨਹੀਂ ਰੁਕ ਸਕਦੇ। ਇਹ ਗੋਲੀਆਂ ਤੇ ਫ਼ਰਜ਼ੀ ਮੁਕਾਬਲਿਆਂ ਨਾਲ ਵੀ ਨਹੀਂ ਰੁਕ ਸਕਦੇ, ਸਰਜੀਕਲ ਸਟਰਾਈਕਾਂ ਤੇ ਹਵਾਈ ਬੰਬਾਰੀਆਂ ਨਾਲ ਵੀ ਨਹੀਂ, ਨਾ ਹੀ ਆਰ ਪਾਰ ਦੇ ਫੈਸਲੇ ਦੇ ਅਲਟੀਮੇਟਮਾਂ ਨਾਲ ਤੇ ਨਾ ਹੀ ਹਜ਼ਾਰਾਂ ਕਰੋੜ ਡਾਲਰਾਂ ਦੇ ਜੰਗੀ ਸਮਾਨ ਨਾਲ। ਇਨ੍ਹਾਂ ਨੂੰ ਰੋਕਣ ਵਾਸਤੇ ਡੂੰਘੇ ਅਧਿਐਨ ਅਤੇ ਖੋਜ ਦੀ ਲੋੜ ਹੈ, ਮੁਕੰਮਲ ਅਹਿੰਸਾ, ਜਮਹੂਰੀਅਤ ਤੇ ਇਨਸਾਫ਼ ਦੇ ਤਕਾਜ਼ਿਆਂ ਪ੍ਰਤੀ ਆਸਥਾ ਉਸਾਰਨ ਦੀ ਲੋੜ ਹੈ। ਇਸ ਵਾਸਤੇ ਲੋੜ ਹੈ ਕਿ ਬੰਦਾ ਮੂਹ ਨਾਲ ਗੱਲ ਕਰਨੀ ਸਿੱਖੇ, ਹਰ ਇਕ ਨਾਲ ਅਤੇ ਹਰ ਮਸਲੇ ਬਾਰੇ।

ਅਤਿਵਾਦ ਗੈਰ ਇਨਸਾਨੀ ਵਤੀਰਾ ਹੈ, ਇਹ ਘਿਨਾਉਣਾ ਅਪਰਾਧ ਹੈ, ਹਰ ਕਤਲ ਘਿਨਾਉਣਾ ਅਪਰਾਧ ਹੈ। ਫਾਂਸੀ ਵੀ ਇਕ ਕਤਲ ਹੈ ਅਤੇ ਅੱਜ ਦੇ ਸੱਭਿਅਕ ਮਿਆਰ ਵਿਚ ਕਾਤਲ ਦਾ ਕਤਲ ਵੀ ਗੁਨਾਹ ਹੈ, ਪਾਪ ਹੈ। ਸਵਾਲ ਹੈ: ਕੀ ਜਿਹੜਾ ਅਤਿਵਾਦੀ, ਘਿਨਾਉਣਾ ਕਾਤਲ ਹੋਰਨਾਂ ਦੇ ਜੀਵਨ ਦਾ ਹੱਕ ਖੋਂਹਦਾ ਹੈ, ਖੁਦ ਜ਼ਿੰਦਾ ਰਹਿਣ ਦਾ ਹੱਕ ਰੱਖਦਾ ਹੈ ਕਿ ਨਹੀਂ ? ਠੀਕ ਹੈ, ਉਸ ਦੇ ਜਿਊਣ ਦਾ ਹੱਕ ਨਹੀਂ ਰਹਿੰਦਾ ਪਰ ਸੱਭਿਅਕ ਇਨਸਾਨੀ ਸਮਾਜ ਦੀ ਆਪਣੀ ਮਜਬੂਰੀ ਹੈ ਕਿ ਉਹ ਕਿਸੇ ਇਨਸਾਨ ਨੂੰ ਜਾਨੋਂ ਨਹੀਂ ਮਾਰ ਸਕਦਾ, ਮੌਤ ਦੀ ਸਜ਼ਾ ਨਹੀਂ ਦੇ ਸਕਦਾ। ਹਾਂ, ਇਸ ਦਾ ਹੱਲ ਅਦਾਲਤਾਂ ਨੇ ਉਮਰ ਭਰ ਦੀ ਕੈਦ ਕੱਢਿਆ ਹੈ, ਬੰਦਾ ਜ਼ਿੰਦਾ ਤਾਂ ਰਹੇਗਾ ਪਰ ਸਮਾਜ ਵਿਚ ਨਹੀਂ, ਜੇਲ੍ਹ ਵਿਚ।

ਕੋਈ ਮੰਨੇ ਜਾਂ ਨਾ ਮੰਨੇ, ਫਾਂਸੀ ਦੀ ਸਜ਼ਾ ਬਾਰੇ ਸਾਡੇ ਮੁਲਕ ਵਿਚ ਵੀ ਵੱਡੀ ਨਾ-ਪਸੰਦਗੀ ਪੈਦਾ ਹੋ ਰਹੀ ਹੈ। ਪਹਿਲਾਂ ਤਾਂ ਜੱਜ ਹੀ ਬਹੁਤ ਘੱਟ ਫਾਂਸੀਆਂ ਦਿੰਦੇ ਹਨ। ਸੁਪਰੀਮ ਕੋਰਟ ਨੇ ਵੀ ਘਿਨਾਉਣੇ ਤੋਂ ਘਿਨਾਉਣੇ ਕੇਸ ਦੀ ਸ਼ਰਤ ਰੱਖੀ ਹੈ। ਫਿਰ ਜਿਨ੍ਹਾਂ ਨੂੰ ਅਦਾਲਤਾਂ ਨੇ ਫਾਂਸੀਆਂ ਸੁਣਾਈਆਂ ਹੋਈਆਂ ਹਨ, ਸਰਕਾਰਾਂ ਦਸ ਦਸ ਵੀਹ ਵੀਹ ਸਾਲ ਤੱਕ ਲਟਕਾਈ ਰੱਖਦੀਆਂ ਹਨ। ਸਪੱਸ਼ਟ ਹੈ ਕਿ ਅਧਿਕਾਰੀਆਂ ਦਾ ਵੀ ਅਜਿਹੇ ਹੁਕਮਾਂ ਨੂੰ ਅਮਲ ਵਿਚ ਲਿਆਉਣ ਦਾ ਜੀਅ ਨਹੀਂ ਕਰਦਾ। ਲੰਮੀ ਝਿਜਕ ਪੈਦਾ ਹੋ ਗਈ ਹੈ। ਸੱਚਮੁੱਚ ਹੀ ਕਿਸੇ ਜਿਉਂਦੇ ਬੰਦੇ ਨੂੰ ਦਿਨ ਅਤੇ ਵਕਤ ਮਿਥ ਕੇ, ਲਿਜਾ ਕੇ ਜਾਨੋਂ ਮਾਰ ਦੇਣਾ ਸੌਖਾ ਕੰਮ ਨਹੀਂ। ਜੇਲ੍ਹ ਦੇ ਦਰਵਾਜ਼ੇ ਦੇ ਬਾਹਰ ਐਸੇ ਬੰਦੇ ਦੀ ਲਾਸ਼ ਲੈਣ ਵਾਸਤੇ ਲੋਕ ਹਾਜ਼ਰ ਹੋ ਜਾਂਦੇ ਨੇ ਜੋ ਅਜੇ ਜਿਊਂਦਾ ਹੁੰਦਾ ਹੈ। ਇਸ ਤੋਂ ਵੱਡਾ ਦਰਦਨਾਕ ਮੰਜ਼ਰ ਹੋਰ ਕਿਹੜਾ ਹੋ ਸਕਦਾ ਹੈ ?

ਅਜਿਹੇ ਮੰਜ਼ਰਾਂ ਤੇ ਅਜਿਹੀਆਂ ਝਿਜਕਾਂ ਤੋਂ ਬਚਣ ਵਾਸਤੇ ਅਤੇ ਰਾਜੋਆਣਾ ਦੀ ਫਾਂਸੀ ਦੀ ਮੁਆਫ਼ੀ ਵਿਰੁੱਧ ਉੱਠਦੇ ਸਵਾਲਾਂ ਤੋਂ ਬਚਣ ਵਾਸਤੇ, ਜਿਨ੍ਹਾਂ ਦਾ ਸੱਚਮੁੱਚ ਸਰਕਾਰ ਕੋਲ ਮਕਬੂਲ ਜਵਾਬ ਨਹੀਂ, ਫਾਂਸੀ ਦੀ ਸਜ਼ਾ ਦੇ ਵਿਧਾਨ ਨੂੰ ਹਮੇਸ਼ਾਂ ਵਾਸਤੇ ਖ਼ਤਮ ਕਰਨਾ ਹੀ ਇਕੋ ਹੱਲ ਹੈ। ਇਸ ਨਾਲ ਗਾਂਧੀ ਦਾ ਦੇਸ਼ ਵੀ ਆਲਮੀ ਪੰਚਾਇਤ ਦੇ ਫੈਸਲੇ ਨੂੰ ਪ੍ਰਵਾਨਗੀ ਦਾ ਭਾਗੀ ਬਣ ਜਾਵੇਗਾ। ਆਖ਼ਰੀ ਗੱਲ, ਕੋਈ ਇਨ੍ਹਾਂ ਸਤਰਾਂ ਦੇ ਲੇਖਕ ਤੋਂ ਪੁੱਛ ਸਕਦਾ ਹੈ ਕਿ ਜੇ ਫਾਂਸੀਆਂ ਦਾ ਕਾਨੂੰਨ ਖ਼ਤਮ ਨਹੀਂ ਹੁੰਦਾ, ਜੇ ਸਭ ਦੀਆਂ ਫਾਂਸੀਆਂ ਰੱਦ ਨਹੀਂ ਹੁੰਦੀਆਂ ਤਾਂ ਕੀ ਰਾਜੋਆਣਾ ਦੀ ਸਜ਼ਾ ਕਾਇਮ ਰਹਿਣੀ ਚਾਹੀਦੀ ਹੈ ? ਨਹੀਂ, ਇਹ ਜਵਾਬ ਨਹੀਂ ਦਿੱਤਾ ਜਾਵੇਗਾ, ਜੋ ਇਕ ਅੱਧ ਵੀ ਰੱਦ ਹੋਈ ਹੈ, ਸ਼ੁਕਰ ਹੈ; ਸ਼ਾਇਦ ਇਸ ਦੇ ਨਾਲ ਹੀ ਸਭ ਦੀਆਂ ਰੱਦ ਹੋਣ ਦਾ, ਇਸ ਰਿਵਾਇਤ ਨੂੰ ਮੂਲੋਂ ਖ਼ਤਮ ਕਰਨ ਦਾ ਕੋਈ ਰਸਤਾ ਬਣੇ।

(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)

# ਕੀ ਦੱਖਣ ਏਸ਼ੀਆ 'ਚ ਹਿੰਦੂ ਸਾਮਰਾਜ ਦੀ ਸਥਾਪਤੀ ਸਿੱਖਾਂ ਅਤੇ ਦਲਿਤਾਂ ਨੂੰ ਸੱਚਮੁੱਚ ਖਾ ਜਾਵੇਗੀ ?

**ਸੁਰਿੰਦਰ ਸਿੰਘ**, (ਟਾਕਿੰਗ ਪੰਜਾਬ)

## ਸਿੱਖਾਂ ਅਤੇ ਮੂਲਨਿਵਾਸੀਆਂ ਦੀ ਤ੍ਰਾਸਦੀ



1925 'ਚ ਜਦੋਂ ਸੰਘ ਹੋਂਦ ਗ੍ਰਹਿਣ ਕਰਦਾ ਹੈ ਤਾਂ ਇਹਦੇ ਲੀਡਰਾਂ ਨੇ ਕੁੱਝ ਅਜਿਹੀਆਂ ਨਿਸ਼ਾਨਦੇਹੀਆਂ 'ਤੇ ਡੂੰਘਾ ਅਧਿਐਨ ਕਰਦੇ ਹੋਏ ਗੁਪਤ ਸੰਵਿਧਾਨ ਘੜਿਆ ਜਿਸ



'ਤੇ ਜ਼ਿਕਰ ਕਰਨਾ ਜਰੂਰੀ ਬਣ ਜਾਂਦਾ ਹੈ। ਇਹ ਸੰਵਿਧਾਨ 1947 ਤੋਂ ਬਾਅਦ ਕਈ ਸਾਲ ਤੱਕ ਗੁਪਤ ਹੀ ਰਿਹਾ ਜਦੋਂ ਤੱਕ ਇਸ ਕੱਟੜ ਜਮਾਤ ਦੇ ਆਪਣੇ ਹੀ ਕਿਸੇ ਕਾਰਕੁੰਨ ਨੇ ਇਸ ਨੂੰ ਲੀਕ ਨਹੀਂ ਕਰ ਦਿਤਾ। ਬਰਾਹਮਣਵਾਦੀ ਵਿਚਾਰਧਾਰਾ ਦੇ ਅਣਦਿਸਦੇ ਹਮਲਾਵਰ ਅੰਸ਼ ਨੂੰ ਇਸ ਸੰਵਿਧਾਨ 'ਚ ਬਗੈਰ ਕਿਸੇ ਵਿੰਗ ਵਲ਼ ਦੇ ਸਿੱਧੇ ਸਿੱਧੇ ਹੀ ਲਿਖਿਆ ਗਿਆ ਹੈ। ਡਾ. ਹੈਡਗੇਵਾਰ ਅਤੇ ਐਮ ਐਸ ਗੋਲਵਾਲਕਰ ਨੇ ਇਸ ਨੂੰ ਘੜਨ 'ਚ ਮੋਹਰੀ ਭੂਮਿਕਾ ਅਦਾ ਕੀਤੀ। ਜਿਹੜੀਆਂ ਮੁੱਖ ਗੱਲਾਂ ਦਾ ਚਰਚਾ ਜਰੂਰੀ ਹੈ ਉਹਨਾਂ 'ਚ ਸਭ ਤੋਂ ਪਹਿਲਾਂ ਇਹ ਹੈ ਕਿ ਜਿਹੜੀਆਂ ਭਾਰਤ 'ਚ ਹਿੰਦੂ ਅਖਵਾਉਣ 'ਚ ਔਖ ਮਹਿਸੂਸ ਕਰਨ ਵਾਲੀਆਂ ਦੂਜੀਆਂ ਕੌਮਾਂ, ਘੱਟ ਗਿਣਤੀਆਂ ਜਾਂ ਮੁਸਲਮਾਨਾਂ ਨੂੰ ਇਹ ਸੋਚਣ ਲਈ ਮਜ਼ਬੂਰ ਹੋ ਜਾਣ ਕਿ ਉਹ ਹਿੰਦੂ ਕਿਉਂ ਨਹੀਂ ਹਨ। ਬ੍ਰਾਹਮਣਵਾਦੀ ਤਾਕਤਾਂ ਵੱਲੋਂ ਦੂਜੀਆਂ ਕੌਮਾਂ, ਧਰਮਾਂ ਅਤੇ ਘੱਟ ਗਿਣਤੀਆਂ ਨਾਲ ਦੁਸ਼ਮਣੀ ਭਰਿਆ ਸਲੂਕ ਕਰਨਾ ਕਿ ਉਹ ਅਖੰਡ ਭਾਰਤ ਅਤੇ ਰਘੂ-ਕੁਲ ਦੇ ਰਾਮ ਚੰਦਰ ਰਾਜੇ ਦੀ ਛਤਰ ਛਾਇਆ ਹੇਠ ਆਉਣ ਬਾਰੇ ਮਾਨਸਿਕ ਤੌਰ 'ਤੇ ਵਿਚਾਰ ਸ਼ੁਰੂ ਕਰ ਦੇਣ ਅਤੇ ਹੀਣਤਾ ਦਾ ਸ਼ਿਕਾਰ ਹੋ ਕੇ ਮੁੜ ਤੋਂ ਆਦਿ ਕਾਲ ਦੀ ਗੁਲਾਮ ਅਵਸਥਾ 'ਚ ਦਾਖਲ ਹੋ ਜਾਣ। ਤਾਂ ਕਿ ਆਉਣ ਵਾਲੇ ਸਮੇਂ 'ਚ ਉਹ ਦ੍ਰਾਵਿੜਾਂ ਦੇ ਬਾਅਦ ਬਰਾਹਮਣ ਦੇ ਨਵੇਂ ਗ਼ੁਲਾਮ ਬਣ ਸਕਣ। ਇਹਦੇ 'ਚ ਭਾਵੇਂ ਸਿੱਖਾਂ ਦਾ ਜ਼ਿਕਰ ਨਹੀਂ ਹੈ ਪਰ ਜਦੋਂ ਇਹ ਸੰਵਿਧਾਨ ਲਿਖਿਆ ਗਿਆ ਹੋਵੇਗਾ ਸ਼ਾਇਦ ਉਸ ਵੇਲੇ ਪੰਜਾਬ 'ਚ ਸੁੰਦਰ ਸਿੰਘ ਮਜੀਠੀਆ ਨੂੰ ਸਿੱਖਾਂ ਦਾ ਵਾਹਦ ਆਗੂ ਸਥਾਪਤ ਕੀਤਾ ਜਾ ਚੁੱਕਾ ਸੀ ਅਤੇ ਉਸ ਵੇਲੇ ਸਿੱਖ ਮੱਤ ਨੂੰ ਢਾਅ ਲਾਉਣ ਲਈ ਪੰਜਾਬ ਦੀ ਧਰਤੀ 'ਤੇ ਆਰੀਆ ਸਮਾਜ ਲਹਿਰ ਨੂੰ ਪੂਰੀ ਤਰਾਂ ਉਕਸਾਇਆ ਜਾ ਰਿਹਾ ਸੀ। ਇਸ ਦੇ ਨਾਲ ਹੀ ਦਰਬਾਰ ਸਾਹਿਬ ਸਮੇਤ ਹੋਰ ਕਈ ਗੁਰਦੁਆਰਿਆਂ 'ਚ ਹਿੰਦੂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਸਥਾਪਤ ਹੋ ਚੁੱਕੀਆਂ ਸਨ। ਅਜਿਹੇ ਪ੍ਰਕਰਣਾ ਦੇ ਚਲਦਿਆਂ ਸੰਘੀ ਲੀਡਰਾਂ ਨੇ ਇਹ ਵਿਚਾਰ ਪਕਾ ਲਿਆ ਹੋਵੇਗਾ ਕਿ ਸਿੱਖ ਤਾਂ ਹੈਨ ਹੀ ਹਿੰਦੂਆਂ ਦਾ ਹਿੱਸਾ। ਇਸ ਲਈ ਮੁਢਲੇ ਦੌਰ 'ਚ ਸਿੱਖ ਸੰਘ ਦੇ ਨਿਸ਼ਾਨੇ 'ਤੇ ਨਹੀਂ ਸਨ। ਸੰਘ ਦੇ ਗੁਪਤ ਸੰਵਿਧਾਨ ਦੀ ਅਖੀਰਲੀ ਗੱਲ ਧਿਆਨ ਖਿੱਚਣ ਵਾਲੀ ਹੈ ਜਿਸ 'ਚ ਹਿੰਦੂਆਂ ਨੂੰ ਦੂਜੀਆਂ ਕੌਮਾਂ, ਧਰਮਾਂ ਅਤੇ ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਦੀਆਂ ਔਰਤਾਂ ਨਾਲ ਬਲਾਤਕਾਰ ਕਰਨ ਅਤੇ ਬਗੈਰ ਵਿਆਹ ਰਚਾਇਆਂ ਸਰੀਰਕ ਸੰਬੰਧ ਸਥਾਪਤ ਕਰਨ ਦੀ ਰੁਚੀ ਨੂੰ ਪ੍ਰਬਲ ਕਰਨ 'ਤੇ ਜ਼ੋਰ ਦਿਤਾ ਗਿਆ ਹੈ। ਮੌਜੂਦਾ ਸਮੇਂ 'ਚ 4 ਵਰਣਾਂ ਅਤੇ 5 ਹਜ਼ਾਰ ਤੋਂ ਵੱਧ ਜਾਤਾਂ 'ਚ ਵੰਡੇ ਹੋਏ ਲੋਕਾਂ 'ਤੇ ਰਾਜ ਕਰਨ ਅਤੇ ਉਹਨਾਂ ਦੀ ਮਿਹਨਤ ਦੀ ਕਮਾਈ ਨੂੰ ਆਪਣੀਆਂ ਤਜੌਰੀਆਂ 'ਚ ਭਰਨ ਦਾ ਬੇਇਖਲਾਕੀ ਵਿਚਾਰਾਂ ਵਾਲਾ ਬਰਾਹਮਣਵਾਦੀ ਸਿਸਟਮ ਇਸ ਗੁਪਤ ਸੰਵਿਧਾਨ ਨੂੰ ਕਿਸ ਤਰੀਕੇ ਨਾਲ ਆਪਣੇ ਮਨੋਰਥਾਂ ਲਈ ਵਰਤਦਾ ਹੈ ਇਸ ਨੂੰ ਸਮਝਣ ਦਾ ਯਤਨ ਕਰਾਂਗੇ।

1925 'ਚ ਜਿਸ ਵੇਲੇ ਸੰਘ ਦੀ ਸਥਾਪਨਾ ਹੁੰਦੀ ਹੈ ਤਾਂ ਇਹਦੇ ਲੀਡਰਾਂ ਨੇ ਇਸ ਗੱਲ 'ਤੇ ਦੂਰ-ਅੰਦੇਸ਼ੀ ਨਾਲ ਚਰਚਾ ਕੀਤੀ ਕਿ ਹਮੇਸ਼ਾਂ ਵਿਦੇਸ਼ੀ ਧਾੜਵੀਆਂ ਅਤੇ ਹੁਕਮਰਾਨਾਂ ਨਾਲ ਮਿਲ ਕੇ ਰਾਜ ਭਾਗ ਦਾ ਆਨੰਦ ਲੈਂਦੇ ਆ ਰਹੇ ਬਰਾਹਮਣ ਨੂੰ ਆਉਣ ਵਾਲੇ ਸਮੇਂ 'ਚ ਉਹਨਾਂ ਲੋਕਾਂ ਕੋਲੋਂ ਸੱਖਤ ਟੱਕਰ ਮਿਲਣ ਵਾਲੀ ਹੈ ਜਿਹਨਾਂ ਨੂੰ ਬਰਾਹਮਣ ਨੇ ਸਰਾਪਿਆ ਹੋਇਆ ਕਰਮਾਂ ਦੇ ਫ਼ਲ ਦਾ ਭਾਗੀ ਕਹਿ ਕੇ ਗ਼ੁਲਾਮ ਬਣਾਇਆ ਹੋਇਆ ਸੀ। ਇਸ ਸੋਚ ਵਿਚਾਰ ਪਿੱਛੇ ਤੇਜ਼ੀ ਨਾਲ ਪਸਰ ਰਹੀ ਪੱਛਮੀਂ ਸਿਖਿਆ ਪ੍ਰਣਾਲੀ ਸੀ ਜਿਸ ਕਾਰਨ ਭਾਰਤ ਦੇ ਦੱਬੇ ਕੁਚਲੇ ਲੋਕ ਵੀ ਸਿਖਿਆ ਤੱਕ ਪਹੁੰਚ ਬਣਾਉਣ ਲੱਗੇ ਸਨ। ਅੰਗ੍ਰੇਜ਼ੀ ਰਾਜ ਦੌਰਾਨ ਦਲਿਤਾਂ ਵਿੱਚ ਵੀ ਵਿਦਿਆ ਹਾਸਲ ਕਰਨ ਬਾਰੇ ਜਾਗਰੂਕ ਹੋਣ ਅਤੇ ਇਸਦੇ ਫ਼ੈਲਾਅ ਨੇ ਬਰਾਹਮਣਵਾਦੀਆਂ ਨੂੰ ਡਰਾ ਦਿਤਾ ਸੀ। ਉਹਨਾਂ ਨੂੰ ਜਾਪਣ ਲੱਗਾ ਕਿ ਦਲਿਤ ਜੇ ਸਿਖਿਆ ਹਾਸਲ ਕਰ ਗਿਆ ਤਾਂ ਵੇਦਾਂ ਅਤੇ ਪੁਰਾਣਾਂ 'ਚ ਦਰਜ ਮਨੁੱਖਤਾ ਵਿਰੋਧੀ ਅਤੇ ਵਾਪਰਕ ਮਨੋਰਥਾਂ ਵਾਲੇ ਲੁੱਟਮਾਰ ਦੇ ਅਖੌਤੀ ਧਾਰਮਿਕ ਤੌਰ ਤਰੀਕਿਆਂ ਦਾ ਸੱਚ ਜ਼ਾਹਿਰ ਹੋ ਜਾਵੇਗਾ। ਪਰ ਇਹ ਸੱਚ ਬਹੁਤੀ ਦੇਰ ਤੱਕ ਲੁਕਿਆ ਨਹੀਂ ਰਹਿ ਸਕਦਾ ਸੀ ਅਤੇ ਇਸੇ ਤਰਾਂ ਹੋਇਆ। ਗੋਪਾਲ ਬਾਬਾ ਵਾਲੰਗਕਰ ਨੇ 19ਵੀਂ ਸਦੀ ਦੇ ਅਖੀਰ 'ਚ ਦਲਿਤ ਮੂਵਮੈਂਟ ਸ਼ੁਰੂ ਕਰ ਦਿਤੀ ਸੀ ਜਿਸ ਨੂੰ ਸਮਾਜ ਦੇ ਦੱਬੇ ਕੁਚਲੇ ਲੋਕਾਂ ਨੇ ਵੱਡਾ ਸਮਰਥਨ ਦਿਤਾ। ਇਸ ਤੋਂ ਵੀ ਕਈ ਸਾਲ ਪਹਿਲਾਂ ਹਰੀਚੰਦ ਠਾਕੁਰ ਨੇ ਬੰਗਾਲ ਤੋਂ 'ਮਟੂਆ' ਨਾਮ ਦੀ ਲਹਿਰ ਚਲਾਈ ਸੀ ਜਿਹੜੀ ਨਮਾਸੁਦਰਾ ਭਾਈਚਾਰੇ ਦੇ ਲੋਕਾਂ ਦੀਆਂ ਮੁਸ਼ਕਲਾਂ ਦੀ ਤਰਜ਼ਮਾਨੀ ਕਰਦੀ ਸੀ। ਇਸ ਦੇ ਨਾਲ ਹੀ ਜੋਤੀਰਾਓ ਫ਼ੂਲੇ ਦਾ ਕਈ ਦਲਿਤ ਲਹਿਰਾਂ ਨੂੰ ਉਭਾਰਨ 'ਚ ਵਿਸ਼ੇਸ਼ ਯੋਗਦਾਨ ਰਿਹਾ। ਇਸ ਕਿਸਮ ਦੀਆਂ ਬਰਾਹਮਣਵਾਦ ਵਿਰੋਧੀ ਅਤੇ ਆਪਣੇ ਹੱਕਾਂ ਲਈ ਲੜਨ ਵਾਲੀਆਂ ਦਲਿਤ ਲਹਿਰਾਂ ਨੇ ਬਰਾਹਮਣਵਾਦੀਆਂ ਨੂੰ ਸੰਘ ਦਾ ਗੁਪਤ ਸੰਵਿਧਾਨ ਘੜਨ ਅਤੇ ਇੱਕ ਹਿੰਦੂਵਾਦੀ ਸਟੇਟ ਦੀ ਪਹਿਚਾਣ ਬਨਾਉਣ ਲਈ ਲਗਾਤਾਰ ਕੰਮ ਕਰਨ ਵਾਸਤੇ ਤਿਆਰ ਕੀਤਾ। ਹਾਲਾਂਕਿ ਦਲਿਤਾਂ ਦੀਆਂ ਇਹ ਲਹਿਰਾਂ ਬਹੁਤ ਜ਼ਬਰਦਸਤ ਕਹੀਆਂ ਜਾ ਸਕਦੀਆਂ ਸਨ ਅਤੇ 1920 ਦੇ ਬਾਅਦ ਵੀ ਭਾਰਤ ਦੀ ਰਾਜਨੀਤੀ 'ਤੇ ਇਹਨਾਂ ਲਹਿਰਾਂ ਦਾ ਵੱਡਾ ਅਸਰ ਪਿਆ ਪਰ ਹਿੰਦੂਵਾਦੀ ਸਟੇਟ ਦੇ ਉਭਾਰ ਲਈ ਬਣੇ ਆਰ.ਐਸ. ਐਸ. ਦੇ ਅੰਦਰੂਨੀ ਢਾਂਚੇ ਦੀ ਰੀੜ੍ਹ ਨੇ ਸੰਸਾਰ ਦੀਆਂ ਉਹਨਾਂ ਵੱਡੀਆਂ ਤਾਕਤਾਂ ਤੋਂ ਲੁਕਵੀਂ ਮਦਦ ਹਾਸਲ ਕਰ ਲਈ ਜਿਹੜੀਆਂ ਸੰਘ ਦੀਆਂ ਘੱਟ ਗਿਣਤੀ ਕੌਮਾਂ ਨੂੰ ਨਿਗਲ ਜਾਣ ਵਾਲੀਆਂ ਨੀਤੀਆਂ ਦੀਆਂ ਧਾਰਨੀ ਸਨ। ਇਸ ਲਈ ਮਾਨਵਵਾਦੀ ਵਿਚਾਰਧਾਰਾ ਦੀ ਨਿੱਗਰਤਾ ਵਾਲੀਆਂ ਦਲਿਤ ਲਹਿਰਾਂ ਦੇ ਮੁਕਾਬਲੇ ਹਿੰਦੂਵਾਦੀ ਤਾਕਤ ਇੱਕ ਵੱਡਾ ਬੰਦੇ ਖਾਣਾ ਦਿਓ ਬਣ ਕੇ ਲਗਾਤਾਰ ਉੱਭਰਦੀ ਗਈ। ਆਪਣੀਆਂ ਇਹਨਾਂ ਨੀਤੀਆਂ ਨੂੰ ਵੱਡੇ ਪੱਧਰ 'ਤੇ ਲਾਗੂ ਕਰਨ ਲਈ ਸੰਘ ਨੂੰ ਜਨਮ ਦੇਣ ਵਾਲੀ ਮੁਢਲੀ ਲੀਡਰਸ਼ਿਪ ਨੇ ਪੰਜਾਬ 'ਚ ਬ੍ਰਹਮੋ ਸਮਾਜ ਅਤੇ ਆਰੀਆ ਸਮਾਜ ਨਾਮ ਨਾਲ ਕੁੱਝ ਲਹਿਰਾਂ ਮਹਿਜ਼ ਪਰਖ ਕਰਨ ਲਈ ਚਲਾ ਕੇ ਇਸ ਦੀ ਜ਼ਬਰਦਸਤ ਸ਼ੁਰੂਆਤ ਕਰ ਦਿਤੀ ਸੀ।

ਪੰਜਾਬ ਦੇ ਜੱਟਾਂ ਦਾ ਪਿਛੋਕੜ ਰਾਜਪੂਤ ਕਬੀਲਿਆਂ ਨਾਲ ਜੋੜਿਆ ਜਾਣਾ ਸਹੀ ਨਹੀਂ ਹੈ। ਭਾਰਤੀ ਮੂਲਨਿਵਾਸੀਆਂ ਦੇ ਬਹੁਤੇ ਕਬੀਲੇ ਜਿਹੜੇ ਆਰੀਅਨ ਬ੍ਰਾਹਮਣਾਂ ਦੇ ਜ਼ੁਲਮ ਕਾਰਨ ਲੰਮਾਂ ਸਮਾਂ ਜੰਗਲਾਂ 'ਚ ਰਹਿਣ ਲਈ ਮਜ਼ਬੂਰ ਹੋ ਗਏ ਸਨ। ਇਸ ਦੇ ਬਾਅਦ ਮੌਰੀਆ ਸਾਮਰਾਜ ਦੇ ਕਾਲ ਸਮੇਂ ਮੁੜ ਤੋਂ ਪੰਜਾਬ ਦੇ ਮੈਦਾਨਾਂ 'ਚ ਆ ਵੱਸੇ ਅਤੇ ਇਹਨਾਂ ਕਬੀਲਿਆਂ ਨੇ ਖੇਤੀਬਾੜੀ ਦਾ ਧੰਦਾ ਸ਼ੁਰੂ ਕਰ ਦਿੱਤਾ ਸੀ। ਮੌਰੀਆ ਸਾਮਰਾਜ ਦੇ ਅੰਤ ਤੋਂ ਬਾਅਦ ਬ੍ਰਾਹਮਣੀ ਸਮਾਜ ਦਾ ਇਹਨਾਂ ਲੋਕਾਂ ਨਾਲ ਵੈਰ ਵਿਰੋਧ ਚੱਲਦਾ ਰਿਹਾ ਪਰ ਇਹ ਵੈਰ ਵਿਰੋਧ ਦ੍ਰਾਵਿੜਾਂ ਅਤੇ ਆਰੀਆਈ ਲੋਕਾਂ ਦਰਮਿਆਨ ਚੱਲੀਆਂ ਖ਼ੂਨੀ ਲੜਾਈਆਂ ਵਾਂਗ ਨਹੀਂ ਸੀ। ਲੋਧੀ ਸਾਮਰਾਜ ਦੇ ਬਾਅਦ ਮੁਗ਼ਲਾਂ ਦੇ ਹਮਲਿਆਂ ਦੌਰਾਨ ਪਿਛੋਕੜ 'ਚ ਮੂਲਨਿਵਾਸੀਆਂ ਨਾਲ ਸਬੰਧਤ ਜੱਟ ਕਬੀਲਿਆਂ ਨੂੰ ਪੰਜਾਬ ਦੇ ਦਰਿਆਈ ਇਲਾਕਿਆਂ ਦੇ ਨਾਲ ਨਾਲ ਚੰਗੀ ਤਰਾਂ ਸਥਾਪਤ ਹੋਣ ਦਾ ਮੌਕਾ ਮਿਲ ਗਿਆ।

ਸੋ ਪੰਜਾਬ ਅਤੇ ਉੱਤਰੀ ਭਾਰਤ ਦੇ ਦਰਿਆਵਾਂ ਦੇ ਕੰਢੇ ਦੇ ਇਲਾਕਿਆਂ 'ਚ ਧੜੱਲੇ ਨਾਲ ਖ਼ੁਸ਼ਹਾਲ ਜ਼ਿੰਦਗੀ ਜਿਉਂਦੇ ਜੱਟ ਕਬੀਲਿਆਂ ਦੇ ਲੋਕ ਆਪਣੀਆਂ ਲੜਨ ਮਰਨ ਦੀਆਂ ਜੈਨੇਟਿਕ ਰੁਚੀਆਂ ਕਾਰਨ ਚਮਕੌਰ ਦੀ ਜੰਗ ਦੇ ਬਾਅਦ ਸਿੰਘ ਸਜ ਗਏ। ਗੁਰੂ ਕਾਲ ਦੌਰਾਨ ਸਿੱਖ ਇਨਕਲਾਬ ਦਾ ਜੇ ਕਿਸੇ ਨੇ ਸੱਭ ਤੋਂ ਵੱਧ ਅਸਰ ਕਬੂਲ ਕੀਤਾ ਤਾਂ ਉਹ ਜੱਟ ਕਬੀਲਿਆਂ ਨੇ ਕੀਤਾ। ਹਾਲਾਂਕਿ ਨੌਵੇਂ ਪਾਤਸ਼ਾਹ ਤੱਕ ਮੂਲਨਿਵਾਸੀਆਂ ਦੀ ਇਹ ਧਿਰ ਅੰਸ਼ਕ ਰੂਪ ਵਿਚ ਹੀ ਸਿੱਖੀ ਧਾਰਨ ਕਰਦੀ ਹੈ ਪਰ ਬੰਦਾ ਸਿੰਘ ਬਹਾਦਰ ਦੇ ਬਾਅਦ ਇਸ ਧਿਰ ਨੇ ਪੰਜਾਬ 'ਚ ਇੱਕ ਵੱਖਰਾ ਸਿੱਖ ਰਾਜ ਸਥਾਪਤ ਕਰਨ ਵੱਲ ਕਦਮ ਪੁੱਟ ਲਏ ਸਨ। ਇਸ ਲਈ ਬ੍ਰਾਹਮਣ ਵਾਸਤੇ ਇਹ ਜਰੂਰੀ ਹੋ ਗਿਆ ਕਈ ਉਹ ਮੂਲਨਿਵਾਸੀਆਂ 'ਚ ਪੈਦਾ ਹੋਏ ਜੱਟ ਕਬੀਲਿਆਂ ਨੂੰ ਦਿਮਾਗ਼ੀ ਸੂਝ ਨਾਲ ਖਤਮ ਕਰੇ ਜਾਂ ਘੱਟੋ ਘੱਟ ਉਹਨਾਂ ਨੂੰ ਆਪਸ 'ਚ ਜਾਤੀ ਅਧਾਰਤ ਝਗੜਿਆਂ 'ਚ ਉਲਝਾਈ ਰੱਖੇ।

ਪੰਜਾਬ ਦੀ ਆਜ਼ਾਦੀ ਦੇ ਸੰਬੰਧ 'ਚ ਇਥੇ ਇੱਕ ਵਿਚਾਰ ਹੋਰ ਉਪਰੋਕਤ ਵਿਚਾਰ ਦੇ ਨਾਲ ਨਾਲ ਸਫ਼ਰ ਕਰਦਾ ਹੈ। ਅੰਗ੍ਰੇਜ਼ਾਂ ਵੱਲੋਂ ਪੰਜਾਬ ਨੂੰ ਵੱਖਰਿਆਂ ਤੌਰ 'ਤੇ ਆਜ਼ਾਦ ਕਰਨ ਦੀ ਕਨਸੋਅ ਮਿਲਣ ਦੇ ਨਾਲ ਹੀ ਆਰੀਆਈ ਵਰਗ ਦੇ ਕੱਟੜ ਲੀਡਰਾਂ ਨੇ ਪੰਜਾਬ ਅਤੇ ਸਿੱਖ ਵਿਰੋਧੀ ਤਾਣਾ-ਬਾਣਾ ਬੁਣਨਾ ਸ਼ੁਰੂ ਕਰ ਦਿੱਤਾ ਸੀ। ਇਸ ਤਾਣੇ-ਬਾਣੇ ਦੀ ਪਰਖ ਲਈ ਉਹਨਾਂ ਨੇ ਬ੍ਰਹਮੋ ਸਮਾਜ ਅਤੇ ਆਰੀਆ ਸਮਾਜ ਨੂੰ ਬਾਕੀ ਭਾਰਤ 'ਚ ਪ੍ਰਚਾਰਨ ਦੀ ਬਜਾਏ ਪੰਜਾਬ ਨੂੰ ਚੁਣਿਆ। ਕਿਉਂਕਿ ਇਸ ਖਿੱਤੇ ਅੰਦਰ ਬ੍ਰਾਹਮਣੀ ਸਿਸਟਮ ਗੁਰੂ ਦੇ ਜਾਤਪਾਤ ਵਿਰੋਧੀ ਫ਼ਲਸਫ਼ੇ ਅੱਗੇ ਟਿਕਣਾ ਮੁਸ਼ਕਲ ਸੀ ਇਸ ਲਈ ਇੱਕ ਤੈਅ ਸ਼ੁਦਾ ਯੋਜਨਾ ਤਹਿਤ ਬ੍ਰਾਹਮਣੀ ਤਾਕਤ ਵੱਲੋਂ ਪੰਜਾਬ ਦੇ ਜੱਟ ਨੂੰ ਅਣਐਲਾਨੀਆ ਤੌਰ 'ਤੇ ਸਰਵੋਤਮ ਜਾਤੀ ਦੇ ਮਨੁੱਖ ਦੇ ਤੌਰ 'ਤੇ ਪ੍ਰਚਾਰਿਆ ਜਾਣਾ ਸ਼ੁਰੂ ਕੀਤਾ ਗਿਆ। ਮਨਘੜਤ ਮਨੌਤ ਰਾਹੀਂ ਕਈਆਂ ਸਦੀਆਂ ਤੋਂ ਸਮਾਜ 'ਚ ਕਥਿਤ ਰੂਪ 'ਚ ਉੱਚਾ ਰੁਤਬਾ ਹਾਸਲ ਕਰ ਚੁੱਕੇ ਬ੍ਰਾਹਮਣ ਵੱਲੋਂ ਸਰਵੋਤਮ ਕਹਿਕੇ ਵਡਿਆਇਆ ਜਾਣਾ ਜੱਟ ਜਾਤੀ ਦੇ ਲੋਕਾਂ ਨੂੰ ਹਵਾ ਦੇ ਗਿਆ। ਜਿਹੜਾ ਕਿ ਸਿੱਖ ਸਮਾਜ ਅਤੇ ਖ਼ੁਦ ਜੱਟ ਲਈ ਵੀ ਆਉਣ ਵਾਲੇ ਸਮੇਂ 'ਚ ਮਾਰੂ ਸਾਬਤ ਹੋਣ ਵਾਲਾ ਸੀ। ਇਥੋਂ ਹੀ ਸਿੱਖ ਸਮਾਜ ਅੰਦਰ ਗੁਰੂ ਦਾ ਫ਼ਲਸਫ਼ਾ ਖੁਰਨਾ ਸ਼ੁਰੂ ਹੋ ਗਿਆ ਸੀ। ਰਾਸ਼ਟਰੀ ਸੋਇਮ ਸੇਵਕ ਸੰਘ ਦਾ ਗਠਨ ਅਤੇ ਉਸ ਦੇ ਗੁਪਤ ਸੰਵਿਧਾਨ ਦਾ ਏਜੰਡਾ ਇਸ ਬਾਰੇ ਬਹੁਤ ਕੁੱਝ ਸਪੱਸ਼ਟ ਕਰ ਦਿੰਦਾ ਹੈ।

ਦੂਜੇ ਪਾਸੇ ਬਾਕੀ ਭਾਰਤ 'ਚ ਮੂਲਨਿਵਾਸੀਆਂ ਨੇ ਡਾ. ਅੰਬੇਡਕਰ ਦੀ ਅਗਵਾਈ 'ਚ ਇਨਕਲਾਬੀ ਲਹਿਰ ਦੇ ਬੀਜ ਲੈ ਦਿੱਤੇ ਅਤੇ ਬ੍ਰਾਹਮਣ ਦੀ ਜਕੜਬੰਦੀ 'ਚੋਂ ਨਿਕਲਣ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਸਨ। ਇਹ ਕੋਸ਼ਿਸ਼ਾਂ ਇਸੇ ਲਈ ਸ਼ੁਰੂ ਹੋ ਸਕੀਆਂ ਕਿਉਂਕਿ ਬ੍ਰਾਹਮਣ ਦੀ ਸਾਰੀ ਤਾਕਤ ਅਤੇ ਅਜ਼ਮਾਇਸ਼ ਪੰਜਾਬ ਨੂੰ ਆਜ਼ਾਦ ਕਰਾਉਣ ਲਈ ਸੰਭਾਵੀ ਇਨਕਲਾਬ ਪੈਦਾ ਹੋਣ ਤੋਂ ਰੋਕਣ ਲਈ ਲੱਗੀ ਹੋਈ ਸੀ। ਜਿਵੇਂ ਜਿਵੇਂ ਪੜ੍ਹੇ-ਲਿਖੇ ਦਲਿਤ ਵਿਦਵਾਨਾਂ ਨੇ ਵੇਦਾਂ ਅਤੇ ਪੁਰਾਣਾਂ ਦੀ ਅਸ਼ਲੀਲਤਾ ਅਤੇ ਇਹਨਾਂ ਅੰਦਰ ਵਿਦਮਾਨ ਸਰਮਾਏਦਾਰੀ ਨੂੰ ਉਤਸ਼ਾਹਤ ਕਰਨ ਵਾਲੇ ਦੇਵੀ ਦੇਵਤਿਆਂ ਦੀਆਂ ਕਹਾਣੀਆਂ ਨੂੰ ਲੋਕਾਂ ਸਾਹਮਣੇ ਪੇਸ਼ ਕਰਨਾ ਸ਼ੁਰੂ ਕੀਤਾ ਤਾਂ ਕੇਵਲ ਦਲਿਤ ਹੀ ਨਹੀਂ ਬਲਕਿ ਖਤਰੀ ਅਤੇ ਵੈਸ ਵਰਣਾਂ ਦੇ ਲੋਕ ਵੀ ਬਰਾਹਮਣ ਦੇ ਮਾਇਆ ਜਾਲ ਨੂੰ ਸਮਝਣ ਦਾ ਯਤਨ ਕਰਨ ਲੱਗੇ। ਇਸ ਨਾਲ ਬਰਾਹਮਣ ਨੂੰ ਆਪਣੀ ਸਾਰੀ ਤਾਕਤ ਖ਼ੁਰਦੀ ਜਾਪਣ ਲੱਗੀ। ਬਰਾਹਮਣ ਦੇ ਇਸੇ ਡਰ ਨੇ 1947 ਤੋਂ ਬਾਅਦ ਅੱਜ ਦੇ ਭਾਰਤ ਦਾ ਸਰੂਪ ਗ੍ਰਹਿਣ ਕੀਤਾ ਹੈ।

ਬਰਤਾਨਵੀ ਸਾਮਰਾਜ ਕਿਉਂਕਿ ਸਰਮਾਏਦਾਰੀ ਦੇ ਹਿਤਾਂ ਦਾ ਪਾਲਣ ਪੋਸ਼ਣ ਕਰਦਾ ਸੀ ਅਤੇ ਹਿੰਦੂ ਵੇਦ ਗ੍ਰੰਥ ਵੀ ਅੰਗ੍ਰੇਜ਼ ਨੂੰ ਅਜਿਹਾ ਕਰਨ ਦੀ ਖੁੱਲ੍ਹ ਪ੍ਰਦਾਨ ਕਰਦੇ ਸਨ ਇਸ ਲਈ ਦੋਵਾਂ ਧਿਰਾਂ ਦੀ ਅੰਦਰੂਨੀ ਮਿੱਤਰਤਾ ਹੋਣੀ ਸੁਭਾਵਿਕ ਸੀ। ਇਸ ਗੱਲ ਨੂੰ ਤੱਥਾਂ 'ਤੇ ਆਧਾਰਤ ਸਿੱਧ ਕੀਤਾ ਜਾ ਸਕਦਾ ਹੈ ਕਿ 1947 ਜਿਹੜੀਆਂ ਘਟਨਾਵਾਂ ਭਾਰਤ 'ਚ ਵਾਪਰਦੀਆਂ ਹਨ ਉਹਨਾਂ ਨੂੰ ਆਜ਼ਾਦੀ ਅਤੇ ਮੁਲਕ ਦੀ ਵੰਡ ਹੋਣ ਦਾ ਨਾਮ ਕਿਵੇਂ ਦਿਤਾ ਗਿਆ। ਇਹ ਸਪੱਸ਼ਟ ਦਿਖਾਈ ਦਿੰਦਾ ਹੈ ਕਿ ਅੰਗ੍ਰੇਜ਼ ਅਤੇ ਬਰਾਹਮਣ ਨੇ ਆਪਸੀ ਮਿਲੀਭੁਗਤ ਨਾਲ ਗ਼ੈਰ ਹਿੰਦੂ ਸਮਾਜ ਨੂੰ ਇੱਕ ਲੰਬੇ ਸਮੇਂ ਲਈ ਲੁੱਟਣ ਅਤੇ ਕੁੱਟਣ ਦਾ ਇੰਤਜ਼ਾਮ ਕਰ ਲਿਆ ਸੀ। ਗ਼ੈਰ ਹਿੰਦੂ ਅਤੇ ਗ਼ੈਰ ਬਰਾਹਮਣ ਕੌਮਾਂ ਬਰਾਹਮਣ ਨੂੰ ਨਫ਼ਰਤ ਕਰਨ ਅਤੇ ਉਸ ਦੇ ਖ਼ਿਲਾਫ਼ ਬਾਹਰਮੁਖੀ ਵਿਚਾਰਧਾਰਾ ਸਥਾਪਤ ਕਰ ਲੈਣ, ਇਹ ਗੱਲ ਭਾਰਤੀ ਸਿਸਟਮ ਨੂੰ ਸੁਖਾਂਦੀ ਤਾਂ ਹੈ ਪਰ ਸਿਰਫ ਉਪਰਲੀ ਜ਼ਿੰਦਾਬਾਦ-ਮੁਰਦਾਬਾਦ ਤੱਕ। ਬਰਾਹਮਣਵਾਦ ਵਿਰੋਧ 'ਚ ਉੱਠ ਰਹੀ ਵਿਚਾਰਧਾਰਾ ਕਿਧਰੇ ਅੰਤਰਮੁਖੀ ਹੋ ਕੇ ਜਥੇਬੰਦ ਨਾ ਹੋ ਜਾਵੇ ਇਸ ਗੱਲ ਦੀ ਦਵਾਈ ਵੀ ਸਿਸਟਮ ਨੇ ਤਿਆਰ ਕਰ ਲਈ। 5 ਹਜ਼ਾਰ ਜਾਤਾਂ ਨੂੰ ਆਪਸ 'ਚ ਇੱਕ ਦੂਜੇ ਦੇ ਵਿਰੁੱਧ ਇਸ ਤਰਾਂ ਲਾਮਬੰਦ ਕਰ ਦਿਤਾ ਗਿਆ ਕਿ ਅੱਜ ਉਹ ਰਾਖਵੇਂਕਰਣ ਦੀ ਜਿਲ੍ਹਣ ਵਿਚ ਫਸੇ ਰਹਿਣਾ ਚਾਹੁੰਦੇ ਹਨ ਜਿਹੜੀ ਉਹਨਾਂ ਨੂੰ ਬਰਾਹਮਣ ਦੇ ਸਵਰਗ ਨਰਕ ਦੇ ਕਰਮਕਾਂਡੀ ਗਣਿਤ 'ਚ ਉਲਝਾ ਕੇ ਆਜ਼ਾਦੀ ਦੇ ਮਾਰਗ ਤੋਂ ਹੋਰ ਦੂਰ ਲਿਜਾ ਰਹੀ ਹੈ।

ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਇੱਕ ਅਜਿਹਾ ਨਾਮ ਹੈ ਜਿਸਨੂੰ ਦਲਿਤਾਂ ਵੱਲੋਂ ਦੇਵਤੇ ਵਾਂਗ ਪੂਜਿਆ ਜਾਂਦਾ ਹੈ। ਪਰ ਜਦੋਂ ਅੰਗ੍ਰੇਜ਼ੀ ਰਾਜ ਦੇ ਭਾਰਤ 'ਚ ਦਲਿਤ ਲਹਿਰ ਦੇ ਜ਼ੋਰ ਸਮੇਂ ਹੁਕਮਰਾਨ ਨੇ ਦਲਿਤਾਂ ਲਈ ਡਿਪਰੈੱਸਡ ਕਲਾਸਿਸ ਦੀ ਥਾਂ 'ਤੇ ਸ਼ਿਡਿਊਲ ਕਾਸਟਸ ਸ਼ਬਦ ਨੋਟੀਫ਼ਾਈ ਕੀਤਾ ਅਤੇ ਕਾਨੂੰਨ ਮੁਤਾਬਕ ਦਲਿਤਾਂ ਨੂੰ ਅੰਸੈਂਬਲੀ ਵਾਸਤੇ ਸੀਟਾਂ ਰਾਖਵੀਂਆਂ ਕਰ ਦਿਤੀਆਂ ਤਾਂ ਬਰਾਹਮਣਵਾਦੀ ਤਾਕਤਾਂ ਦੀ ਛਾਤੀ 'ਤੇ ਸੱਪ ਲੇਟਣਾ ਸੁਭਾਵਿਕ ਸੀ। ਇਸ ਤਰਾਂ ਭਾਰਤੀ ਅਸੈਂਬਲੀਆਂ 'ਚ ਦਲਿਤਾਂ ਦੀ ਚੜ੍ਹਤ ਹੋ ਜਾਣੀ ਸੀ। ਨਹਿਰੂ ਅਤੇ ਹੋਰਨਾਂ ਲੀਡਰਾਂ ਨੇ ਡਾ. ਅੰਬੇਦਕਰ ਨੂੰ ਮਨਾਉਣ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ ਤਾਂ ਕਿ ਉਹ ਅਸੈਂਬਲੀ 'ਚ ਦਲਿਤਾਂ ਵਾਸਤੇ ਰਾਖਵੀਂਆਂ ਸੀਟਾਂ ਦੀ ਮੰਗ ਛੱਡ ਦੇਣ ਪਰ ਉਹ ਆਪਣੇ ਨਿਸ਼ਚੇ 'ਤੇ ਡਟੇ ਰਹੇ ਸਨ। ਆਖਿਰ ਕਈ ਦਿਨਾਂ ਦੀ ਗੱਲਬਾਤ ਅਤੇ ਸਾਲਸੀ ਦੇ ਬਾਅਦ ਅੰਗ੍ਰੇਜ਼ ਵੱਲੋਂ ਪ੍ਰਾਜੈਕਟ ਕੀਤਾ ਹੋਇਆ ਕਰਮਚੰਦ ਗਾਂਧੀ ਡਾ. ਅੰਬੇਦਕਰ ਦੇ ਪੈਰਾਂ ਵਿੱਚ ਡਿੱਗ ਪਿਆ ਅਤੇ ਦਲਿਤ ਲਹਿਰ ਦੇ ਜੜ੍ਹੀਂ ਤੇਲ ਦੇਣ 'ਚ ਕਾਮਯਾਬ ਹੋ ਗਿਆ। ਮੰਨਿਆ ਜਾਂਦਾ ਹੈ ਕਿ ਜੇ ਡਾ. ਅੰਬੇਦਕਰ ਕਿਧਰੇ ਗਾਂਧੀ ਦੀਆਂ ਗੱਲਾਂ 'ਚ ਨਾਂ ਆਉਂਦੇ ਤਾਂ ਅੱਜ ਭਾਰਤ ਦੀ ਤਸਵੀਰ ਕੁੱਝ ਹੋਰ ਤਰਾਂ ਦੀ ਹੋਣੀ ਸੀ।

ਪੰਜਾਬ ਦੇ ਲੋਕ ਦੱਖਣੀ ਏਸ਼ੀਆ ਖਿੱਤੇ ਦੀ ਰਾਜਨੀਤੀ ਨੂੰ ਹਮੇਸ਼ਾਂ ਤੋਂ ਅਸਰਅੰਦਾਜ਼ ਕਰਦੇ ਆਏ ਹਨ। ਇਹ ਗੱਲ ਸਿਸਟਮ ਅਤੇ ਭਾਰਤੀ ਨੀਤੀਘਾੜਿਆਂ ਨੂੰ ਪਤਾ ਹੈ ਅਤੇ ਸੰਘ ਦੇ ਲੀਡਰਾਂ ਨੂੰ ਵੀ। ਇਸ ਲਈ ਸੰਘੀ ਲੀਡਰਾਂ ਨੇ ਪੰਜਾਬ ਨੂੰ ਪ੍ਰਯੋਗਸ਼ਾਲਾ ਵੱਜੋਂ ਵਰਤਿਆ। ਇਹ ਗੱਲ ਪਹਿਲਾਂ ਹੀ ਨਿਰਧਾਰਤ ਸੀ ਕਿ ਦਲਿਤ ਲਹਿਰ ਦੀ ਅੰਗੜਾਈ ਕਾਰਨ ਸਿੱਧੇ ਤੌਰ 'ਤੇ ਹਿੰਦੂ ਸਟੇਟ ਦਾ ਐਲਾਨ ਮਹਿੰਗਾ ਪੈ ਸਕਦਾ ਹੈ। ਇਸ ਦੇ ਨਾਲ ਹੀ ਜੇ ਧਰਮ ਅਧਾਰਤ ਸਟੇਟ ਪਾਕਿਸਤਾਨ ਬਣਨ ਦੀ ਕੰਨਸੋਅ ਦੇ ਚੱਲਦਿਆਂ

**ਬਾਕੀ ਸਫ਼ਾ 32 'ਤੇ**

# ਗੁਰੂ ਨਾਨਕ ਦਰਸ਼ਨ ਤੇ ਸਿੱਖ ਸਾਹਿਤ ਨੂੰ ਚੁਣੌਤੀ

**ਪ੍ਰੋ. ਬਲਵਿੰਦਰਪਾਲ ਸਿੰਘ**
ਮੋਬ. 9815700916

***ਭਾਗ ਦੂਜਾ***

## ਸਿੱਖ ਇਤਿਹਾਸ ਅਤੇ ਸਾਹਿਤ ’ਤੇ ਹਮਲੇ

ਧਰਮ, ਸਾਹਿਤ, ਇਤਿਹਾਸ, ਫਿਲਾਸਫੀ, ਸਭਿਆਚਾਰ, ਮਨੁੱਖੀ ਚੇਤਨਾ ਦੀਆਂ ਅਜਿਹੀਆਂ ਮਹੱਤਵਪੂਰਨ ਪੈਦਾਵਾਰਾਂ ਹਨ, ਜੋ ਮਨੁੱਖੀ ਸਭਿਅਤਾ ਦੇ ਵਿਕਾਸ ਦੌਰਾਨ ਹੋਂਦ ਵਿਚ ਆਈਆਂ ਹਨ ਤੇ ਆਪਣੇ ਵਿਕਾਸ ਦੇ ਵੱਖ-ਵੱਖ ਪੜਾਵਾਂ ’ਤੇ ਵੱਖ-ਵੱਖ ਰੂਪਾਂ ਵਿਚ ਅੰਤਰ ਸੰਬੰਧਿਤ ਰਹੀਆਂ ਹਨ। ਕਿਸੇ ਵੀ ਕੌਮ ਦਾ ਵਿਕਾਸ ਧਰਮ, ਸਾਹਿਤ, ਇਤਿਹਾਸ ਤੇ ਫਿਲਾਸਫੀ ਤੋਂ ਹੀ ਮਾਪਿਆ ਜਾ ਸਕਦਾ ਹੈ ਕਿ ਉਸ ਦਾ ਭਵਿੱਖ ਕਿੰਨਾ ਕੁ ਉਜਵਲ ਹੈ ਤੇ ਕੌਮ ਦੇ ਲੋਕ ਆਪਣੇ ਵਿਰਸੇ ਦੀ ਰਾਖੀ ਲਈ ਕਿੰਨੇ ਕੁ ਸੁਚੇਤ ਹਨ ? ਜਦੋਂ ਕਿਸੇ ਵੀ ਕੌਮ ਨੂੰ ਬਰਬਾਦ ਕਰਨ ਦੀਆਂ ਸਾਜ਼ਿਸ਼ਾਂ ਰਚੀਆਂ ਜਾਂਦੀਆਂ ਹਨ ਜਾਂ ਬਰਬਾਦ ਕੀਤਾ ਜਾਂਦਾ ਹੈ, ਤਾਂ ਸਭ ਤੋਂ ਪਹਿਲਾਂ ਉਸ ਦਾ ਇਤਿਹਾਸ ਤੇ ਸਾਹਿਤ ਨੂੰ ਬਦਲ ਕੇ ਸੱਭਿਆਚਾਰ ਪੱਖੋਂ ਇਹ ਅਹਿਸਾਸ ਕਰਾਇਆ ਜਾਂਦਾ ਹੈ ਕਿ ਤੁਸੀਂ ਸੱਭਿਅਤਾ ਪੱਖੋਂ ਹੀਣੇ ਹੋ। ਤੁਹਾਡਾ ਕੋਈ ਇਤਿਹਾਸ, ਸਾਹਿਤ ਤੇ ਸਭਿਆਚਾਰ ਨਹੀਂ ਹੈ। ਜੇ ਉਹ ਹੈ ਤਾਂ ਉਹ ਘਟੀਆ ਪੱਧਰ ਦਾ ਹੈ। ਇਸੇ ਨੂੰ ਆਧਾਰ ਬਣਾ ਕੇ ਜੇਤੂ ਤੇ ਫਾਸ਼ੀਵਾਦੀ ਕੌਮਾਂ ਦੂਸਰੀਆਂ ਕੌਮਾਂ ਉੱਪਰ ਆਪਣਾ ਸੱਭਿਆਚਾਰ, ਸਾਹਿਤ ਤੇ ਇਤਿਹਾਸ ਲੱਦਦੀਆਂ ਹਨ। ਜੋ ਹਾਰੀਆਂ ਤੇ ਗੁਲਾਮ ਕੌਮਾਂ ਦਾ ਵਿਰਸਾ ਨਹੀਂ ਹੁੰਦਾ, ਉਹ ਵੀ ਉਹਨਾਂ ਦੇ ਖਾਤੇ ਵਿਚ ਪਾ ਦਿੱਤਾ ਜਾਂਦਾ ਹੈ। ਸਿੱਖ ਕੌਮ ਨਾਲ ਅੱਜ ਇਹੀ ਵਾਪਰ ਰਿਹਾ ਹੈ। ਦੁਖਾਂਤ ਇਹ ਹੈ ਕਿ ਇਸ ਸਬੰਧ ਵਿਚ ਸਿੱਖ ਪੰਥ ਸੁਚੇਤ ਨਹੀਂ ਹੈ। ਅਸੀਂ ਤੈਅ ਨਹੀਂ ਕਰ ਪਾਉਂਦੇ ਕਿ ਸਾਡੇ ਵਿਕਾਸ ਦਾ ਰਾਹ ਕੀ ਹੈ, ਸਾਡੀ ਮੰਜ਼ਿਲ ਕੀ ਹੈ ਤੇ ਅਸੀਂ ਕਿਹੜੇ ਮਾਰਗ ’ਤੇ ਤੁਰਨਾ ਹੈ ? ਇਹ ਤੈਅ ਕਰਦੇ ਹਨ ਸਾਡੇ ਦੁਸ਼ਮਣ ਕਿ ਸਾਡੀ ਮੰਜ਼ਿਲ ਅਤੇ ਨਿਸ਼ਾਨਾ ਕੀ ਹੈ ?

ਇਹ ਮਾਨਸਿਕ ਤੇ ਸਰੀਰਕ ਗੁਲਾਮੀ ਦਾ ਵਰਤਾਰਾ ਹੈ, ਜਿਸ ਕਾਰਨ ਸਿੱਖ ਕੌਮ ਤੇ ਇਸ ਦੀਆਂ ਸੰਸਥਾਵਾਂ ਇਸ ਮਾਨਸਿਕ ਤੇ ਕਲਚਰਲ ਹੱਲੇ ਪ੍ਰਤੀ ਸੁਚੇਤ ਨਹੀਂ। ਜੇ ਸੁਚੇਤ ਨਹੀਂ ਤਾਂ ਸੰਭਵ ਹੈ ਕਿ ਉਹ ਇਸ ਹੱਲੇ ਨੂੰ ਰੋਕਣ ਲਈ ਕੋਈ ਉਪਰਾਲੇ ਨਹੀਂ ਕਰ ਸਕੇਗੀ ਤੇ ਨਾ ਹੀ ਆਪਣੀ ਮੰਜ਼ਿਲ ਹਾਸਲ ਕਰ ਸਕੇਗੀ। ਅਜੋਕੇ ਸਮੇਂ ਦੇਖਿਆ ਜਾਵੇ ਕਿ ਸਿੱਖ ਕੌਮ ਆਪਣੇ ਵਿਰਸੇ, ਸਾਹਿਤ, ਇਤਿਹਾਸ ਪ੍ਰਤੀ ਸੁਚੇਤ ਨਹੀਂ ਹੈ।

ਇਹੀ ਕਾਰਨ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਮਿਲਾਵਟ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸਾਡੇ ਇਤਿਹਾਸ, ਫਿਲਾਸਫੀ, ਸੱਭਿਆਚਾਰ, ਸਾਹਿਤ ਵਿਚ ਏਨੀ ਮਿਲਾਵਟ ਕਰ ਦਿੱਤੀ ਗਈ ਹੈ ਜੋ ਗੁਰੂਆਂ ਦੀ ਵਿਚਾਰਧਾਰਾ ਦੇ ਉਲਟ ਵਰਤਾਰਾ ਹੈ। ਮਾਰਕੀਟ ਵਿਚ ਗੁਰਮਤਿ ਵਿਚਾਰਧਾਰਾ ਅਨੁਸਾਰੀ ਬਹੁਤ ਘੱਟ ਸਾਹਿਤ ਮਿਲਦਾ ਹੈ ਜਦ ਕਿ ਇਸ ਦੇ ਉਲਟ ਸਿੱਖ ਸਾਹਿਤ ਦੇ ਨਾਮ ’ਤੇ ਗੁਰਮਤਿ ਸਿਧਾਂਤ ਨੂੰ ਖ਼ਤਮ ਕਰਨ ਵਾਲਾ ਸਾਹਿਤ ਤੇ ਸਿੱਖ ਕੌਮ ਦੇ ਅਕਸ ਨੂੰ ਵਿਗਾੜਨ ਵਾਲਾ ਸਾਹਿਤ ਬੜੇ ਸਾਜਿਸ਼ੀ ਢੰਗ ਨਾਲ ਮਾਰਕੀਟ ਵਿਚ ਸੁੱਟ ਦਿੱਤਾ ਗਿਆ ਹੈ।

‘ਅੱਜ ਬਾਜ਼ਾਰ ਵਿਚ ਖ਼ਾਸ ਸ਼ਬਦਾਂ ਵਾਲੇ ਬਾਣੀਆਂ ਦੇ ਗੁਟਕੇ, ਜਿਹਨਾਂ ਵਿਚ ਗਿਣਤੀ ਮਿਣਤੀ ਦੇ ਪਾਠ ਨਾਲ ਮਨ ਇੱਛਤ ਫਲ ਪ੍ਰਾਪਤ ਕਰਨ ਦਾ ਸਨਾਤਨੀ ਸਭਿਆਚਾਰ ਪੇਸ਼ ਕੀਤਾ ਜਾ ਰਿਹਾ ਹੈ’, ਉਹ ਆਮ ਮਿਲ ਜਾਂਦੇ ਹਨ। ਇਹ ਗੁਰਮਤਿ ਵਿਚਾਰਧਾਰਾ ’ਤੇ ਵੱਡਾ ਹਮਲਾ ਹੈ। ਇਹ ਸਭ ਡੇਰਾਵਾਦੀ ਸ਼ਕਤੀਆਂ ਰਾਹੀਂ ਵਾਪਰ ਰਿਹਾ ਹੈ। ਇਸ ਦਾ ਸ਼੍ਰੋਮਣੀ ਕਮੇਟੀ ਤੇ ਹੋਰ ਪੰਥਕ ਸੰਸਥਾਵਾਂ ਨੇ ਕੋਈ ਨੋਟਿਸ ਨਹੀਂ ਲਿਆ। ਅਸੀਂ ਆਪ ਸੋਚ ਸਕਦੇ ਹਾਂ ਕਿ ਸਿੱਖ ਕੌਮ, ਜਿਸ ਦੀ ਵਿਲੱਖਣ ਸ਼ਾਨ ਦਾ ਆਧਾਰ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਹੈ, ਉਸ ਨੂੰ ਕਿਵੇਂ ਸਨਾਤਨੀ ਰੰਗ ਵਿੱਚ ਪੇਸ਼ ਕੀਤਾ ਜਾ ਰਿਹਾ ਹੈ ਅਤੇ ਗੁਰੂਆਂ ਦੇ ਵਿਰਸੇ ਨੂੰ ਪੁੱਠਾ ਗੇੜਾ ਦਿੱਤਾ ਜਾ ਰਿਹਾ ਹੈ।

**ਕੀ ਹੋਵੇ**

ਸਿੱਖ ਲੇਖਕਾਂ ਕੋਲ ਆਪਣੇ ਕੌਮੀ ਸਰੋਕਾਰਾਂ, ਆਪਣੇ ਸਾਹਿਤ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਕੋਈ ਪਲੇਟਫਾਰਮ ਨਹੀਂ ਹੈ, ਇਹੀ ਕਾਰਨ ਹੈ ਕਿ ਉਸਾਰੂ ਸਿੱਖ ਸਾਹਿਤ ਰਚਿਆ ਨਹੀਂ ਜਾ ਰਿਹਾ ਤੇ ਨਵੀਂ ਪੰਜਾਬੀ ਪੀੜ੍ਹੀ ਦਾ ਸਿੱਖ ਸਾਹਿਤ ਤੋਂ ਮੋਹ ਟੁੱਟ ਰਿਹਾ ਹੈ। ਨਵੀਆਂ ਲਾਇਬਰੇਰੀਆਂ ਹੋਂਦ ਵਿਚ ਨਹੀਂ ਆ ਰਹੀਆਂ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਹਰ ਕੌਮ ਪਾਸ ਗਿਆਨ ਨੂੰ ਨਵੀਨ ਕਰਨ ਦੇ ਲਈ ਉਸ ਦਾ ਆਪਣਾ ਬੁੱਧੀਜੀਵੀ ਵਰਗ ਸਰਗਰਮ ਹੋਣਾ ਚਾਹੀਦਾ ਹੈ। ਇਸ ਲਈ ਜ਼ਰੂਰੀ ਹੈ ਕਿ ਇਕ ਸਾਂਝੀ ਅੰਤਰਰਾਸ਼ਟਰੀ ਸਿੱਖ ਸਾਹਿਤ ਸਭਾ ਤੇ ਗੁਰੂ ਨਾਨਕ ਸਾਹਿੱਤ ਅਕਾਦਮੀ ਦੀ ਸਥਾਪਨਾ ਹੋਵੇ, ਜਿਸ ਵਿਚ ਗੁਰਮਤਿ ਵਿਚਾਰਧਾਰਾ ਤੇ ਸਿਧਾਂਤਾਂ ’ਤੇ ਪਰਪੱਕ ਚਿੰਤਕਾਂ ਰਾਹੀਂ ਸਿੱਖ ਸਾਹਿਤ, ਸਿੱਖ ਇਤਿਹਾਸ ਮੁੜ ਰਚਿਆ ਜਾਵੇ। ਸਿੱਖ ਇਤਿਹਾਸ, ਸਾਹਿਤ, ਸੱਭਿਆਚਾਰ ’ਤੇ ਜੋ ਕਲਮੀ ਹਮਲੇ ਹੋ ਰਹੇ ਹਨ, ਉਸ ਦਾ ਠੋਸ ਤੇ ਢੁੱਕਵਾਂ ਜੁਆਬ ਦਿੱਤਾ ਜਾਵੇ। ਸਿੱਖ ਇਤਿਹਾਸ ਤੇ ਸਾਹਿਤ ਨੂੰ ਜੋ ਸਿੱਖ ਸਿਧਾਂਤਾਂ ’ਤੇ ਗੁਰਮਤਿ ਆਧਾਰਿਤ ਲਿਖਿਆ ਜਾ ਚੁੱਕਾ ਹੈ ਤੇ ਪ੍ਰਮਾਣਿਤ ਹੈ, ਉਸ ਦਾ ਡਿਜਟਿਲੀਕਰਨ ਕੀਤਾ ਜਾਵੇ ਤੇ ਅੰਗਰੇਜ਼ੀ ਤੇ ਹੋਰ ਭਾਰਤੀ ਤੇ ਵਿਦੇਸ਼ੀ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਜਾਵੇ, ਤਾਂ ਜੋ ਪੰਜਾਬ ਤੋਂ ਬਾਹਰ ਰਹਿੰਦੇ ਸਿੱਖ ਤੇ ਇਹਨਾਂ ਦੇ ਬੱਚਿਆਂ ਨੂੰ ਪ੍ਰਮਾਣਿਤ ਵਿਰਸੇ ’ਤੇ ਗਿਆਨ ਪ੍ਰਾਪਤ ਹੋਵੇ ਅਤੇ ਵਿਦੇਸ਼ੀ ਤੇ ਭਾਰਤੀ ਲੋਕ ਵੀ ਕੌਮ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਣ।

ਸ਼੍ਰੋਮਣੀ ਕਮੇਟੀ ਵੱਲੋਂ ਸੈਂਸਰ ਬੋਰਡ ਵਰਗਾ ਅਦਾਰਾ ਬਣਾਇਆ ਜਾਵੇ ਜੋ ਸਿੱਖ ਇਤਿਹਾਸ, ਸਿੱਖ ਸਾਹਿਤ, ਸਿੱਖ ਫਿਲਮਾਂ ਨਾਵਲ, ਨਾਟਕ ਆਦਿ ’ਤੇ ਡੂੰਘੀ ਪੜਚੋਲ ਕਰੇ। ਗੁਰਦੁਆਰਿਆਂ ਵਿਚ ਕਥਾ ਪ੍ਰਵਾਹ ਬਾਰੇ ਪੂਰੀ ਜਾਂਚ ਪੜਤਾਲ ਰੱਖੀ ਜਾਵੇ ਕਿ ਕਥਾ ਕਰਨ ਵਾਲਾ ਸਿੱਖ ਸਿਧਾਂਤਾਂ ਤੋਂ ਬਾਹਰੀ ਹੋ ਕੇ ਸੰਗਤਾਂ ਨੂੰ ਊਲ-ਜਲੂਲ ਕਹਾਣੀਆਂ ਵਿਚ ਨਾ ਉਲਝਾਵੇ। ਗੁਰਦੁਆਰਿਆਂ ਵਿਚ ਕੋਈ ਫਾਲਤੂ ਗ਼ੈਰ-ਪ੍ਰਮਾਣਿਤ ਬਿਪਰਨੀ ਕਾਰਜ ’ਤੇ ਪਾਬੰਦੀ ਲਗਾਈ ਜਾਵੇ ਜਿਵੇਂ ਜੋਤ ਜਗਾਉਣੀ, ਕੁੰਭ ਭਰਨਾ, ਆਰਤੀ ਕਰਨੀ ਆਦਿ। ਸ਼੍ਰੋਮਣੀ ਕਮੇਟੀ ਨਾਲ ਜੁੜੇ ਵਿੱਦਿਅਕ ਅਦਾਰਿਆਂ ਦੀ ਦਿੱਖ ਅਜਿਹੀ ਹੋਣੀ ਚਾਹੀਦੀ ਹੈ, ਜਿਸ ਤੋਂ ਸਿੱਖ ਪਰੰਪਰਾਵਾਂ ਪ੍ਰਤੀਬਿੰਬ ਮਿਲਦਾ ਹੈ। ਉਹਨਾਂ ਵਿੱਦਿਅਕ ਅਦਾਰਿਆਂ ਵਿਚ ਪ੍ਰਮਾਣਿਤ ਸਿੱਖ ਸਾਹਿਤ ਦੀ ਸਿੱਖਿਆ ਦਾ ਪ੍ਰਬੰਧ ਹੋਣਾ ਚਾਹੀਦਾ ਹੈ, ਤਾਂ ਜੋ ਉੱਥੋਂ ਪੜ੍ਹਿਆ ਬੱਚਾ ਸਿੱਖ ਇਤਿਹਾਸ ਤੇ ਗੁਰਮਤਿ ਫਲਸਫ਼ੇ ਨਾਲ ਲੈਸ ਹੋਵੇ। ਸਿੱਖ ਰੈਫਰੈਂਸ ਲਾਇਬਰੇਰੀ ਦੀ ਪੁਨਰ ਸਿਰਜਣਾ ਲਈ ਗੁਆਚੇ ਸਾਹਿਤ ਇਤਿਹਾਸ ਨੂੰ ਮੁੜ ਸਿਰਜਿਆ ਜਾਵੇ। ਉਹ ਪੁਸਤਕਾਂ ਜੋ ਲਾਪਤਾ ਕਰ ਦਿੱਤੀਆਂ ਗਈਆਂ, ਉਸ ਦੀ ਪੁਨਰ ਸਿਰਜਣਾ ਦੇ ਉਪਰਾਲੇ ਕੀਤੇ ਜਾਣ।

**ਅਜੋਕੇ ਸੰਦਰਭ ਵਿਚ ਸਿੱਖ ਚਿੰਤਨ ਘੜਨ ਦੀ ਲੋੜ** : ਸਿੱਖ ਧਰਮ ਦੇ ਫਿਲਾਸਫ਼ਰ ਅਜੋਕੇ ਸਮੇਂ ਹਰਿੰਦਰ ਸਿੰਘ ਮਹਿਬੂਬ, ਡਾ. ਗੁਰਭਗਤ ਸਿੰਘ, ਅਜਮੇਰ ਸਿੰਘ, ਗੁਰਤੇਜ ਸਿੰਘ ਆਈਏਐਸ ਗਿਣੇ ਜਾਂਦੇ ਹਨ। ਇਹਨਾਂ ਸਮਿਆਂ ਦੌਰਾਨ ਕਿਸ਼ਨ ਸਿੰਘ ਨੇ ਭਾਵੇਂ ਮਾਰਕਸਵਾਦ ਨੂੰ ਅਪਨਾ ਕੇ ਨਵਾਂ ਚਿੰਤਨ ਦਿੱਤਾ, ਪਰ ਉਹ ਬਹੁਤ ਉੱਚੇਰੇ ਪੱਧਰ ਦਾ ਹੁੰਦਾ ਹੋਇਆ ਵੀ ਸਫਲ ਨਹੀਂ ਹੋ ਸਕਿਆ। ਕਾਰਨ ਇਹੀ ਹੈ ਕਿ ਕਿਸ਼ਨ ਸਿੰਘ ਮਾਰਕਸਵਾਦ ਤੇ ਗੁਰੂ ਨਾਨਕ ਦਰਸ਼ਨ ਨੂੰ ਰਲਗਡ ਕਰ ਰਹੇ ਸਨ। ਦੋਵੇਂ ਵਿਚਾਰਧਾਰਾਵਾਂ ਵੱਖੋ ਵੱਖਰੀਆਂ ਹਨ। ਗੁਰੂ ਨਾਨਕ ਦਰਸ਼ਨ ਕੁਦਰਤ ਤੇ ਰੱਬ ਨੂੰ ਪ੍ਰਵਾਨ ਕਰਦਾ ਸਮੁੱਚੀ ਮਨੁੱਖਤਾ ਨੂੰ ਕਲਾਵੇ ਵਿਚ ਲੈਂਦਾ ਹੈ, ਜਦ ਕਿ ਮਾਰਕਸਵਾਦ ਸਿਰਫ ਇਕਾਨਿਮਕਸ ਤੱਕ ਸੀਮਤ ਰਹਿੰਦਾ ਹੈ, ਜਿਸ ਦਾ ਮੁਖ ਆਧਾਰ ਆਰਥਿਕਤਾ ਹੈ। ਇਹ ਗੱਲ ਹਾਂ-ਪੱਖੀ ਹੈ ਕਿ ਕਿਸ਼ਨ ਸਿੰਘ ਨੇ ਗੁਰਮਤਿ ਵਿਰੋਧੀ ਖਬੇ ਪਖੀ ਚਿੰਤਕ ਸੰਤ ਸਿੰਘ ਸੇਖੋਂ ਨੂੰ ਬਹਿਸ ਵਿਚ ਢੁਕਵੇਂ ਜੁਆਬ ਦਿੱਤੇ ਹਨ ਤੇ ਗੁਰਮਤਿ ਦਾ ਪੱਖ ਪੂਰਿਆ ਹੈ। ਕਿਸ਼ਨ ਸਿੰਘ ਦਾ ਵਿਚਾਰ ਅੰਤਮ ਨਹੀਂ ਪਰ ਗੁਰੂ ਨਾਨਕ ਦਰਸ਼ਨ ਆਧਾਰਿਤ ਮੌਲਿਕ ਚਿੰਤਨ ਅੱਗੇ ਤੋਰਨ ਲਈ ਲਈ ਉਸ ਦਾ ਵਿਚਾਰ ਸਹਾਇਕ ਹੈ, ਜਿੱਥੇ ਉਹ ਗਰੀਬਾਂ, ਨਿਤਾਣਿਆਂ ਤੇ ਗੁਲਾਮਾਂ ਨੂੰ ਅਜ਼ਾਦੀ ਵਲ ਤੋਰਨ ਦਾ ਮੁਹਾਵਰਾ ਗੁਰਮਤਿ ਰਾਹੀਂ ਪੇਸ਼ ਕਰਦਾ ਹੈ। ਸੇਖੋਂ ਗੁਰੂ ਨਾਨਕ ਸਾਹਿਬ ਦੇ ਵਿਰੋਧ ਵਿਚ ਵਿਚਾਰ ਖੜੇ ਕਰਦਾ ਹੈ। ਇਸ ਦੇ ਉਲਟ ਕਿਸ਼ਨ ਸਿੰਘ ਮਾਰਕਸਵਾਦੀ ਧਾਰਾ ਨੂੰ ਪਾਰ ਕਰਦਾ ਰੱਬ, ਆਤਮਾ ਜਾਂ ਵਿਚਾਰ ਤੇ ‘ਹੁਕਮ’ ਜਾਂ ‘ਭੈਅ’ ਦਾ ਸਿਧਾਂਤ ਪਰਵਾਨ ਕਰਦਾ ਹੈ। “ੴ” ਤੋਂ ਲੈ ਕੇ “ਗੁਰ ਪ੍ਰਸਾਦਿ” ਤਕ ਸਾਰਾ ਮੂਲ ਮੰਤਰ ਗੁਰਬਾਣੀ ਆਧਾਰ ਹੈ, ਜੋ ਉਸ ਵੇਲੇ ਦੇ ਹਿੰਦੂ ਤੇ ਮੁਸਲਿਮ, ਦੋਹਾਂ ਤੋਂ ਨਿਆਰਤਾ ਦੀ ਸੂਚਕ ਤੇ ਪਦਾਰਥਕ ਲਾਈਨ ਕਿਰਤ ਸਿਰਜਦੀ ਹੈ। ਕਿਰਤ ਕੀਤੇ ਬਿਨਾਂ, ਵੰਡ ਛਕੇ ਬਿਨਾਂ ਬੰਦਾ ਨਾਮੀ ਨਹੀਂ ਹੋ ਸਕਦਾ, ਵਾਹਿਗੁਰੂ ਦਾ ਬੰਦਾ ਨਹੀਂ ਹੋ ਸਕਦਾ। ‘ਜਪ’ ਵਾਹਿਗੁਰੂ ਜੀ ਦਾ ਰੂਪ ਹੈ ਤੇ ਬਾਕੀ ਸਾਰੀ ਗੁਰਬਾਣੀ ਏਸ ਰੂਪ ਦੀ ਸਪੱਸ਼ਟਤਾ, ਵਿਆਖਿਆ ਤੇ ਉਪਦੇਸ਼ ਹੈ। ਸਮਾਜ, ਰਾਜਨੀਤੀ, ਮਨੁੱਖ, ਕਾਇਨਾਤ ਵਾਹਿਗੁਰੂ ਦੇ ਹੁਕਮ ਵਿਚ ਹਨ।




ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ੴ ਸੋਮਾ ਹੈ ਤੇ ਗੁਰ ਪ੍ਰਸਾਦਿ ਬਖਸ਼ਿਸ ਹੈ। ਸਾਰੀ ਗੁਰਬਾਣੀ ਦਾਰਸ਼ਨਿਕ ਹੈ, ਸਿਰਫ਼ ਮੈਟਾਫਿਜ਼ਕੀ ਨਹੀ ਹੈ। ਜਿਸ ਤਰ੍ਹਾਂ ਡੇਰੇਦਾਰਾਂ ਨੇ ਮੈਟਾਫਿਜ਼ਕੀ ਬਣਾ ਕੇ ਪੇਸ਼ ਕੀਤਾ ਹੈ। ਮੈਟਾਫਿਜ਼ਕੀ ਤੇ ਸਨਾਤਨਤਾ ਦੀ ਸਰਦਾਰੀ ਤੋੜਨ ਲਈ ਗੁਰੂ ਸਾਹਿਬ ਨੇ ਮੈਟਾਫਿਜ਼ਕੀ ਪਰਤੀਕ ਵਰਤੇ ਹਨ, ਮੰਤਵ ਮਨੁੱਖਤਾ ਦਾ ਇਨਕਲਾਬ ਤੇ ਗੁਰਮੁਖਾਂ ਦੀ ਧਰਤੀ ’ਤੇ ਸਰਦਾਰੀ ਕਾਇਨਾਤ ਨਾਲ ਜੋੜ ਤੇ ਹਲੇਮੀ ਰਾਜ ਹੈ। ਡੇਰੇਦਾਰ ਮੈਟਾਫਿਜ਼ਕੀ ਤੇ ਸਨਾਤਨਤਾ ਨੂੰ ਗੁਰਬਾਣੀ ਦਾਰਸ਼ਨਿਕ ਵਿਆਖਿਆ ਉਪਰ ਲਾਗੂ ਕਰਕੇ ਕੇਸਾਧਾਰੀ ਹਿੰਦੂ ਸਿਰਜਦੇ ਹਨ। ਸਾਨੂੰ ਵੈਦਿਕ ਦਾਰਸ਼ਨਿਕਤਾ ਦਾ ਸਹਾਰਾ ਛਡ ਕੇ ਵਾਹਿਗੁਰੂ ਦੀ ਸ਼ਰਨ ਵਿਚ ਆਉਣਾ ਪਵੇਗਾ। ਸਭਿਅਤਾਵਾਂ ਦੇ ਟਕਰਾਅ ਵਿਚ ਗੁਰਬਾਣੀ ਦੇ ਮਨੁੱਖ ਨੂੰ ਗੁਰਮੁਖ ਬਣ ਕੇ ਫਰਜ਼ ਨਿਭਾਉਣਾ ਹੋਵੇਗਾ। ਗੁਰੂ ਨਾਨਕ ਦਰਸ਼ਨ ਵਿਚ ਕਰਮ ਤੇ ਵਾਹਿਗੁਰੂ ਦੀ ਕਿਰਪਾ ਪ੍ਰਧਾਨ ਹੈ ਜੋ ਸਨਾਤਨਵਾਦ ਦੇ ਮੈਟਾਫਜਿਕਸ ਬੰਧਨ ਤੋੜਦੀ ਹੈ। ਕਿਸ਼ਨ ਸਿੰਘ ਨੇ ਜੋ ਗੁਰਮਤਿ ਇਨਕਲਾਬ ਦਾ ਵਿਚਾਰ ਦਿੱਤਾ ਉਸੇ ਲੜੀ ਵਿਚ ਅਜਮੇਰ ਸਿੰਘ, ਜਗਜੀਤ ਸਿੰਘ ਆਪਣਾ ਮੌਲਿਕ ਚਿੰਤਨ ਤੋਰ ਸਕੇ। ਪੰਜਾਬੀ ਮਾਰਕਸਵਾਦੀਆਂ ਨੂੰ ਚੁਣੌਤੀ ਇਹਨਾਂ ਨੇ ਪੇਸ਼ ਕੀਤੀ ਹੈ, ਜੋ ਕਿ ਗੁਰੂਆਂ ਦੀ ਵਿਚਾਰਧਾਰਾ ਨੂੰ ਰੱਦ ਕਰ ਰਹੇ ਸਨ। ਉਸ ਸਮੇਂ ਦੌਰਾਨ ਕਾਫੀ ਸਿੱਖ ਚਿੰਤਕ ਹੋਏ ਹਨ, ਪਰ ਉਹ ਖਬੇ ਪਖੀ ਚਿੰਤਕਾਂ ’ਤੇ ਗੰਭੀਰ ਟਿਪਣੀਆਂ ਕਰਨ ਤੋਂ ਗੁਰੇਜ਼ ਕਰਦੇ ਰਹੇ ਹਨ। ਇਸ ਦਾ ਕਾਰਨ ਉਹਨਾਂ ਦੀ ਬੋਧਿਕ ਕਮਜ਼ੋਰੀ ਵੀ ਹੋ ਸਕਦਾ ਹੈ। ਸਾਡੇ ਗੰਭੀਰ ਸਿੱਖ ਚਿੰਤਨ ਵਿਚ ਰੁਕਾਵਟ ਡੇਰਾਵਾਦੀ ਚਿੰਤਨ ਹੈ, ਜਿਸ ਨੂੰ ਕੁਝ ਬੁੱਧੀਜੀਵੀਆਂ ਵਲੋਂ ਅਨੁਭਵੀ ਚਿੰਤਨ ਦਸਿਆ ਜਾ ਰਿਹਾ ਹੈ। ਇਹ ਅਨੁਭਵੀ ਕਿਵੇਂ ਹੈ ਜੋ ਵੇਦਾਂ ਦਾ ਮੈਥੇਮੈਟਿਕਸ ਗੁਰੂ ਨਾਨਕ ਸਾਹਿਬ ਦੀ ਦਾਰਸ਼ਨਿਕਤਾ ਉੱਪਰ ਭਾਰੂ ਕਰ ਦਿੱਤਾ। ਇਸ ਸਨਾਤਨੀ ਚਿੰਤਨ ਨਾਲ ਸਿੱਖ ਸੱਭਿਅਤਾ ਦਾ ਕਦੂਕਸ ਹੋਇਆ ਹੈ। ਸਵਰਗ, ਨਰਕ, ਯਮਰਾਜ, ਧਰਮਰਾਜ, ਪੁਨਰ ਜਨਮ, ਭਵਜਲ, ਦੇਵੀ-ਦੇਵਤੇ ਬਿਠਾ ਕੇ ਅਕਾਲ ਪੁਰਖ ਵਾਲੀ ਗੁਰੂ ਨਾਨਕ ਸਾਹਿਬ ਦੀ ਦਾਰਸ਼ਨਿਕਤਾ ਤੋਂ ਦੂਰ ਕਰ ਦਿੱਤਾ ਹੈ। ਇਹ ਗੁਰੂ ਨਾਨਕ ਦਾ ਚਿੰਤਨ ਨਹੀਂ ਹੋ ਸਕਦਾ, ਜੋ ਸ਼ਬਦ ਗੁਰੂ ਦੇ ਉਲਟ ਜੋ ਗੰਗਾ- ਜਮਨਾ ਸੰਸਕ੍ਰਿਤੀ ਸੱਭਿਅਤਾ ਤੇ ਉਸਰਿਆ ਹੋਵੇ, ਜਿਥੇ ਸਤਲੁਜ, ਰਾਵੀ ਦੀ ਮਹਾਨ ਗੁਰੂ ਸਭਿਅਤਾ ਗਾਇਬ ਹੈ। ਸੱਭਿਅਤਾਵਾਂ ਰਾਸ਼ਟਰ ਸਿਰਜਦੀਆਂ ਮਿਕਸ ਬਰੈਂਡ ਦਾਰਸ਼ਨਿਕਤਾ ਤੁਹਾਡੀ ਕੌਮੀਅਤ ਦੀ ਮਾਨਸਿਕ ਨਸਲਕੁਸ਼ੀ ਕਰਦੀ ਹੈ।

ਗੁਰੂ ਨਾਨਕ ਸਾਹਿਬ ਦੀ ਦਾਰਸ਼ਨਿਕਤਾ ਦਾ ਮਨੋਰਥ ਮਨੁੱਖ ਨੂੰ, ਮਨੁੱਖੀ ਕਦਰਾਂ-ਕੀਮਤਾਂ ਦ੍ਰਿੜ ਕਰਵਾ ਕੇ ਇਨਸਾਨੀਅਤ ਭਰਪੂਰ ਜੀਵਨ ਦ੍ਰਿੜ ਕਰਾਉਣਾ ਹੈ। ਇਹੀ ਗੁਰਮਤਿ ਵਿਚਾਰਧਾਰਾ ਤੇ ਚਿੰਤਨ ਦਾ ਮੌਲਿਕ ਰੂਪ ਹੈ, ਜਿਸ ਦਾ ਸੰਬੰਧ ਮਨੁੱਖੀ ਜੀਵਨ ਦੇ ਵਿਹਾਰ ਨਾਲ ਹੈ। ਵੱਖ ਵੱਖ ਧਰਮਾਂ ਵਿਚ ਆਵਾਗਮਨ, ਪੁਨਰ ਜਨਮ, ਨਰਕ-ਸੁਰਗ ਜਾਂ ਮੁਕਤੀ ਆਦਿ ਦੇ ਸੰਬੰਧ ਵਿਚ ਪ੍ਰਚਲਿਤ ਧਾਰਨਾਵਾਂ ਨੂੰ ਗੁਰਮਤਿ ਦੇ ਮੌਲਿਕ ਚਿੰਤਨ ’ਤੇ ਨਹੀਂ ਥੋਪਿਆ ਜਾ ਸਕਦਾ। ‘ਏਕੋ ਧਰਮੁ ਦ੍ਰਿੜੈ ਸਚੁ ਕੋਈ।। ਗੁਰਮਤਿ ਪੂਰਾ ਜੁਗਿ ਜੁਗਿ ਸੋਈ।। ਅਨਹਦਿ ਰਾਤਾ ਏਕ ਲਿਵ ਤਾਰ।। ਓਹੁ ਗੁਰਮੁਖਿ ਪਾਵੈ ਅਲਖ ਅਪਾਰ।।’ (ਗੁਰੂ ਗ੍ਰੰਥ ਸਾਹਿਬ, ਅੰਗ 1188) ਜਿਹੜਾ ਕੋਈ ਮਨੁੱਖ ਆਪਣੇ ਹਿਰਦੇ ਵਿਚ ਇਹ ਨਿਸ਼ਚਾ ਕਰਦਾ ਹੈ ਕਿ ਸਦਾ-ਥਿਰ ਪ੍ਰਭੂ ਦਾ ਨਾਮ ਸਿਮਰਨਾ ਹੀ ਇਕੋ ਇੱਕ ਠੀਕ ਧਰਮ ਹੈ, ਉਹੀ ਗੁਰੂ ਦੀ ਮਤਿ ਦਾ ਆਸਰਾ ਲੈ ਕੇ ਸਦਾ ਲਈ (ਵਿਕਾਰਾਂ ਦੇ ਟਾਕਰੇ ਤੇ) ਅਡੋਲ ਹੋ ਜਾਂਦਾ ਹੈ; ਉਹ ਮਨੁੱਖ ਗੁਰੂ ਦੀ ਸ਼ਰਨ ਪੈ ਕੇ ਰੱਬ ਪ੍ਰਾਪਤ ਕਰ ਲੈਂਦਾ ਹੈ। ਗੁਰਮਤਿ ਵਿਆਖਿਆ ਵਿੱਚੋਂ ਤੇ ਅਮਲ ਵਿੱਚੋਂ ਨਵਾਂ ਮੌਲਿਕ ਚਿੰਤਨ ਜਨਮ ਲਵੇਗਾ। ਗੁਰੂਆਂ ਦਾ ਸੰਕਲਪ ਸਰਬੱਤ ਦਾ ਭਲਾ ਨਵਾਂ ਮਨੁੱਖ ਪੈਦਾ ਕਰਦਾ ਰਹੇਗਾ। ਨਵਾਂ ਮਨੁੱਖ ਪੈਦਾ ਹੋਵੇਗਾ ਖਾਲਸ ਸਟੇਟ ਵੈਲਫੇਅਰ ਸਟੇਟ ਦਾ ਪਰਕਾਸ਼ ਹੋਵੇਗਾ। ਸੱਚੀ ਪਾਤਸ਼ਾਹੀ ਦਾ ਸਿਧਾਂਤ ਇਹੀ ਹੈ। ਇਤਿਹਾਸ ਗਵਾਹ ਹੈ ਕਿ ਗੁਰੂ ਅਰਜਨ ਸਾਹਿਬ ਵੇਲੇ ਡੇਰਾਦਾਰੀ ਸਾਹਿਤ ਰਚਿਆ ਗਿਆ। ਗੁਰੂ ਸਾਹਿਬਾਨਾਂ ਨੇ ਇਸ ਨੂੰ ਰੱਦ ਕੀਤਾ। ਗੁਰਮਤਿ ਵਿਆਖਿਆ ਪ੍ਰਣਾਲੀ ਉਦਾਸੀ ਸੰਤ ਅਨੰਦਘਣ ਤੋਂ ਚਲੀ ਸੀ। ਗੁਰੂ ਕਾਲ ਤੋਂ ਹੁਣ ਤੱਕ ਬਹੁਤ ਸਾਰਾ ਨਕਲੀ ਤੇ ਗੁਰਮਤਿ ਵਿਰੋਧੀ ਸਾਹਿਤ ਰਚਿਆ ਗਿਆ ਹੈ। ਭਾਈ ਬਾਲਾ ਜਨਮ ਸਾਖੀ ਹੰਦਾਲ ਗੁਰੂ ਵਾਲੀ ਤੇ ਹੋਰ ਗੁਰੂ ਵਿਰੋਧੀ ਤੇ ਵੇਦਾਂਤਕ ਸਾਹਿਤ ਹੰਦਾਲ ਸਕੂਲ ਦੀ ਦੇਣ ਹੈ। ਗੁਰੂ ਪਰਕਾਸ਼ ਅਗੇ ਇਹ ਠਹਿਰ ਨਹੀਂ ਸਕੇ। ਜਦੋਂ ਅਠਾਰਵੀ ਉਨੀਵੀ ਸਦੀ ਆਉਂਦੀ ਹੈ ਤਾਂ ਗੁਰਮਤਿ ਦੀ ਵੇਦਾਂਤਕ ਸਕੂਲ ਵਾਲੀ ਵਿਆਖਿਆ ਚਲਦੀ ਹੈ। ਗੁਰਮਤਿ ਸਿਧਾਂਤਾਂ ਤੇ ਗੁਰੂ ਦੀ ਨਿੰਦਾ ਪੈਦਾ ਕਰਦੀ ਹੈ। ਕੀ ਅਸੀਂ ਵਿਅਕਤੀ ਨੂੰ ਮਹਾਂਪੁਰਖ ਐਲਾਨ ਕੇ ਗੁਰੂ ਵਿਰੋਧੀ ਇਤਿਹਾਸ ਤੇ ਗੁਰੂ ਵਿਰੋਧੀ ਫਿਲਾਸਫੀ ਨੂੰ ਪ੍ਰਵਾਨ ਕਰਾਂਗੇ। ਮਿਹਰਬਾਨ ਤੇ ਹੰਦਾਲ ਵਰਗੇ ਮਹਾਪੁਰਖਾਂ ਦਾ ਡੇਰਾਵਾਦੀ ਸਾਹਿਤ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਦਾ ਵਿਰੋਧ ਹੈ, ਕਿਉਂਕਿ ਇਹ ਮੱਠ ਪਰੰਪਰਾ ਤੇ ਸਨਾਤਨੀ ਚਿੰਤਨ ਸਿਰਜਦਾ ਹੈ। ਗੁਰੂ ਨਾਨਕ ਦਰਸ਼ਨ ਇਸ ਸਨਾਤਨਵਾਦੀ ਵਿਚਾਰਧਾਰਾ ਬ੍ਰਾਹਮਣਵਾਦੀ ਸਿਸਟਮ, ਮੱਠ ਪਰੰਪਰਾ, ਸਰੀਰਕ ਗੁਰੂ ਪੂਜਾ ਨੂੰ ਰੱਦ ਕਰਦਾ ਸ਼ਬਦ ਗੁਰੂ ਦਾ ਪ੍ਰਕਾਸ਼ ਕਰਦਾ ਹੈ ਤੇ ਵਾਹਿਗੁਰੂ ਜੀ ਨਾਲ ਜੋੜਦਾ ਹੈ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਜੋ ਗੁਰੂ ਨਾਨਕ ਦਰਸ਼ਨ ਦੇ ਆਧਾਰ ’ਤੇ ਸਾਹਿਤ ਚਿੰਤਨ ਉਭਰਨਾ ਚਾਹੀਦਾ ਹੈ, ਉਸ ਦੀ ਮੌਲਿਕਤਾ ਲੋਕ ਭਾਸ਼ਾ ਵਿਚ ਹੈ, ਜੋ ਕਿਰਤੀ ਸਮਾਜ ਦੀ ਬੋਲੀ ਤੇ ਸ਼ੈਲੀ ਹੈ। ਗੁਰੂ ਗਰੰਥ ਸਾਹਿਬ ਦੀ ਭਾਸ਼ਾ ਤੇ ਬਾਣੀ, ਗੁਰੂ ਦਾ ਅਭਿਆਸ ਈਲੀਟ ਕਲਾਸ ਦੇ ਹੱਕ ਵਿਚ ਨਹੀਂ ਭੁਗਤਦਾ। ਬ੍ਰਾਹਮਣਵਾਦ ਦੀ ਸੰਸਕਿਰਤੀ ਤੇ ਭਾਸ਼ਾ ਨੂੰ ਨਕਾਰਨਾ ਆਮ ਲੋਕ ਭਾਖਾ ਵਿਚ ਗੁਰਮਤਿ ਚਿੰਤਨ ਦੇਣਾ ਗੁਰੂ ਸਾਹਿਬਾਨਾਂ ਦੀ ਵਿਚਾਰਧਾਰਕ ਮੌਲਿਕਤਾ ਹੈ। ਕੀ ਅਸੀਂ ਗਿਆਨੀ ਦਿਤ ਸਿੰਘ ਨੂੰ ਭੁੱਲ ਗਏ ਹਾਂ ਜਿਹਨਾਂ ਪੰਡਤ ਦਿਆ ਨੰਦ ਨੂੰ ਤਿੰਨ ਗੋਸ਼ਟਾਂ ਵਿਚ ਹਰਾਇਆ। ਕੀ ਇਹ ਮੌਲਿਕ ਚਿੰਤਨ ਨਹੀਂ ਸੀ ? ਇਸ ਸਮੇਂ ਦੌਰਾਨ ਸਿੱਖ ਸੰਸਥਾਵਾਂ ਤੇ ਡੇਰਾਵਾਦ, ਸਨਾਤਨਵਾਦ ਦਾ ਕਬਜ਼ਾ ਸੀ, ਜਿਸ ਦਾ ਪ੍ਰਤੀਨਿਧ ਖੇਮ ਸਿੰਘ ਬੇਦੀ ਸੀ। ਅਸੀਂ ਖੇਮ ਸਿੰਘ ਬੇਦੀ ਦੇ ਚਿੰਤਨ ਨੂੰ ਸਵੀਕਾਰਿਆ ਜਿਥੋਂ ਹਿੰਦੂ ਕੇਸਾਧਾਰੀ ਸਿੱਖੀ ਉਭਰਨੀ ਸੀ ਤੇ ਪੰਡਤਾਊ ਭਾਸ਼ਾ ’ਤੇ ਰੁਚੀ ਵਾਲੇ ਵਿਦਵਾਨ ਪੈਦਾ ਹੋਣੇ ਸਨ। ਪਰ ਸੁਆਲ ਇਹ ਹੈ ਕਿ ਗਿਆਨੀ ਦਿੱਤ ਸਿੰਘ ਦੇ ਮੌਲਿਕ ਥਾਟ ਨੂੰ ਕਿਸ ਨੇ ਅੱਗੇ ਤੋਰਿਆ ਹੈ ? ਜੋ ਵਿਦਵਾਨ ਗੁੰਝਲਦਾਰ ਭਾਸ਼ਾ ਦੀ ਪੈਰਵਾਈ ਕਰਦਾ ਹੈ ਉਹ ਸਬਦ ਗੁਰੂ ਤੇ ਸੰਗਤ ਦਾ ਰਿਸ਼ਤਾ ਨਹੀਂ ਸਮਝ ਸਕਦਾ। ਗੁਰੂ ਗੁਲਾਮਾਂ ਨੂੰ ਅਜ਼ਾਦ ਬਣਾਉਣ ਦੀ ਪੈਰਵਾਈ ਕਰਦਾ ਹੈ। ਗੁਲਾਮ ਦਲਿਤ ਤੇ ਕਿਰਤੀ ਹਨ। ਸਾਡੀ ਕੌਮੀਅਤ ਦਾ ਆਧਾਰ ਇਹੀ ਹੈ। ਫਿਰ ਸੋਚ ਲਵੋ ਭਾਸ਼ਾ ਕਿਹੜੀ ਜ਼ਰੂਰੀ ਹੈ। ਗੁਲਾਮ ਤੇ ਕਿਰਤੀ ਲੋਕਾਂ ਦੀ ਲੋੜ ਸਾਧਾਰਨ ਭਾਸ਼ਾ ਵਾਲਾ ਸਾਹਿਤ ਹੈ।

ਮੈਂ ਸਿੱਖ ਚਿੰਤਨ ਸਰਲ ਪੰਜਾਬੀ ਵਿਚ ਸਿਰਜਣ ਦੇ ਹੱਕ ਵਿਚ ਹਾਂ। ਪੰਜਾਬੀ ਭਾਸ਼ਾ ਭਾਵੁਕਤਾ ਦੀ ਭਾਸ਼ਾ ਕਹੀ ਜਾ ਰਹੀ ਹੈ। ਸਾਜਿਸ਼ ਤਹਿਤ, ਕਿਹਾ ਇਹ ਵੀ ਜਾ ਰਿਹਾ ਹੈ ਕਿ ਇਹ ਗਿਆਨ ਦਾ ਪ੍ਰਵਚਨ ਸਿਰਜਣ ਦੇ ਸਮਰੱਥ ਨਹੀਂ। ਇਹ ਵੀ ਹੋ ਸਕਦਾ ਹੈ ਕਿ ਅਗਾਂਹ ਸਰਕਾਰੀ ਸਾਜਿਸ਼ਾਂ ਅਧੀਨ ਪੰਜਾਬੀ ਭਾਸ਼ਾ ਦੀ ਪਛਾਣ ਗਾਇਬ ਹੁੰਦੀ ਜਾਵੇ। ਕਾਰਣ ਇਹ ਹੈ ਕਿ ਅਸੀਂ ਸੁਚੇਤ ਨਹੀਂ। ਮੈਂ ਸਮਝਦਾ ਹਾਂ ਕਿ ਗੁਰੂ ਗਰੰਥ ਸਾਹਿਬ ਦੀ ਭਾਸ਼ਾ ਲੋਕ ਭਾਸ਼ਾ ਤੇ ਲੋਕ ਮੁਹਾਵਰਾ ਹੈ। ਅਸੀਂ ਇਹ ਵੀ ਮੰਨਦੇ ਹਾਂ ਕਿ ਇਹ ਮਹਾਨ ਗੁਰੂਆਂ ਦਾ ਪਰਵਚਨ ਹੈ ਜਿਸ ਨੇ ਪੰਡਤਾਊ ਭਾਸ਼ਾ ਤੇ ਈਲੀਟ ਸਾਹਿਤ ਨੂੰ ਰਦ ਕਰਕੇ ਗੁਲਾਮ, ਗਰੀਬ ਲੋਕਾਂ ਲਈ ਮੌਲਿਕ ਪਰਵਚਨ ਸਿਰਜਿਆ। ਅੱਠਵੀਂ ਪਾਤਸ਼ਾਹੀ ਗੁਰੂ ਹਰਕਿਸ਼ਨ ਦੀ ਹਾਜ਼ਰੀ ਵਿਚ ਸਾਧਾਰਨ ਸਿੱਖ ਛੱਜੂ ਦਿੱਲੀ ਵਿਚ ਸ਼ਾਸ਼ਤਰਾਂ ਨਾਲ ਲੈਸ ਪੰਡਤ ਨੂੰ ਹਰਾ ਦਿੰਦਾ ਹੈ। ਪਰ ਹੁਣ ਮੱਧਕਾਲ ਤੋਂ ਬਾਅਦ ਪੰਜਾਬੀ ਨੂੰ ਕਿਹੜਾ ਲਕਵਾ ਮਾਰ ਗਿਆ ਹੈ ਕਿ ਇਸ ਵਿਚ ਮੌਲਿਕ ਚਿੰਤਨ ਨਹੀਂ ਸਿਰਜਿਆ ਜਾ ਸਕਦਾ। ਮੌਲਿਕ ਚਿੰਤਨ ਉਸਾਰਨ ਲਈ ਔਖੀ ਭਾਸ਼ਾ ਸਿਰਜਣ ਦੀ ਲੋੜ ਕਿਉ ਭਾਸਦੀ ਹੈ ਜਦ ਸਾਡੀ ਸੰਗਤ, ਪਾਠਕ ਸਾਧਾਰਨ, ਆਮ ਤੇ ਘਟ ਪੜ੍ਹੇ ਲਿਖੇ ਹਨ। ਈਲੀਟ ਕਲਾਸ ਨੂੰ ਗਿਆਨ ਚਿੰਤਨ ਨਾਲ ਕੋਈ ਵਾਸਤਾ ਨਹੀ, ਮਾਇਆ, ਅਵਾਰਾ ਪੂੰਜੀ ਉਹਨਾਂ ਦਾ ਧੁਰਾ ਹੈ। ਫਿਰ ਅਸੀਂ ਮੌਲਿਕ ਚਿੰਤਨ ਕਿਸ ਲਈ ਸਿਰਜ ਰਹੇ ਹਾਂ। ਗੁਰੂ ਨਾਨਕ ਦਰਸ਼ਨ ਆਧਾਰਿਤ ਸਿੱਖ ਸਾਹਿਤ ਦੀ ਮੌਲਿਕਤਾ ਉਦੋਂ ਬਝਦੀ ਹੈ ਜਦੋਂ ਪਰੈਕਟਿਸ ਤੇ ਅਮਲ ਵਿਚ ਗੁਰਮਤਿ ਚਿੰਤਨ ਵਰਤਦਾ ਹੈ।

(ਸਮਾਪਤ)

# ਵੋਟਰ ਸਿਆਸੀ ਧਿਰਾਂ ਨੂੰ ਸਬਕ ਸਿਖਾਉਂਦੇ ਹਨ

**-ਗੁਰਮੀਤ ਸਿੰਘ ਪਲਾਹੀ**



ਆਮ ਤੌਰ ਉੱਤੇ ਕਿਹਾ ਜਾਂਦਾ ਹੈ ਕਿ ਭਾਰਤੀ ਵੋਟਰ ਪਿਛਲੱਗ ਹੈ, ਸਿਆਣਾ ਨਹੀਂ। ਜਿੱਧਰ ਵੀ ਥੋੜ੍ਹੀ ਹਵਾ ਵਗੀ ਦੇਖਦਾ ਹੈ, ਉੱਧਰ ਵੱਲ ਹੀ ਤੁਰ ਜਾਂਦਾ ਹੈ। ਪਰ ਹੁਣ ਵੋਟਰ ਹਵਾ ਦੇ ਰੁਖ ਨੂੰ ਵੀ ਵੇਖਦਾ ਹੈ, ਆਪਣੀ ਸੋਝੀ ਨਾਲ ਵੋਟ ਪਾਉਣ ਦਾ ਯਤਨ ਵੀ ਕਰਦਾ ਹੈ। ਸਾਰੇ ਦੇਸ਼ ਵਿੱਚ ਜਦੋਂ ਮੋਦੀ, ਮੋਦੀ ਹੋਈ, ਪੰਜਾਬ ਵਿੱਚ ਮੋਦੀ ਲਹਿਰ ਦਾ ਪ੍ਰਭਾਵ ਵੇਖਣ ਨੂੰ ਨਾ ਮਿਲਿਆ।

ਪੰਜਾਬ ਵਿੱਚ ਦਸ ਸਾਲਾਂ ਦੇ ਅਕਾਲੀ-ਭਾਜਪਾ ਰਾਜ ਬਾਅਦ ਗੱਠਜੋੜ ਆਪਣੇ ਵਲੋਂ ਕੀਤੇ ਵਿਕਾਸ ਦੇ ਨਾਮ ਉੱਤੇ ਵੋਟ ਮੰਗਣ ਵੋਟਰਾਂ ਕੋਲ ਗਿਆ, ਪਰ ਵੋਟਰਾਂ ਨੇ ਭੈੜੇ ਰਾਜ ਪ੍ਰਬੰਧ, ਨਸ਼ਾ, ਭੂਮੀ ਮਾਫੀਆ ਨੂੰ ਸਾਂਭਣ ਵਿੱਚ ਨਾ-ਕਾਮਯਾਬੀ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਆਦਿ ਨੂੰ ਮਨ ਵਿੱਚ ਰੱਖਕੇ ਵੋਟ ਪਾਈ ਅਤੇ ਅਕਾਲੀ-ਗੱਠਜੋੜ ਨੂੰ ਚਾਰੋਂ ਖਾਨੇ ਚਿੱਤ ਕਰ ਦਿੱਤਾ। ਵੋਟਰਾਂ ਨੇ ਪਰਖੀ ਹੋਈ ਆਮ ਆਦਮੀ ਪਾਰਟੀ, ਜਿਸ ਨੇ ਆਪਹੁਦਰੀਆਂ ਕੀਤੀਆਂ, ਆਮ ਲੋਕਾਂ ਨੂੰ ਪੱਲੇ ਨਾ ਬੰਨ੍ਹਿਆ, ਤਾਕਤਵਰਾਂ-ਧਨਾਢਾਂ ਨੂੰ ਟਿਕਟਾਂ ਦਿੱਤੀਆਂ, ਨੂੰ ਮੁੜ ਪਰਖਣ ਤੋਂ ਕੰਨੀ ਕਤਰਾਈ। ਵੋਟਰਾਂ ਨੇ ਭੈੜਿਆਂ ਵਿੱਚੋਂ ਕੁਝ ਚੰਗੀ ਕਾਂਗਰਸ ਨੂੰ ਅਗਲੇ ਪੰਜ ਸਾਲਾਂ ਲਈ ਪੰਜਾਬ ਉੱਤੇ ਰਾਜ ਕਰਨ ਲਈ ਚੁਣ ਲਿਆ। ਭਾਜਪਾ ਨੇ ਵਿਕਾਸ ਦੇ ਨਾਮ ਉੱਤੇ, ਮੋਦੀ ਦੇ ਨਾਮ ਉੱਤੇ, ਕਸ਼ਮੀਰ ਵਿੱਚ 370 ਧਾਰਾ ਤੋੜਣ ਦੇ ਨਾਮ ਉੱਤੇ ਹਰਿਆਣਾ ਅਤੇ ਮਹਾਰਾਸ਼ਟਰ ਵਿੱਚ ਵੋਟਰਾਂ ਤੋਂ ਵੋਟ ਮੰਗੀ। ਲੋਕਾਂ ਨੇ ਭਾਜਪਾ ਨੂੰ ਅੰਗੂਠਾ ਦਿਖਾ ਦਿੱਤਾ। ਲੱਖ ਭਾਜਪਾ ਇਹ ਕਹਿੰਦੀ ਫਿਰੇ ਕਿ ਹਰਿਆਣਾ ਵਿੱਚ ਫਤਵਾ ਉਸਦੇ ਨਾਮ ਉੱਤੇ ਹੈ, ਉਸਨੂੰ ਪਹਿਲਾਂ ਨਾਲੋਂ ਵਧ ਵੋਟਾਂ ਮਿਲੀਆਂ ਹਨ, ਪਰ ਵੋਟਰਾਂ ਨੇ ਭਾਜਪਾ ਨੂੰ ਨਕਾਰ ਦਿੱਤਾ ਹੈ। ਭਾਜਪਾ ਨੂੰ ਮਜਬੂਰਨ ਆਪਣੇ ਧੁਰ-ਵਿਰੋਧੀ ਦੇਵੀ ਲਾਲ ਦੇ ਪੋਤਰੇ ਨਾਲ ਰਲਕੇ ਸਰਕਾਰ ਬਨਾਉਣੀ ਪਈ, ਜੋ ਹਰਿਆਣਾ ਵਿੱਚ ਜਾਟਾਂ ਦੀ ਪਾਰਟੀ ਵਜੋਂ ਜਾਣੀ ਜਾਂਦੀ ਹੈ, ਜੋ ਪਹਿਲੀ ਵਾਰ ਹੀ ਦਸ ਸੀਟਾਂ ਉੱਤੇ ਹਰਿਆਣਾ ਵਿੱਚ ਜਿੱਤ ਪ੍ਰਾਪਤ ਕਰ ਗਈ। ਵੋਟਰਾਂ, ਖਾਸ ਕਰਕੇ ਜਾਟ ਵੋਟਰਾਂ ਇਸ ਆਸ ਨਾਲ ਇਸ ਪਾਰਟੀ ਨੂੰ ਵੋਟ ਪਾਈ ਕਿ ਉਹ ਉੱਧੜੇ ਹੋਏ ਖੇਤੀ ਕਾਰੋਬਾਰ ਨੂੰ ਮੁੜ ਸੁਆਰਨਗੇ।

ਇਹੋ ਜਿਹਾ ਹਾਲ ਹੀ ਮਹਾਰਾਸ਼ਟਰ ਵਿੱਚ ਭਾਜਪਾ ਦਾ ਹੋਇਆ ਹੈ, ਜਿੱਥੇ ਭਾਜਪਾ ਅਤੇ ਸ਼ਿਵ ਸੈਨਾ ਗੱਠਜੋੜ ਚੋਣਾ ਤਾਂ ਜਿੱਤ ਗਿਆ, ਪਰ ਸੀਟਾਂ ਅਤੇ ਵੋਟਾਂ ਪਹਿਲਾਂ ਨਾਲੋਂ ਘੱਟ ਮਿਲੀਆਂ। ਆਪਸੀ ਖੋਹ-ਖਿੱਚ ਕਾਰਨ ਮਹਾਰਾਸ਼ਟਰ ਵਿੱਚ ਨਾ ਭਾਜਪਾ ਦੀ ਅਤੇ ਨਾ ਸ਼ਿਵ ਸੈਨਾ ਦੀ ਸਰਕਾਰ ਬਣ ਸਕੀ, ਉੱਥੇ ਰਾਸ਼ਟਰਪਤੀ ਰਾਜ ਲਾਗੂ ਕਰਕੇ ਪਿਛਲੇ ਦਰਵਾਜ਼ੇ ਸੱਤਾ ਭਾਜਪਾ ਨੂੰ ਮੋਦੀ ਸਰਕਾਰ ਨੇ ਸੌਂਪ ਦਿੱਤੀ। ਹਰਿਆਣਾ, ਮਹਾਰਾਸ਼ਟਰ ਵਿਧਾਨ ਸਭਾ ਚੋਣਾ ਵਿੱਚ ਕਾਂਗਰਸ ਨੇ ਪਹਿਲਾਂ ਨਾਲੋਂ ਵਧ ਖੱਟਿਆ ਹੈ। ਹਰਿਆਣਾ ਵਿੱਚ ਕਾਂਗਰਸ ਚੰਗੀ ਤਾਕਤ ਵਿੱਚ ਆਈ ਹੈ ਅਤੇ ਮਹਾਰਾਸ਼ਟਰ ਵਿੱਚ ਵੀ ਉਸਦੀ ਸਥਿਤੀ ਸੁਧਰੀ ਹੈ। ਇਸਦਾ ਕਾਰਨ ਇਹ ਵੀ ਸਮਝਿਆ ਜਾ ਰਿਹਾ ਹੈ ਕਿ ਇਹਨਾਂ ਚੋਣਾ ਵਿੱਚ ਕਾਂਗਰਸ ਹਾਈ ਕਮਾਂਡ, ਖਾਸ ਕਰਕੇ ਗਾਂਧੀ ਪਰਿਵਾਰ ਨੇ ਚੋਣ ਪ੍ਰਚਾਰ ਵਿੱਚ ਬਹੁਤ ਘੱਟ ਹਿੱਸਾ ਲਿਆ। ਅਸਲ ਵਿੱਚ ਗਾਂਧੀ ਪਰਿਵਾਰ ਨੂੰ ਦੇਸ਼ ਦੀਆਂ ਲੋਕ ਸਭਾ ਚੋਣਾ ਸਮੇਂ ਵੀ ਅਤੇ ਹੁਣ ਦੀਆਂ ਵਿਧਾਨ ਸਭਾ ਚੋਣਾ ਵੇਲੇ ਵੀ ਵੋਟਰਾਂ ਨੇ ਕੋਈ ਖਾਸ ਅਹਿਮੀਅਤ ਨਹੀਂ ਦਿੱਤੀ, ਸਗੋਂ ਹਾਈ ਕਮਾਂਡ ਕਲਚਰ ਨੂੰ ਨਕਾਰ ਕੇ ਕਾਂਗਰਸ ਦੇ ਸਥਾਨਕ ਕਾਂਗਰਸੀ ਨੇਤਾਵਾਂ ਅਤੇ ਉਹਨਾਂ ਵਲੋਂ ਕੀਤੇ ਕੰਮਾਂ ਨੂੰ ਵੋਟ ਪਾਈ। ਹਰਿਆਣਾ ਵਿੱਚ ਭੁਪਿੰਦਰ ਸਿੰਘ ਹੁੱਡਾ ਇਸਦੀ ਮਿਸਾਲ ਹਨ। ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਇਸਦੀ ਉਦਾਹਰਨ ਹੋ ਸਕਦਾ ਹੈ।

ਦੇਸ਼ ਦਾ ਅਰਥਚਾਰਾ ਬੁਰੀ ਤਰ੍ਹਾਂ ਲੜਖੜਾ ਚੁੱਕਾ ਹੈ। ਖੇਤੀ ਖੇਤਰ ਦੀ ਸਥਿਤੀ ਦਰਦਨਾਕ ਬਣੀ ਹੋਈ ਹੈ। ਰੁਜ਼ਗਾਰ ਦੇ ਮਾਮਲੇ ਉੱਤੇ ਦੇਸ਼ ਦਾ ਮੱਧ ਵਰਗ ਤਾਂ ਹੈਰਾਨ-ਪ੍ਰੇਸ਼ਾਨ ਹੈ ਹੀ, ਕਿਸਾਨ, ਮਜ਼ਦੂਰ ਵੀ ਬੁਰੀ ਤਰ੍ਹਾਂ ਬੇਰੁਜ਼ਗਾਰੀ ਤੋਂ ਪ੍ਰਭਾਵਤ ਹੋਏ ਹਨ। ਇਹਨਾਂ ਮਹੱਤਵਪੂਰਨ ਮੁੱਦਿਆਂ ਦਾ ਹੱਲ ਭਾਜਪਾ ਕਰ ਨਹੀਂ ਪਾ ਰਹੀ। ਇਸ ਕਰਕੇ ਲੋਕਾਂ ਦਾ ਭਰੋਸਾ ਭਾਜਪਾ ਨਾਲੋਂ ਲਗਾਤਾਰ ਟੁੱਟ ਰਿਹਾ ਹੈ। ਸਿਰਫ਼ ਮੋਦੀ ਦੇ ਭਾਸ਼ਣਾ ਉੱਤੇ ਭਰੋਸਾ ਕਰਕੇ ਵੋਟਰ ਹੁਣ ਵੋਟ ਦੇਣ ਨੂੰ ਰਾਜ਼ੀ ਨਹੀਂ। ਧਾਰਾ 370 ਤੋੜਨ ਦਾ ਮੋਦੀ ਤੀਰ ਵੀ ਐਤਕਾਂ ਵੋਟਰਾਂ ਨੂੰ ਗੁਮਰਾਹ ਨਹੀਂ ਕਰ ਸਕਿਆ, ਕਿਉਂਕਿ ਉਹ ਸਮਝਦੇ ਹਨ, ਪੇਟ ਨਾ ਪਈਆਂ ਰੋਟੀਆਂ ਉੱਤੇ ਸੱਭੇ ਗੱਲਾਂ ਖੋਟੀਆਂ। ਵੋਟਰ ਸਿਰਫ਼ ਭਾਵਨਾਵਾਂ ਅਤੇ ਭਰੋਸਿਆਂ ਉੱਤੇ ਵੋਟਾਂ ਦੇਣਾ ਪਸੰਦ ਕਰਨੋਂ ਹਟਣ ਲੱਗ ਪਏ ਹਨ।

ਇਹਨਾਂ ਚੋਣਾ ਵਿੱਚ ਜਿਸ ਵੀ ਪਾਰਟੀ ਨੇ ਦਲਬਦਲੂ ਨੀਤੀ ਨੂੰ ਉਤਸ਼ਾਹਿਤ ਕੀਤਾ, ਵੋਟਰਾਂ ਨੇ ਉਸਨੂੰ ਸਜ਼ਾ ਦਿੱਤੀ ਅਤੇ ਹੰਕਾਰੀ ਨੇਤਾਵਾਂ ਨੂੰ ਵੀ ਉਹਨਾਂ ਨੇ ਨਹੀਂ ਬਖਸ਼ਿਆ। ਹਰਿਆਣਾ ਵਿੱਚ ਵਿੱਤ ਮੰਤਰੀ ਕੈਪਟਨ ਅਭਿਮਨਿਊ ਅਤੇ ਮਹਾਰਾਸ਼ਟਰ ਵਿੱਚ ਮੰਤਰੀ ਪੰਕਜ ਮੁੰਡੇ ਧੱਕੜ ਅਤੇ ਹੰਕਾਰੀ ਮੰਤਰੀ ਸਨ, ਉਹਨਾਂ ਦੇ ਹੱਕ ਵਿੱਚ ਵੋਟਰ ਨਾ ਭੁਗਤੇ। ਹਰਿਆਣਾ ਵਿੱਚ ਮੁੱਖ ਮੰਤਰੀ ਖੱਟਰ ਅਤੇ ਮੰਤਰੀ ਅਨਿਲ ਵਿੱਜ ਹੀ ਜਿੱਤੇ ਬਾਕੀ ਸਾਰੇ ਦੇ ਸਾਰੇ ਅੱਠ ਮੰਤਰੀ ਹਾਰ ਗਏ ਕਿਉਂਕਿ ਇਹਨਾਂ ਲੋਕਾਂ ਨੇ ਹਰਿਆਣਾ ਦੇ ਲੋਕਾਂ ਦੀਆਂ ਸੋਕੇ, ਹੜ੍ਹ ਜਿਹੇ ਸਮੇਂ ਉਹਨਾਂ ਨੂੰ ਆਈਆਂ ਸਮੱਸਿਆਵਾਂ ਵੱਲ ਧਿਆਨ ਨਹੀਂ ਦਿੱਤਾ। ਬਿਪਤਾ ਵੇਲੇ ਉਹਨਾਂ ਦੀ ਕਿਸੇ ਨੇ ਬਾਤ ਨਹੀਂ ਪੁੱਛੀ। ਜਿੱਥੇ ਭਾਜਪਾ ਨੂੰ ਨੇਤਾਵਾਂ ਦੀ ਆਇਆ ਰਾਮ-ਗਿਆ ਰਾਮ ਦੀ ਨੀਤੀ ਨੂੰ ਉਤਸ਼ਾਹ ਦੇਣਾ ਮਹਿੰਗਾ ਪਿਆ, ਉੱਥੇ ਆਪਣੇ ਵਰਕਰਾਂ ਨੂੰ ਪਿੱਛੇ ਛੱਡਕੇ ਹਾਈ ਕਮਾਂਡ ਵਲੋਂ ਪੈਰਾਸ਼ੂਟ ਰਾਹੀਂ ਉਤਾਰੇ 'ਖਿਡਾਰੀਆਂ, ਕਲਾਕਾਰਾਂ' ਨੂੰ ਟਿਕਟਾਂ ਦੇਣੀਆਂ ਵੀ ਰਾਸ ਨਾ ਆਈਆਂ। ਵੋਟਰਾਂ ਨੇ ਉਹਨਾਂ ਤੋਂ ਕਿਨਾਰਾ ਕਰੀ ਰੱਖਿਆ। ਮਹਾਰਾਸ਼ਟਰ ਵਿੱਚ ਕਾਂਗਰਸ ਅਤੇ ਐੱਨ ਸੀ ਪੀ ਛੱਡਣ ਵਾਲੇ ਅਨੇਕਾਂ ਹੀ ਦਲਬਦਲੂ ਹਾਰ ਗਏ।

ਇਹਨਾਂ ਚੋਣਾ ਵਿੱਚ ਇੱਕ ਨਵੀਂ ਗੱਲ ਇਹ ਵੀ ਵੇਖਣ ਨੂੰ ਮਿਲੀ ਕਿ ਉਹ ਵੋਟਰ, ਜਿਹਨਾਂ ਨੂੰ ਕੋਈ ਵੀ ਸਿਆਸੀ ਪਾਰਟੀ ਜਾਂ ਸਿਆਸੀ ਪਾਰਟੀ ਦਾ ਉਮੀਦਵਾਰ ਪਸੰਦ ਨਹੀਂ ਆਇਆ, ਉਹਨਾਂ ਨੇ 'ਨੋਟਾ' ਦਾ ਬਟਨ ਦਬਾਇਆ। ਹਰਿਆਣਾ, ਮਹਾਰਾਸ਼ਟਰ ਅਤੇ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾ ਵਿੱਚ 8.9 ਲੱਖ ਵੋਟਰਾਂ ਨੇ 'ਨੋਟਾ' ਦਾ ਬਟਨ ਉਹਨਾਂ ਥਾਵਾਂ ਉੱਤੇ ਨੇ ਦਬਾਇਆ, ਜਿੱਥੇ ਮੁਸੀਬਤ ਵੇਲੇ ਨੇਤਾਵਾਂ ਨੇ ਵੋਟਰਾਂ ਦਾ ਸਾਥ ਨਹੀਂ ਦਿੱਤਾ। ਆਮ ਤੌਰ ਉੱਤੇ ਸ਼ਹਿਰੀ ਵੋਟਰ ਨੋਟਾ ਦੇ ਬਟਨ ਦੀ ਵਰਤੋਂ ਕਰਦੇ ਰਹੇ ਹਨ, ਪਰ ਇਸ ਵੇਰ ਵਿਧਾਨ ਸਭਾ ਚੋਣਾ ਵਿੱਚ ਨੋਟਾ ਦੀ ਵਰਤੋਂ ਵਧੇਰੇ ਕਰਕੇ ਪੇਂਡੂ ਖੇਤਰ ਦੇ ਲੋਕਾਂ ਨੇ ਕੀਤੀ, ਜਿਹੜੇ ਨੇਤਾਵਾਂ ਤੋਂ ਇਸ ਗੱਲੋਂ ਤੰਗ ਸਨ ਕਿ ਮੁਸੀਬਤ ਵੇਲੇ ਕਿਸੇ ਨੇ ਉਹਨਾਂ ਦੀ ਬਾਂਹ ਨਹੀਂ ਫੜੀ।

ਵੋਟਰਾਂ ਨੂੰ ਰਿਝਾਉਣ ਲਈ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਨੇਤਾ ਸਮੇਂ ਸਮੇਂ ਗਰੀਬੀ ਹਟਾਓ, ਰਾਮ ਮੰਦਿਰ ਬਣਾਓ, ਜੰਮੂ-ਕਸ਼ਮੀਰ ਵਿੱਚੋਂ ਧਾਰਾ 370 ਹਟਾਓ, ਗੁਆਂਢੀ ਮੁਲਕਾਂ ਤੋਂ ਦੇਸ਼ ਨੂੰ ਖ਼ਤਰਾ, ਰਾਸ਼ਟਰਵਾਦ ਹੀ ਉੱਤਮ, ਜਿਹੇ ਨਾਹਰੇ ਲਗਾਉਂਦੇ ਰਹੇ ਹਨ ਅਤੇ ਆਪਣੀ ਗੱਦੀ ਸੁਰੱਖਿਅਤ ਰੱਖਣ ਜਾਂ ਗੱਦੀ ਹਥਿਆਉਣ ਲਈ ਲੋਕਾਂ ਦੇ ਅਸਲ ਮੁੱਦਿਆਂ ਨੂੰ ਦੂਰ ਰੱਖਕੇ ਉਹਨਾਂ ਨੂੰ ਜਜ਼ਬਾਤੀ ਬਣਾਉਂਦੇ ਰਹੇ ਹਨ। ਹੁਣ ਦੇਸ਼ ਵਿੱਚ ਨੇਤਾਵਾਂ ਦੀ ਇੱਕ ਇਹੋ ਜਿਹੀ ਜਮਾਤ ਪੈਦਾ ਹੋ ਚੁੱਕੀ ਹੈ, ਜਿਹੜੀ ਹਰ ਹੀਲੇ ਤਾਕਤ ਹਥਿਆਉਣ ਲਈ, ਹਰ ਹਰਬਾ ਵਰਤਦੀ ਹੈ। ਪੈਸੇ ਦੀ ਵਰਤੋਂ ਕਰਕੇ ਵੋਟਰਾਂ ਨੂੰ ਖਰੀਦਣ ਦੀ ਗੱਲ ਇੱਕ ਹੈ। ਲੋਕਾਂ ਨੂੰ ਗੁਮਰਾਹ ਕਰਕੇ ਵੋਟਾਂ ਲੈਣ ਦੀ ਗੱਲ ਦੂਸਰੀ ਹੈ, ਜਿਸ ਵਿੱਚ ਧਰਮ, ਜਾਤ, ਪੇਂਡੂ, ਸ਼ਹਿਰੀ ਵੰਡ ਜਿਹੀਆਂ ਗੱਲਾਂ ਸ਼ਾਮਲ ਹਨ ਅਤੇ ਦੰਡ ਦਾ ਡਰਾਵਾਂ ਦੇ ਕੇ ਆਪਣੀ ਧਿਰ ਨਾਲ ਜੋੜਨ ਦੀ ਗੱਲ ਤੀਜੀ ਹੈ। ਦੰਡਤ ਕਰਨ ਲਈ ਦੇਸ਼ ਦੀਆਂ ਸੀ.ਬੀ.ਆਈ., ਈ.ਡੀ. ਜਿਹੀਆਂ ਸੰਸਥਾਵਾਂ ਦੀ ਵਰਤੋਂ ਕਰਕੇ ਨੇਤਾਵਾਂ ਨੂੰ ਦਲ-ਬਦਲੀ ਕਰਨ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ। ਪਰ ਵੋਟਰ ਸਮਾਂ ਰਹਿੰਦਿਆਂ ਇਹਨਾਂ ਸਾਰੇ ਨੇਤਾਵਾਂ ਦੇ ਦਾਅ-ਪੇਚਾਂ ਤੋਂ ਭਲੀ-ਭਾਂਤ ਜਾਣੂ ਹੋਣ ਦੇ ਰਾਹ ਤੁਰੇ ਹਨ।

ਦੇਸ਼ ਉੱਤੇ ਕਈ ਦਹਾਕੇ ਕਾਂਗਰਸ ਨੇ ਰਾਜ ਕੀਤਾ। ਪੂਰੇ ਦੇਸ਼ ਵਿੱਚ ਉਸਦਾ, ਉਸਦੇ ਨੇਤਾਵਾਂ ਦਾ ਬੋਲ-ਬਾਲਾ ਰਿਹਾ। ਪਰ ਕਾਂਗਰਸ ਦੇ ਨੇਤਾਵਾਂ ਨੇ ਜਦੋਂ ਤੋਂ ਲੋਕਾਂ ਨਾਲੋਂ ਜਾਂ ਵੋਟਰਾਂ ਨਾਲੋਂ ਦੂਰੀ ਬਣਾ ਲਈ, ਤਿਵੇਂ ਤਿਵੇਂ ਦੇਸ਼ ਵਿੱਚ ਹੋਰ ਸਿਆਸੀ ਧਿਰਾਂ ਨੇ ਆਪਣੇ ਪੈਰ ਪਕੇਰੇ ਕੀਤੇ। ਕਾਂਗਰਸ ਦੀ ਨੇਤਾ ਇੰਦਰਾ ਗਾਂਧੀ ਵਲੋਂ ਲਗਾਤਾਰ ਕਈ ਵਰ੍ਹੇ ਰਾਜ ਕੀਤਾ ਗਿਆ। ਉਸਨੇ ਦੇਸ਼ ਵਿੱਚ ਸੰਕਟ ਕਾਲੀਨ ਸਥਿਤੀ (ਐਮਰਜੈਂਸੀ) ਦਾ ਐਲਾਨ ਕੀਤਾ। ਸਿਆਸੀ ਤਾਕਤ ਹਥਿਆਉਣ ਦਾ ਹਰ ਹਰਬਾ ਵਰਤਿਆ। ਵਿਰੋਧੀ ਧਿਰ ਦੇ ਨੇਤਾਵਾਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ। ਪਰ ਵੋਟਰਾਂ ਨੇ ਕਾਂਗਰਸ ਨੂੰ ਸੱਤਾ ਤੋਂ ਦੂਰ ਕਰ ਦਿੱਤਾ। ਵਿਰੋਧੀ ਧਿਰ ਅੱਗੇ ਆਈ, ਪਰ ਆਪੋ-ਆਪਣੀਆਂ ਸਵਾਰਥੀ ਨੀਤੀਆਂ ਕਾਰਨ ਰਾਜ-ਭਾਗ ਨਾ ਸੰਭਾਲ ਸਕੀ। ਮੁੜਕੇ ਫਿਰ ਕਾਂਗਰਸ ਨੇ ਦੇਸ਼ ਦੀ ਵਾਂਗਡੋਰ ਸੰਭਾਲੀ ਅਤੇ ਮਨਮੋਹਨ ਸਿੰਘ ਦੀ ਗਠਬੰਧਨ ਸਰਕਾਰ ਨੂੰ ਦਸ ਸਾਲਾਂ ਲਈ ਰਾਜ ਕਰਨ ਦਾ ਮੌਕਾ ਦਿੱਤਾ। ਪਰ ਲੋਕਾਂ ਦੇ ਮਸਲੇ, ਜਿਹਨਾਂ ਵਿੱਚ ਗਰੀਬੀ, ਬੇਰੁਜ਼ਗਾਰੀ, ਖੇਤੀ ਸੰਕਟ ਦਾ ਮਸਲਾ ਵੱਡਾ ਸੀ, ਹੱਲ ਨਾ ਹੋ ਸਕੇ। ਦੇਸ਼ ਵਿੱਚ ਭੁੱਖਮਰੀ ਨੇ ਪੈਰ ਪਸਾਰੇ। ਸਭ ਲਈ ਖ਼ੁਰਾਕ ਦਾ ਕਾਨੂੰਨ ਪਾਸ ਹੋਇਆ ਪਰ ਸਹੀ ਤੌਰ ਉੱਤੇ ਲਾਗੂ ਨਾ ਹੋ ਸਕਿਆ ਤੇ ਲੋਕ ਇਸਦਾ ਫਾਇਦਾ ਨਾ ਲੈ ਸਕੇ। ਭਾਜਪਾ ਦੀ ਮੋਦੀ ਸਰਕਾਰ ਨੂੰ ਵੋਟਰਾਂ ਨੇ ਮੌਕਾ ਦਿੱਤਾ। ਅੱਜ ਭਾਜਪਾ ਦੇਸ਼ ਦੇ ਹਰ ਕੋਨੇ ਵਿੱਚ ਹੈ, ਪਰ ਕਾਂਗਰਸ ਬਹੁਤੇ ਰਾਜਾਂ ਵਿੱਚ ਪਿੱਛੇ ਰਹਿ ਚੁੱਕੀ ਹੈ। ਭਾਜਪਾ ਨੇ ਲੋਕਾਂ ਨੂੰ ਸਬਜ਼ਬਾਗ ਵਿਖਾਏ। ਦੂਜੀ ਵੇਰ ਤਾਕਤ ਵੀ ਹਥਿਆ ਲਈ। ਸੈਂਕੜੇ ਸਕੀਮਾਂ ਲੋਕਾਂ ਦੇ ਨਾਅ ਉੱਤੇ ਬਣਾਈਆਂ ਗਈਆਂ, ਪਰ ਅਮਲੀ ਤੌਰ ਉੱਤੇ ਲੋਕਾਂ ਦੇ ਦਰਾਂ ਤੋਂ ਦੂਰ ਇਹ ਸਕੀਮਾਂ 'ਸ਼ੇਖ ਚਿਲੀ ਦੇ ਸੁਪਨਿਆਂ' ਵਰਗੀਆਂ ਲੱਗ ਰਹੀਆਂ ਹਨ। ਅੱਜ ਜਦੋਂ ਭਾਜਪਾ 370 ਧਾਰਾ ਜੰਮੂ ਕਸ਼ਮੀਰ ਵਿੱਚੋਂ ਖ਼ਤਮ ਕਰਕੇ, ਰਾਸ਼ਟਰਵਾਦ ਦੇ ਨਾਮ ਉੱਤੇ ਮਹਾਰਾਸ਼ਟਰ ਅਤੇ ਹਰਿਆਣਾ ਵਿੱਚ ਵੋਟਰਾਂ ਦੇ ਦਰ ਪੁੱਜੀ ਤਾਂ ਬੁਰੀ ਤਰ੍ਹਾਂ ਨਾ-ਕਾਮਯਾਬ ਹੋਈ ਦਿਸਦੀ ਹੈ। ਵਿਧਾਨ ਸਭਾ ਦੀਆਂ ਆਉਣ ਵਾਲੀਆਂ ਝਾਰਖੰਡ ਸੂਬੇ ਦੀਆਂ ਚੋਣਾ ਵਿੱਚ ਰਾਮ ਮੰਦਿਰ ਦਾ ਮੁੱਦਾ ਕਿੰਨਾ ਕੁ ਭਾਜਪਾ ਦੇ ਹੱਕ ਵਿੱਚ ਜਾਏਗਾ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ, ਪਰ ਇੱਕ ਗੱਲ 'ਚਿੱਟੇ ਦਿਨ' ਵਾਂਗ ਸਾਫ਼ ਹੈ ਕਿ ਦੇਸ਼ ਦਾ ਵੋਟਰ ਖੁਸ਼ਹਾਲ ਜ਼ਿੰਦਗੀ ਦੀ ਕਾਮਨਾ ਕਰਨ ਲੱਗ ਪਿਆ ਹੈ। ਦੇਸ਼ ਦਾ ਵੋਟਰ ਸਰਕਾਰ ਤੋਂ ਵੈਲਫੇਅਰ ਸਟੇਟ ਹੋਣ ਦੀ ਮੰਗ ਕਰਨ ਲੱਗ ਪਿਆ ਹੈ। ਦੇਸ਼ ਦਾ ਵੋਟਰ ਰਾਸ਼ਟਰਵਾਦ ਨਾਲ ਭੁੱਖੇ ਢਿੱਡ ਰਹਿਣ ਤੋਂ ਕੰਨੀ ਕਤਰਾਉਣ ਲੱਗ ਪਿਆ ਹੈ। ਦੇਸ਼ ਦਾ ਵੋਟਰ ਮੁਫ਼ਤ ਦਾ ਅੰਨ-ਦਾਨਾ ਪ੍ਰਾਪਤ ਕਰਨ ਦੀ ਥਾਂ 'ਰੁਜ਼ਗਾਰ' ਮੰਗਣ ਦੇ ਰਾਹ ਤੁਰ ਪਿਆ ਹੈ। ਦੇਸ਼ ਦਾ ਵੋਟਰ ਆਪਣੇ ਬੱਚਿਆਂ ਲਈ ਚੰਗੀ ਸਿੱਖਿਆ ਅਤੇ ਪਰਿਵਾਰ ਲਈ ਚੰਗੀ ਸਿਹਤ ਚਾਹੁੰਦਾ ਹੈ। ਤਦੇ ਤਾਂ ਵੋਟਾਂ ਵੇਲੇ ਉਹ ਹੁਣ ਵਧੇਰੇ ਜਾਗਰੂਕ ਹੋਕੇ ਆਪਣੇ ਨੇਤਾ, ਆਪਣੀ ਚਾਹਤ ਵਾਲੀ ਸਿਆਸੀ ਧਿਰ ਦੀ ਚੋਣ ਕਰਨ ਲੱਗਾ ਹੈ। ਆਮ ਆਦਮੀ ਮੰਦਿਰ-ਮਸਜਿਦ ਮਾਮਲੇ ਵਿੱਚ ਇਹ ਸਮਝਣ ਲੱਗ ਪਿਆ ਹੈ ਕਿ ਜੇਕਰ ਮੰਦਿਰ ਬਣ ਰਿਹਾ ਹੈ ਤਾਂ ਮਸਜਿਦ ਵੀ ਬਣ ਜਾਏ। ਸਧਾਰਨ ਮਨੁੱਖ ਸਰਲਤਾ ਨਾਲ ਸੋਚਦਾ ਹੈ, ਜਿਹੜਾ ਕਿਸੇ ਵਿਵਾਦ ਵਿੱਚ ਫਸਣਾ ਨਹੀਂ ਚਾਹੁੰਦਾ, ਕਿਉਂਕਿ ਪੇਟ ਭਰਕੇ ਰੋਟੀ ਖਾਣਾ, ਬੱਚਿਆਂ ਦਾ ਭੱਵਿਖ ਸੁਆਰਨਾ ਉਹਦੀ ਮੁੱਢਲੀ ਲੋੜ ਹੁੰਦੀ ਹੈ।

ਇਹੋ ਗੱਲ ਸਿਆਸੀ ਧਿਰਾਂ ਨੂੰ ਇਸ ਵੇਲੇ ਸਮਝ ਲੈਣੀ ਚਾਹੀਦੀ ਹੈ, ਖ਼ਾਸ ਕਰਕੇ ਹਾਕਮ ਧਿਰ ਨੂੰ ਕਿ ਲੋਕਾਂ ਦੀਆਂ ਆਸਾਂ ਦੇ ਉਲਟ ਲਏ ਹੋਏ ਫ਼ੈਸਲੇ ਉਹਨਾਂ ਦਾ ਤਖ਼ਤਾ ਪਲਟ ਦੇਣਗੇ। ਜਿਵੇਂ ਦੇਸ਼ ਦੀ ਵੱਡੀ ਧਿਰ ਕਾਂਗਰਸ ਅੱਜ ਦੇਸ਼ ਦੇ ਵੋਟਰਾਂ ਤੋਂ ਆਪਣਾ ਅਤਾ-ਪਤਾ ਪੁੱਛ ਰਹੀ ਹੈ, ਉਵੇਂ ਹੀ ਭਾਜਪਾ ਲੋਕ ਵਿਰੋਧੀ ਨੀਤੀਆਂ ਕਾਰਨ ਦੇਸ਼ ਦੇ ਵੋਟਰਾਂ ਤੋਂ ਦੂਰ ਹੋ ਜਾਏਗੀ।

# ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਕੀਰਤਨ ਕਰਨ ਦਾ ਸੰਤ ਸਮਾਜ ਕਰ ਰਿਹਾ ਏ ਵਿਰੋਧ

**ਅੰਮ੍ਰਿਤਸਰ/ਬਲਵਿੰਦਰਪਾਲ ਸਿੰਘ :** ਦਰਬਾਰ ਸਾਹਿਬ (ਅੰਮ੍ਰਿਤਸਰ) ਵਿਖੇ ਸਿੱਖ ਬੀਬੀਆਂ ਨੂੰ ਵੀ ਕੀਰਤਨ ਕਰਨ ਦੀ 'ਇਜਾਜ਼ਤ' ਮਿਲੇ, ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਸਾਹਿਬ ਨੂੰ ਇਹ ਅਪੀਲ ਕਰਦਿਆਂ ਪੰਜਾਬ ਵਿਧਾਨ ਸਭਾ ਵਿੱਚ ਬੀਤੇ ਦਿਨੀਂ ਮਤਾ ਪਾਸ ਹੋਇਆ ਸੀ। ਇਹ ਮੰਗ ਪਹਿਲਾਂ ਵੀ ਖਾਲਸਾ ਪੰਥ ਦੀਆਂ ਜਥੇਬੰਦੀਆਂ ਵਲੋਂ ਉਠਾਈ ਜਾ ਚੁੱਕੀ ਹੈ। ਫ਼ਰਵਰੀ 2003 ਵਿੱਚ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਆਈਆਂ ਦੋ ਪ੍ਰਵਾਸੀ ਸਿੱਖ ਬੀਬੀਆਂ ਵੱਲੋਂ ਚੁੱਕੇ ਮਸਲੇ ਤੋਂ ਬਾਅਦ ਔਰਤ-ਮਰਦ ਦੇ ਵਖਰੇਵੇਂ ਦਾ ਮੱਸਲਾ ਸੁਰਖੀਆਂ ਵਿੱਚ ਆਇਆ ਸੀ। ਇਹ ਮੱਸਲਾ ਚੁੱਕਣ ਵਾਲੀ ਬੀਬੀ ਮਜਿੰਦਰਪਾਲ ਕੌਰ ਨੇ ਦੱਸਿਆ ਕਿ ਫ਼ਰਵਰੀ 2003 ਦੇਰ ਸ਼ਾਮ ਉਹ ਜਦੋਂ ਸ੍ਰੀ ਦਰਬਾਰ ਸਾਹਿਬ ਪਹੁੰਚੀਆਂ ਤਾਂ ਸੁੱਖ ਆਸਣ ਦਾ ਵੇਲਾ ਸੀ ਅਤੇ ਪਾਲਕੀ ਸਾਹਿਬ ਨੂੰ ਲਿਜਾਇਆ ਜਾ ਰਿਹਾ ਸੀ। ਅਸੀਂ ਪਾਲਕੀ ਸਾਹਿਬ ਦੇ ਨੇੜੇ ਜਾ ਕੇ ਇਸ ਰਸਮ ਵਿੱਚ ਸ਼ਾਮਲ ਹੋਣਾ ਚਾਹੁੰਦੀਆਂ ਸੀ ਪਰ ਉੱਥੇ ਮੌਜੂਦ ਸੇਵਾਦਾਰ ਨੇ ਸਾਨੂੰ ਰੋਕਿਆ, ਜਿਸ ਤੋਂ ਬਾਅਦ ਸਾਨੂੰ ਪਤਾ ਲੱਗਾ ਕਿ ਪਾਲਕੀ ਸਾਹਿਬ ਦੀ ਸੇਵਾ ਦੌਰਾਨ ਅੰਦਰਲੇ ਘੇਰੇ ਅੰਦਰ ਮਰਦ ਹੁੰਦੇ ਹਨ ਅਤੇ ਬੀਬੀਆਂ ਬਾਹਰਲੇ ਘੇਰੇ ਵਿੱਚ ਹੁੰਦੀਆਂ ਹਨ। ਉਸ ਵੇਲੇ ਇਨ੍ਹਾਂ ਬੀਬੀਆਂ ਨੇ ਸ਼੍ਰੋਮਣੀ ਕਮੇਟੀ ਕੋਲ ਇਹ ਮਸਲਾ ਚੁੱਕਿਆ ਸੀ ਅਤੇ ਇਕ ਸਬ ਕਮੇਟੀ ਵੀ ਬਣੀ ਸੀ, ਜਿਸ ਦੀ ਰਿਪੋਰਟ ਮਜਿੰਦਰਪਾਲ ਕੌਰ ਮੁਤਾਬਕ ਹਾਲੇ ਤੱਕ ਜਨਤਕ ਨਹੀਂ ਹੋਈ ਹੈ।"

ਇੱਥੋਂ ਤੱਕ ਬੀਬੀ ਜਗੀਰ ਕੌਰ ਤੇ ਬੀਬੀ ਕਿਰਨਜੋਤ ਕੌਰ ਇਸ ਮਾਮਲੇ 'ਤੇ ਦ੍ਰਿੜ੍ਹ ਸਟੈਂਡ ਲੈ ਚੁੱਕੇ ਹਨ। ਪਰ ਹਰ ਵਾਰ ਸੰਤ ਸਮਾਜ ਸਿੱਖ ਪੰਥ ਦੇ ਸਿਧਾਂਤਕ ਪਹਿਲੂ 'ਤੇ ਭਾਰੂ ਪੈਂਦਾ ਰਿਹਾ ਹੈ। ਪਰ ਹੁਣ ਵਿਧਾਨ ਸਭਾ ਵਿਚ ਚਰਚਾ ਹੋਣ ਕਾਰਨ ਇਹ ਮਾਮਲਾ ਫਿਰ ਉਭਰ ਕੇ ਸਾਹਮਣੇ ਆਇਆ ਹੈ।

ਸੰਗਤਾਂ ਵਿਚ ਇਹ ਸੁਆਲ ਦੁਬਾਰਾ ਉੱਠ ਰਹੇ ਹਨ ਕਿ ਸ੍ਰੀ ਦਰਬਾਰ ਸਾਹਿਬ ਅੰਦਰ ਬੀਬੀਆਂ ਦੇ ਕੀਰਤਨ ਕਰਨ ਦੀ ਮਨਾਹੀ ਕਿਉਂ ਹੈ, ਜਦ ਕਿ ਸਿੱਖ ਰਹਿਤ ਮਰਿਯਾਦਾ ਜੋ ਕਿ ਸ਼੍ਰੋਮਣੀ ਕਮੇਟੀ ਵਲੋਂ ਛਾਪੀ ਹੋਈ ਹੈ, ਉਸ ਵਿਚ ਵਿਚ ਕੀਰਤਨ, ਸੇਵਾ ਤੇ ਅੰਮ੍ਰਿਤ ਛਕਾਉਣ ਦਾ ਵੀ ਅਧਿਕਾਰ ਬੀਬੀਆਂ ਨੂੰ ਹੈ।

ਕੀਰਤਨ ਕਰਨ ਵਾਲੀ ਬੀਬੀ ਬਲਜੀਤ ਕੌਰ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਤਾਂ ਦੂਰ ਕਿਸੇ ਨੇ ਨਿੱਜੀ ਤੌਰ 'ਤੇ ਵੀ ਕੀਰਤਨ ਕਰਾਉਣਾ ਹੋਵੇ ਤਾਂ ਮਰਦ ਕੀਰਤਨੀ ਜੱਥੇ ਨੂੰ ਪਹਿਲ ਦਿੱਤੀ ਜਾਂਦੀ ਹੈ। ਜਦੋਂ ਕੋਈ ਕਹਿੰਦਾ ਹੈ ਕਿ ਬੀਬੀਆਂ ਦਾ ਜੱਥਾ ਨਹੀਂ ਚਾਹੀਦਾ ਤਾਂ ਮੈਨੂੰ ਵੀ ਬਹੁਤ ਦੁੱਖ ਪਹੁੰਚਦਾ ਹੈ। ਉਨ੍ਹਾਂ ਕਿਹਾ ਕਿ ਜਦੋਂ ਪੰਥ ਗੁਰੂ ਦੇ ਪ੍ਰਕਾਸ਼ ਵਿਚ ਗਿਆ ਤਾਂ ਬੀਬੀਆਂ ਦਰਬਾਰ ਸਾਹਿਬ ਵਿਖੇ ਕੀਰਤਨ ਕਰਨਗੀਆਂ। ਸਾਨੂੰ ਇਹ ਦਾਤ ਮਿਲਦੀ ਹੈ ਤਾਂ ਦਿਲ ਨੂੰ ਖ਼ੁਸ਼ੀ ਹੋਵੇਗੀ। ਸਿੱਖ ਬੁੱਧੀਜੀਵੀ ਅਸ਼ੋਕ ਸਿੰਘ ਬਾਗੜੀਆ ਨੇ ਕਿਹਾ ਕਿ ਸਿੱਖ ਰਹਿਤ ਮਰਿਯਾਦਾ ਵਿੱਚ ਲਿਖਿਆ ਗਿਆ ਹੈ ਕਿ ਸੰਗਤ ਵਿੱਚ ਇੱਕ ਸਿੱਖ ਕੀਰਤਨ ਕਰ ਸਕਦਾ ਹੈ। ਸਿੱਖ ਵਿਚ ਤਾਂ ਔਰਤ ਵੀ ਸ਼ਾਮਲ ਹੈ ਪਰ ਸਾਡੇ ਦਿਮਾਗ ਵਿੱਚ ਔਰਤ ਨੂੰ ਨੀਵਾਂ ਦਿਖਾਉਣ ਦੀ ਸੋਚ ਨੇ ਘਰ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਔਰਤਾਂ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਨਾ ਕਰਨ ਦੇਣਾ ਸਿੱਖੀ ਦੇ ਮੂਲ ਸਿਧਾਂਤਾਂ ਦੇ ਖ਼ਿਲਾਫ਼ ਹੈ। ਉਸ ਜਗ੍ਹਾ ਉੱਤੇ ਸਨਾਤਨੀ ਮਾਨਸਿਕਤਾ ਵਾਲੇ ਲੋਕਾਂ ਦਾ

ਬਾਕੀ ਸਫ਼ਾ 33 'ਤੇ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥

*"With manifestation (birth) of True Guru Nanak, the mist of ignorance and falsehood disappeared and there was the light of righteousness"*

## HOLLYWOOD SIKH TEMPLE (GURDWARA SAHIB VERMONT)

along with

## The Sikh Institutions of Southern California

*Celebrate*

# The 550th Parkash Utsav

*of*

# Shri Guru Nanak Dev Ji

**(Founder of Sikh Religion)**

*Guru ka Langer will be served all day along with fresh Jalebi's and fresh fruits!*

*Please come & join us with your family & friends and get the blessings of Wahe Guru Sahib Ji*

## 24th November 2019, Sunday • 7am to 5pm

## Venue: Friendship Auditorium

**3201 Riverside Dr. Los Angeles, CA 90027 (1/2 Mile from Gurdwara Sahib Vermont)**

**Guest of honor: Dr Amarjit Singh Marwah and other dignitaries, city officials.**



Bhai Harjinder Singh ji (Srinagar wale)



Bhai Ajit Singh Ji (Hazoori Ragi)

**KIRTAN DARBAR BY FAMOUS RAGI JATHAS:**

- Bhai Harjinder Singh Ji (Srinagar wale)
- Hazoori Ragi Bhai Ajit singh Ji
- Bhai Ravinder Singh Ji Rasia
- IISG Ragi Jatha
- Children Ragi Jathas

and all Ragi Jathas from Local Gurdwaras

**RAGI JATHA PLEASE CONTACT:**

- Amrik Singh Rasia (Gen-Secretary) Tel: (818) 331-1459
- Bhupinder Singh Dhillon (President) Tel: (323) 514-6347

**FOR LANGAR SEWA PLS CONTACT:**

- Amarjit Singh:...........(310) 291-4835
- Breakfast will be served by Bhai Kanhiaya Sewa Dal

**MANAGEMENT SEWA COMMITTEE**

- Bhupinder Singh Dhillon
- Amrik Singh Rasia
- Gulbagh Singh
- Ronak Singh
- Baldev Singh Johal
- Amarjit Singh
- Kulwinder Singh Multani
- Surjit Singh Dhillon
- Nirmal Singh Sehmbey
- Gurdev Singh Multani
- Sant Singh

**FOR BAZAAR TABLES, CONTACT:**

- Gurdev Singh.................323-304-4871

**PARTICIPATING GURDWARAS:**

- A.V. Sikh Center Lancaster
- Gurdwara Valley Sikh Temple
- Alhambra Gurdwara Sahib
- Khalsa Care Foundation
- Gurdwara Walnut
- Gurdwara Buena Park
- Gurdwara Riverside
- Sikh Center of Riverside
- Guru Ram Dass Ashram
- Gurdwara Lankershim
- Gurdwara Nanak Sadan

*and all other local Gurdwaras*

**DONATION SEWA COMMITTEE**

- Harjinder Singh Malhi
- Iqbal Singh Dhilon
- Iqbal Singh Samra
- Surinder Singh Gill
- Jawaharlal Saini
- Avtar Singh
- Surjit Singh Bawa
- Harbhajan Singh
- Darshan Singh
- Manjit Singh Papi
- Gurcharan Singh Bali
- Jaswant Singh Dhillon
- Baljinder Multani
- Gurdas Singh Kehl
- Gurdev Singh Nauli
- Harbhajan Singh Samra
- Manjit Singh Samra
- Ravinder Singh Rasia
- Satpal Singh Ghotra
- Gurmit Singh Multani
- Manjit Singh Khalil
- Joginder Singh
- Gurbachan Singh
- Avtar Singh Bhogal
- Waraich Brothers
- Jaswinder Singh
- Paramjit Singh
- Ram Singh
- Sukhdev Singh Multani

**FREE VALET PARKING AND SHUTTLE FROM GURDWARA SAHIB**

Visit our website: www.hollywoodsikhtemple.org
E-mail: info@hollywoodsikhtemple.org

**Call 323-665-7707**

**ALL ARE WELCOME!**

47833

ੴ ਸਤਿਗੁਰ ਪ੍ਰਸਾਦਿ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥

ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼, ਫਰੈਜ਼ਨੋ

(ਬਰਾਂਚ ਦਮਦਮੀ ਟਕਸਾਲ ਜੱਥਾ ਭਿੰਡਰਾਂ ਮਹਿਤਾ)

4250-E. LINCOLN AVE FRESNO CA-93725

## ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦਸਵਾਂ

# ਮਹਾਨ ਨਗਰ ਕੀਰਤਨ




ਇਲਾਕੇ ਭਰ ਦੇ ਸਮੂਹ ਗੁਰੂ ਘਰਾਂ ਦੇ ਕੀਰਤਨੀ ਜਥੇ ਹਾਜ਼ਰੀ ਭਰਨਗੇ। ਗੁਰੂਘਰ ਵਿਖੇ ਰੋਜ਼ਾਨਾ ਸਵੇਰੇ ਅਤੇ ਸ਼ਾਮ ਦੇ ਦੀਵਾਨ ਸਜਦੇ ਹਨ। ਪੰਥ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰ, ਪ੍ਰਚਾਰਕ ਅਤੇ ਕਥਾਵਾਚਕ ਹਾਜ਼ਰੀ ਭਰਦੇ ਹਨ। ਸੰਗਤਾਂ ਨੂੰ ਰੋਜ਼ਾਨਾ ਦੇ ਗੁਰਬਾਣੀ ਦੇ ਚਲ ਰਹੇ ਸਮਾਗਮਾਂ ਅਤੇ ਨਗਰ ਕੀਰਤਨ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

## ਪ੍ਰੋਗਰਾਮ ਦਾ ਵੇਰਵਾ

ਆਰੰਭ ਸ੍ਰੀ ਅਖੰਡ ਪਾਠ ਸਾਹਿਬ : 29 ਨਵੰਬਰ 2019 ਦਿਨ ਸ਼ੁੱਕਰਵਾਰ ਸਵੇਰੇ 09:00 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ : 01 ਦਸੰਬਰ 2019 ਦਿਨ ਐਤਵਾਰ ਸਵੇਰੇ 08:00 ਵਜੇ
ਉਪਰੰਤ ਨਗਰ ਕੀਰਤਨ ਦੀ ਰਵਾਨਗੀ ਠੀਕ ਸਵੇਰੇ 10:00 ਵਜੇ ਹੋਵੇਗੀ।

### ਪਹੁੰਚ ਰਹੇ ਰਾਗੀ ਅਤੇ ਕਥਾਵਾਚਕ

ਭਾਈ ਕੁਲਵੰਤ ਸਿੰਘ ਜੀ 18 ਤੋਂ 24 ਨਵੰਬਰ 2019 ਤੱਕ
ਭਾਈ ਸ਼ੇਰ ਸਿੰਘ ਜੀ 25 ਨਵੰਬਰ ਤੋਂ 01 ਦਸੰਬਰ 2019 ਤੱਕ
ਢਾਡੀ ਜਥਾ ਭਾਈ ਜਸਵਿੰਦਰ ਸਿੰਘ ਸੁਲਤਾਨਪੁਰ ਲੋਧੀ ਵਾਲੇ
25 ਨਵੰਬਰ ਤੋਂ 01 ਦਸੰਬਰ 2019 ਤੱਕ

### ਹੋਰ ਜਾਣਕਾਰੀ ਲਈ ਸੰਪਰਕ ਕਰੋ

ਅੰਮ੍ਰਿਤ ਅਭਿਲਾਖੀ ਸੰਪਰਕ 559-834-9444
ਫਲੋਟ ਜਾਣਕਾਰੀ (ਭਾਈ ਜਗਰੂਪ ਸਿੰਘ) 209-648-4994 ਅਤੇ
(ਭਾਈ ਗੁਲਵਿੰਦਰ ਸਿੰਘ ਨੱਤ) 559-547-7774
ਵਿਸ਼ੇਸ਼ ਜਾਣਕਾਰੀ (ਭਾਈ ਜਤਿੰਦਰ ਸਿੰਘ) 559-575-1205
ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ 559-834-4780

*ਅੰਮ੍ਰਿਤ ਸੰਚਾਰ 30 ਨਵੰਬਰ 2019, ਦਿਨ ਸ਼ਨੀਵਾਰ ਨੂੰ ਹੋਵੇਗਾ।*

### ਬੇਨਤੀ ਕਰਤਾ

ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਮੁਖੀ ਦਮਦਮੀ ਟਕਸਾਲ, ਭਾਈ ਦਲਬੀਰ ਸਿੰਘ ਸੰਧਰ, ਭਾਈ ਦਲਬੀਰ ਸਿੰਘ ਪੱਡਾ, ਭਾਈ ਮੇਜਰ ਸਿੰਘ ਜੌਹਲ, ਭਾਈ ਨਛੱਤਰ ਸਿੰਘ ਧਾਰੀਵਾਲ, ਭਾਈ ਜਤਿੰਦਰ ਸਿੰਘ ਅਤੇ ਸਮੂਹ ਸੰਗਤ।






Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.


Happy Gurpurab!
ਸ੍ਰੀ ਗੁਰੂ ਨਾਨਕ ਦੇਵ ਜੀ
ਦੇ 550ਵੇਂ ਪ੍ਰਕਾਸ਼ ਪੁਰਬ ਦੀਆਂ
ਲੱਖ-ਲੱਖ ਵਧਾਈਆਂ
Valley Real Estate Center
ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।
ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।
Better Deal will be given from New Builders to Book New home in Mountain House, Tracy, Manteca and lathrop
For agriculture and almond Farm,office building,Farm House and for Truck Yard in Tracy, Manteca, Lathrop and Stockton
Listing
1415 W Anderson Stockton
a). 4.5 Acre Lot, include 15000 Square foot warehouse with 10 loading dock, 2000 square foot office.
b). Two bay truck repair shop.
$4,900,000
1943 E Fremont St,
1924 E park St and 1850 E Oak St Stockton CA 95205, Total 8 APN number, one lot, 7.56 acres paved truck parking.
$3,000,000
1801 E Dr martin luther king jr Blvd, Stockton, CA 95205 APN 155-140-15.
Almost 10 acres paved truck parking with approximately $32000 monthly income.
$4,399,000
ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ
Ranjit S Mangat
Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700, gbsingh84@gmail.com
Ranjit S Manga
(Lic: 01922089)


ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327. 70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300


ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !
NEW YORK LIFE
www.newyorklife.com
1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।
Open Enrollment for Healthcare Starts November 1, 2017 to January 31, 2018.
COVERED CALIFORNIA
ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com
ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
Asiana Airlines Daily Flight To New Delhi
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الإتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
2016
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

# ਸ੍ਰੀ ਗੁਰੂ ਨਾਨਕ ਦੇਵ ਜੀ ਦੇ
## 550ਵੇਂ ਪ੍ਰਕਾਸ਼ ਪੁਰਬ ਦੀਆਂ ਲੱਖ ਲੱਖ ਵਧਾਈਆਂ




| ਪ੍ਰੋਗਰਾਮ | | Program | |
|---|---|---|---|
| ੯-੧੭ ਨਵੰਬਰ | ਭਾਈ ਹਰਿੰਦਰ ਸਿੰਘ ਰੋਮੀ | 9-17 November | Bhai Harinder Singh Romi |
| ੧੫-੧੭ ਨਵੰਬਰ | ਭਾਈ ਸ੍ਰੀਪਾਲ ਸਿੰਘ<br>(ਤੰਤੀ ਸਾਜਾਂ ਨਾਲ ਕੀਰਤਨ) | 15-17 November | Bhai Siripal Singh<br>(Kirtan using String Instruments) |
| ੨੨-੨੪ ਨਵੰਬਰ | ਸੰਤ ਅਨੂਪ ਸਿੰਘ ਊਨੇ ਵਾਲੇ<br>ਭਾਈ ਨਿਰੰਜਨ ਸਿੰਘ ਜਵੱਦੀ ਕਲਾਂ<br>ਭਾਈ ਨਿਰਮਲ ਸਿੰਘ ਨਾਗਪੁਰੀ | 22-24 November | Sant Anoop Singh Una Wale<br>Bhai Niranjan Singh Jawaddi Kalan<br>Bhai Nirmal Singh Nagpuri |
| ੨੯ ਨਵੰਬਰ- ੧ ਦਸੰਬਰ | ਬੀਬੀ ਬਲਜੀਤ ਕੌਰ ਖਾਲਸਾ ਤਲਵਾੜੇ ਵਾਲੇ | 29 Nov – 1 Dec | Bibi Baljit Kaur Khalsa Talware wale |


ਭਾਈ ਸ੍ਰੀਪਾਲ ਸਿੰਘ


ਭਾਈ ਹਰਿੰਦਰ ਸਿੰਘ ਰੋਮੀ


ਸੰਤ ਅਨੂਪ ਸਿੰਘ ਊਨੇ ਵਾਲੇ



ਭਾਈ ਨਿਰੰਜਨ ਸਿੰਘ ਜਵੱਦੀ ਕਲਾਂ


ਭਾਈ ਨਿਰਮਲ ਸਿੰਘ ਨਾਗਪੁਰੀ


ਬੀਬੀ ਬਲਜੀਤ ਕੌਰ ਖਾਲਸਾ

### 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਕੀਤੇ ਜਾ ਰਹੇ ਕਾਰਜ:

- ਵਿਸ਼ੇਸ਼ ਦੀਵਾਨ - 12 ਨਵੰਬਰ ਸ਼ਾਮ 6 ਤੋਂ 9 ਵਜੇ
- ਅਖੰਡ ਪਾਠ ਅਰੰਭ 15 ਨਵੰਬਰ ਸਵੇਰੇ 6 ਵਜੇ
- ਪ੍ਰਭਾਤ ਫੇਰੀ - 16 ਨਵੰਬਰ ਸਵੇਰੇ 5:30 ਵਜੇ
- ਅਖੰਡ ਪਾਠ ਭੋਗ 17 ਨਵੰਬਰ ਸਵੇਰੇ 9:30 ਵਜੇ
- ਕੀਰਤਨ ਦਰਬਾਰ - 22 ਨਵੰਬਰ ਤੋਂ 23 ਨਵੰਬਰ ਸ਼ਾਮ 6 ਤੋਂ 9 ਵਜੇ
- ਕੀਰਤਨ ਦਰਬਾਰ - 24 ਨਵੰਬਰ ਸਵੇਰੇ 10 ਤੋਂ 2 ਵਜੇ
- ਖੂਨ ਦਾਨ ਕੈਂਪ 24 ਨਵੰਬਰ ਸਵੇਰੇ 9 ਤੋਂ 1 ਵਜੇ
- 90 ਹਾਈਵੇ ਤੇ 4 ਹਫਤਿਆਂ ਲਈ ਡਿਜੀਟਲ ਸਾਈਨ ਲਗਾਉਣਾ
- ਗੁਰਦੁਆਰਾ ਸਾਹਿਬ ਦੇ ਅੰਦਰ ਅਤੇ ਬਾਹਰ ਦੀ ਦਿੱਖ ਅਤੇ ਵਾਤਾਵਰਨ ਨੂੰ ਸਵਾਰਨ ਲਈ ਰੁੱਖ, ਸਜਾਵਟੀ ਪੌਦੇ ਲਗਾਉਣਾਂ, ਰੰਗ ਰੋਗਨ ਕਰਨਾ ਅਤੇ ਸਮਾਗਮ ਲਈ ਅੰਦਰ ਬਾਹਰ ਫੁੱਲਾਂ ਅਤੇ ਰੋਸ਼ਨੀ ਨਾਲ ਸਜਾਵਟ ਕਰਨੀ

### Activities being dedicated to 550th Parkash Purab:

- Special Diwan – November 12th 6 to 9pm
- Akhand Paath Aarambh – November 15th 6am
- Prabhat Pheri - November 16th, 5:30 am
- Akhand Paath Bhog – November 17th 6am
- Kirtan Darbar - November 22nd to 23rd 6 to 9pm
- Kirtan Darbar - November 24th 10am to 2pm
- Blood Donation camp – November 24th 9am to 1pm
- Digital Sign on I-90 near O'Hare for 4 weeks
- Plantation of tree, shrubs and trimming pruning of tree bushes to improvise curb appeal and environment
- Interior painting and decoration with flowers and lighting.

**ਇਹਨਾਂ ਕਾਰਜਾਂ ਲਈ ਤਨ, ਮਨ, ਧਨ ਨਾਲ ਯੋਗਦਾਨ ਪਾਉ ਜੀ**
**Please participate and donate for these activities.**

SIKH Religious Society
PALATINE GURDWARA
1280 Winnetka Street, Palatine, IL 60067 Phone: (847) 358-1117
Website: www.srschicago.org Email: contactus@srschicago.org

# ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਸਮੇਤ 8 ਸਿੱਖ ਕੈਦੀਆਂ ਦੀ ਰਿਹਾਈ ਦੇ ਹੁਕਮ

**• 25 ਸਾਲ ਬਾਅਦ ਜੇਲ੍ਹ ਚੋਂ ਰਿਹਾਅ ਹੋਏ ਨੰਦ ਸਿੰਘ • ਢਾਈ ਦਹਾਕਿਆਂ ਮਗਰੋਂ ਹੋਈ ਸੁਬੇਗ ਸਿੰਘ ਦੀ ਰਿਹਾਈ**







**ਚੰਡੀਗੜ੍ਹ/ਏ.ਟੀ. ਨਿਊਜ਼ :** ਕੇਂਦਰ ਸਰਕਾਰ ਵਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਸਮੇਤ ਜੇਲ੍ਹਾਂ ਵਿਚ ਸਜ਼ਾ ਕੱਟ ਰਹੇ 8 ਸਿੱਖ ਕੈਦੀਆਂ ਨੂੰ ਰਿਹਾਅ ਕਰਨ ਦੇ ਹੁਕਮ ਦਿੱਤੇ ਗਏ ਹਨ। ਇਹ ਸਿੱਖ ਕੈਦੀ ਜਿੱਥੇ ਗੰਭੀਰ ਮਾਮਲਿਆਂ ਵਿਚ ਸਜ਼ਾ ਭੁਗਤ ਰਹੇ ਹਨ ਉੱਥੇ ਕਈ ਆਪਣੀਆਂ ਸਜ਼ਾਵਾਂ ਪੂਰੀਆਂ ਵੀ ਕਰ ਚੁੱਕੇ ਹਨ। ਸੂਚਨਾ ਅਨੁਸਾਰ ਕਈ ਪਹਿਲਾਂ ਹੀ ਪੈਰੋਲ 'ਤੇ ਬਾਹਰ ਆ ਚੁੱਕੇ ਹਨ। ਜਾਣਕਾਰੀ ਅਨੁਸਾਰ ਭੁੱਲਰ ਤੋਂ ਇਲਾਵਾ ਰਿਹਾਅ ਕੀਤੇ ਸਿੱਖ ਕੈਦੀਆਂ ਵਿਚ ਗੁਰਦੀਪ ਸਿੰਘ ਖੇੜਾ, ਨੰਦ ਸਿੰਘ, ਹਰਜਿੰਦਰ ਸਿੰਘ, ਲਾਲ ਸਿੰਘ, ਵਰਿਆਮ ਸਿੰਘ, ਬਲਬੀਰ ਸਿੰਘ ਤੇ ਸੁਬੇਗ ਸਿੰਘ ਦੇ ਨਾਂਅ ਸ਼ਾਮਿਲ ਹਨ। ਜਾਣਕਾਰੀ ਅਨੁਸਾਰ ਲਾਲ ਸਿੰਘ ਹਰ 6 ਮਹੀਨਿਆਂ ਬਾਅਦ 42 ਦਿਨ ਪੈਰੋਲ 'ਤੇ ਬਾਹਰ ਰਹਿੰਦੇ ਹਨ ਅਤੇ ਬਲਬੀਰ ਸਿੰਘ ਹਾਲ ਹੀ ਵਿਚ 28 ਦਿਨ ਦੀ ਪੈਰੋਲ ਕੱਟ ਕੇ ਵਾਪਸ ਗਏ ਹਨ। ਜਾਣਕਾਰੀ ਅਨੁਸਾਰ ਉਹ ਮਾਤਾ ਦੇ ਦਿਹਾਂਤ ਦੇ ਚਲਦੇ 4 ਹਫ਼ਤਿਆਂ ਲਈ ਪੈਰੋਲ 'ਤੇ ਬਾਹਰ ਆਏ ਸਨ। ਇਸ ਦੇ ਇਲਾਵਾ ਵਰਿਆਮ ਸਿੰਘ ਤੇ ਗੁਰਦੀਪ ਸਿੰਘ ਖੇੜਾ ਵੀ ਪੈਰੋਲ 'ਤੇ ਬਾਹਰ ਆਏ ਹੋਏ ਦੱਸੇ ਜਾ ਰਹੇ ਹਨ।

ਜਾਣਕਾਰੀ ਅਨੁਸਾਰ ਪ੍ਰੋ. ਭੁੱਲਰ ਨੂੰ ਦਿੱਲੀ ਬੰਬ ਧਮਾਕੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਜਿਸ ਮਗਰੋਂ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ। ਸਿੱਖ ਜਥੇਬੰਦੀਆਂ ਦੇ ਸੰਘਰਸ਼ ਮਗਰੋਂ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰ ਦਿੱਤਾ ਗਿਆ ਸੀ। ਭੁੱਲਰ ਬਠਿੰਡਾ ਜ਼ਿਲ੍ਹੇ ਦੇ ਪਿੰਡ ਦਿਆਲਪੁਰਾ ਦੇ ਜੰਮਪਲ ਹਨ। ਉਨ੍ਹਾਂ ਨੂੰ 11 ਸਤੰਬਰ 1993 ਨੂੰ ਕਾਂਗਰਸੀ ਆਗੂ ਮਨਿੰਦਰਜੀਤ ਬਿੱਟਾ 'ਤੇ ਬੰਬ ਧਮਾਕੇ ਦੇ ਹਮਲੇ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਸਾਲ 2001 ਵਿਚ ਭੁੱਲਰ ਨੂੰ ਅਦਾਲਤ ਵਲੋਂ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ ਤੇ ਉਹ ਹੁਣ ਉਮਰ ਕੈਦ ਦੀ ਸਜ਼ਾ ਕੱਟ ਰਹੇ ਸਨ।

ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ ਅੱਠ ਸਿੱਖ ਕੈਦੀਆਂ ਦੀ ਰਿਹਾਈ ਕਰਨ ਅਤੇ ਇੱਕ ਕੈਦੀ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਦਾ ਐਲਾਨ ਕੀਤਾ ਸੀ। ਇਹ ਵਿਸ਼ੇਸ਼ ਫੈਸਲਾ ਗੁਰੂ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਲਿਆ ਗਿਆ ਸੀ। ਇਸ ਦਿਹਾੜੇ ਮੌਕੇ ਕੇਂਦਰ ਸਰਕਾਰ ਨੇ ਪੰਜਾਬ ਪੁਲੀਸ ਦੇ ਪੰਜ ਅਫ਼ਸਰਾਂ ਤੇ ਕਰਮਚਾਰੀਆਂ ਦੀ ਰਿਹਾਈ ਕਰਨ ਦਾ ਫ਼ੈਸਲਾ ਕੀਤਾ ਹੈ।

**ਲਾਲ ਸਿੰਘ ਦੀ ਰਿਹਾਈ ਨਾ ਹੋ ਸਕੀ**

ਨਾਭਾ, ਕੇਂਦਰ ਸਰਕਾਰ ਵਲੋਂ ਜਿਨ੍ਹਾਂ 8 ਸਿੱਖ ਕੈਦੀਆਂ ਦੀ ਰਿਹਾਈ ਦੇ ਹੁਕਮ ਜਾਰੀ ਹੋਏ ਹਨ, ਉਨ੍ਹਾਂ ਵਿਚੋਂ ਦੋ ਸਿੱਖ ਕੈਦੀ ਸਕਿਓਰਿਟੀ ਜੇਲ੍ਹ ਨਾਭਾ ਵਿਖੇ ਬੰਦ ਸਨ ਜਿਨ੍ਹਾਂ ਵਿਚ ਪਹਿਲਾ ਨਾਂਅ 55 ਸਾਲਾ ਹਰਜਿੰਦਰ ਸਿੰਘ ਕਾਲੀ ਹੈ ਜੋ ਕਿ ਪਹਿਲਾਂ ਹੀ ਅਦਾਲਤ ਤੋਂ ਮਿਲੀ ਪੈਰੋਲ 'ਤੇ ਜੇਲ੍ਹ ਤੋਂ ਬਾਹਰ ਹੈ। ਨਾਭਾ ਜੇਲ੍ਹ ਤੋਂ ਰਿਹਾਅ ਹੋਣ ਲਈ ਭੇਜੀ ਸੂਚੀ ਵਿਚ ਦੂਜਾ ਨਾਂਅ ਕੈਦੀ ਲਾਲ ਸਿੰਘ ਦਾ ਹੈ ਕਿ ਜੋ ਕਿ 1992 ਟਾਡਾ ਐਕਟ ਦਿੱਲੀ ਤੇ 1993-94 ਗੁਜਰਾਤ ਮਾਮਲਿਆਂ ਵਿਚ ਆਪਣੀ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਲਾਲ ਸਿੰਘ ਦੀ ਰਿਹਾਈ ਦੇ ਕੋਈ ਆਦੇਸ਼ ਜਾਰੀ ਨਹੀਂ ਹੋਏ। ਇਸ ਸਬੰਧੀ ਜੇਲ੍ਹ ਦੇ ਸੁਪਰਡੈਂਟ ਰਮਨਦੀਪ ਸਿੰਘ ਦਾ ਕਹਿਣਾ ਹੈ ਕਿ ਕੈਦੀਆਂ ਦੀ ਰਿਹਾਈ ਲਈ ਲਾਲ ਸਿੰਘ ਦਾ ਨਾਂਅ ਸੂਚੀ ਵਿਚ ਜ਼ਰੂਰ ਹੈ ਪਰ ਪ੍ਰਸ਼ਾਸਨ ਵਲੋਂ ਉਨ੍ਹਾਂ ਦੀ ਰਿਹਾਈ ਲਈ ਕੋਈ ਵੀ ਹੁਕਮ ਨਹੀਂ ਆਏ।

**ਨੰਦ ਸਿੰਘ ਰਿਹਾਅ**

ਕੇਂਦਰੀ ਜੇਲ੍ਹ ਪਟਿਆਲਾ ਵਿਚ ਬੰਦ ਨੰਦ ਸਿੰਘ ਨੂੰ ਬੀਤੇ ਵੀਰਵਾਰ ਸ਼ਾਮ ਦੌਰਾਨ ਰਿਹਾਅ ਕਰ ਦਿੱਤਾ ਗਿਆ ਹੈ। ਨੰਦ ਸਿੰਘ ਨੂੰ ਲੈਣ ਲਈ ਕੇਂਦਰੀ ਜੇਲ੍ਹ ਵਿਚ ਉਨ੍ਹਾਂ ਦੇ ਪਰਿਵਾਰਕ ਮੈਂਬਰ ਪਹੁੰਚੇ। ਨੰਦ ਸਿੰਘ ਦੀ ਪਰਿਵਾਰਕ ਮੈਂਬਰ ਕੁਲਵਿੰਦਰ ਕੌਰ ਨੇ ਦੱਸਿਆ ਕਿ ਨੰਦ ਸਿੰਘ ਖ਼ਿਲਾਫ਼ 1995 ਵਿਚ ਕਤਲ ਦਾ ਕੇਸ ਦਰਜ ਹੋਇਆ ਸੀ। ਇਸ ਦੌਰਾਨ ਬੁੜੈਲ ਜੇਲ੍ਹ ਵਿਚ ਬੰਦ ਰਹਿੰਦਿਆਂ ਨੰਦ ਸਿੰਘ ਦੀ ਦੋਸਤੀ ਜਗਤਾਰ ਸਿੰਘ ਹਵਾਰਾ ਨਾਲ ਹੋਈ ਜਿਸ ਕਾਰਨ ਸਜ਼ਾ ਪੂਰੀ ਹੋਣ ਤੋਂ ਬਾਅਦ ਵੀ ਉਨ੍ਹਾਂ ਦੀ ਰਿਹਾਈ ਨਹੀਂ ਹੋ ਸਕੀ। ਜਿਸ ਤੋਂ ਬਾਅਦ ਬੁੜੈਲ ਜੇਲ੍ਹ ਬ੍ਰੇਕ ਮਾਮਲੇ ਵਿਚ ਨੰਦ ਸਿੰਘ ਦਾ ਨਾਂ ਵੀ ਸ਼ਾਮਲ ਹੋਇਆ ਸੀ। ਹਾਲਾਂਕਿ ਬਾਅਦ ਵਿਚ ਅਦਾਲਤ ਨੇ ਇਸ ਕੇਸ ਵਿਚੋਂ ਨੰਦ ਸਿੰਘ ਨੂੰ ਬਰੀ ਕਰ ਦਿੱਤਾ ਸੀ। ਕੁਲਵਿੰਦਰ ਕੌਰ ਨੇ ਦੱਸਿਆ ਕਿ ਉਹ ਨੰਦ ਸਿੰਘ ਨੂੰ ਰਿਹਾਅ ਕਰਵਾਉਣ ਲਈ ਲਗਾਤਾਰ ਅਦਾਲਤ ਵਿਚ ਅਰਜ਼ੀਆਂ ਦਾਖ਼ਲ ਕਰ ਰਹੇ ਸਨ ਪਰ ਹਰ ਵਾਰ ਪੁਲਿਸ ਦੀ ਨੈਗੇਟਿਵ ਰਿਪੋਰਟ ਹੋਣ ਕਾਰਨ ਰਿਹਾਈ ਸੰਭਵ ਨਹੀਂ ਹੋ ਸਕੀ ਤੇ ਹੁਣ ਹਾਈਕੋਰਟ ਦੇ ਹੁਕਮਾਂ 'ਤੇ ਰਿਹਾਈ ਮਿਲੀ ਹੈ। ਪੰਜਾਬ ਦੇ ਆਈਜੀ (ਜੇਲ੍ਹ) ਪਰਵੀਨ ਕੁਮਾਰ ਸਿਨਹਾ ਦਾ ਕਹਿਣਾ ਹੈ ਕਿ ਪਟਿਆਲਾ ਜੇਲ੍ਹ ਤੋਂ ਨੰਦ ਸਿੰਘ ਨਾਂ ਦੇ ਕੈਦੀ ਦੀ ਰਿਹਾਈ ਦਾ ਕੇਂਦਰ ਸਰਕਾਰ ਦੀ ਸੂਚੀ ਨਾਲ ਕੋਈ ਸਬੰਧ ਨਹੀਂ ਤੇ ਇਸ ਕੈਦੀ ਦੀ ਅਗਾਊਂ ਰਿਹਾਈ ਸਬੰਧੀ ਹਾਈ ਕੋਰਟ ਵੱਲੋਂ ਫ਼ੈਸਲਾ ਲਿਆ ਗਿਆ ਸੀ।

**ਸੁਬੇਗ ਸਿੰਘ ਰਿਹਾਅ**

ਸਾਲ 1995 ਵਿੱਚ ਚੰਡੀਗੜ੍ਹ ਵਿਚ ਹੋਏ ਇੱਕ ਕਤਲ ਅਤੇ 2004 ਵਿਚ ਵਾਪਰੇ ਬੁੜੈਲ ਜੇਲ੍ਹ ਕਾਂਡ 'ਤੇ ਆਧਾਰਿਤ ਕੇਸਾਂ ਨੂੰ ਲੈ ਕੇ ਢਾਈ ਦਹਾਕਿਆਂ ਤੋਂ ਚੰਡੀਗੜ੍ਹ ਤੇ ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਚੱਲੇ ਆ ਰਹੇ ਪਟਿਆਲਾ ਜ਼ਿਲ੍ਹੇ ਦੇ ਪਿੰਡ ਸੂਹਰੋਂ ਵਾਸੀ ਸੁਬੇਗ ਸਿੰਘ ਸੂਹਰੋਂ ਨੂੰ ਵੀ ਬੀਤੇ ਦਿਨੀਂ ਰਿਹਾਅ ਕਰ ਦਿੱਤਾ ਗਿਆ ਹੈ।

ਚੰਡੀਗੜ੍ਹ ਵਿੱਚ ਬਚਨ ਸਿੰਘ ਨਾਮ ਦੇ ਵਿਅਕਤੀ ਦੇ ਹੋਏ ਕਤਲ ਸਬੰਧੀ ਕੇਸ ਵਿਚ ਸੁਬੇਗ ਸਿੰਘ ਤੇ ਨੰਦ ਸਿੰਘ ਨੂੰ ਚੰਡੀਗੜ੍ਹ ਦੀ ਅਦਾਲਤ ਤੋਂ ਉਮਰ ਕੈਦ ਦੀ ਸਜ਼ਾ ਹੋਈ ਸੀ। ਉਹ ਦੋਵੇਂ ਬੁੜੈਲ ਜੇਲ੍ਹ ਵਿੱਚ ਅਜੇ ਉਮਰ ਕੈਦ ਦੀ ਸਜ਼ਾ ਭੁਗਤ ਹੀ ਰਹੇ ਸਨ ਕਿ ਸਾਲ 2004 ਵਿਚ ਬੁੜੈਲ ਜੇਲ੍ਹ ਵਿਚੋਂ ਸੁਰੰਗ ਪੁੱਟ ਕੇ ਬੇਅੰਤ ਸਿੰਘ ਕਤਲ ਕੇਸ ਦੇ ਦੋਸ਼ੀ ਭਾਈ ਜਗਤਾਰ ਸਿੰਘ ਹਵਾਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਪਰਮਜੀਤ ਸਿੰਘ ਭਿਓਰਾ ਤੇ ਇੱਕ ਹੋਰ ਕੈਦੀ ਫਰਾਰ ਹੋ ਗਏ ਸਨ। ਇਸ ਸਬੰਧੀ ਦਰਜ ਹੋਏ ਕੇਸ ਵਿਚ ਸੁਬੇਗ ਸਿੰਘ ਤੇ ਨੰਦ ਸਿੰਘ ਨੂੰ ਵੀ ਸਾਜ਼ਿਸ਼ੀਆਂ ਵਜੋਂ ਸ਼ਾਮਲ ਕੀਤਾ ਗਿਆ ਸੀ, ਪਰ ਇਸ ਕੇਸ ਵਿਚੋਂ ਦੋਵੇਂ ਕਈ ਸਾਲ ਪਹਿਲਾਂ ਹੀ ਬਰੀ ਹੋ ਗਏ ਸਨ। ਬੁੜੈਲ ਜੇਲ੍ਹ ਬਰੇਕ ਕੇਸ ਕਰਕੇ ਹੀ ਉਨ੍ਹਾਂ ਨੂੰ ਢਾਈ ਦਹਾਕਿਆਂ ਤੱਕ ਜੇਲ੍ਹ ਵਿਚ ਰਹਿਣਾ ਪਿਆ। ਇਹ ਕੇਸ ਨਾ ਹੁੰਦਾ ਤਾਂ ਉਹ ਕਦੋਂ ਦੇ ਬਾਹਰ ਆ ਜਾਂਦੇ। ਹਾਈ ਕੋਰਟ ਵੱਲੋਂ ਜਾਰੀ ਆਦੇਸ਼ਾਂ ਵਿਚ ਇਨ੍ਹਾਂ ਦੋਵਾਂ ਕੈਦੀਆਂ ਤੋਂ ਪਟਿਆਲਾ ਦੇ ਡੀਸੀ ਦਫ਼ਤਰ ਵਿੱਚ ਜ਼ਮਾਨਤੀ ਬੌਂਡ ਭਰਵਾਉਣ ਲਈ ਆਖਿਆ ਗਿਆ ਸੀ। ਪਰ ਸੁਬੇਗ ਸਿੰਘ ਦੇ ਜ਼ਮਾਨਤੀ ਬੌਂਡ ਭਰਨ ਵਿਚ ਹੋਈ ਦੇਰੀ ਕਰਕੇ ਹੀ ਉਹਦੀ ਰਿਹਾਈ ਪੱਛੜ ਗਈ ਸੀ। ਹੁਣ ਰਿਹਾਈ ਮੌਕੇ ਨੰਦ ਸਿੰਘ ਨੇ ਸੁਬੇਗ ਸਿੰਘ ਦਾ ਜੇਲ੍ਹ ਦੇ ਬਾਹਰ ਸਵਾਗਤ ਕੀਤਾ।

## ਪਾਕਿਸਤਾਨ ਵੱਲੋਂ ਭਾਰਤ ਨਾਲ ਡਾਕ ਸੇਵਾ ਬਹਾਲ

ਇਸਲਾਮਾਬਾਦ/ਏ.ਟੀ. ਨਿਊਜ਼ : ਪਾਕਿਸਤਾਨ ਨੇ ਭਾਰਤ ਨਾਲ ਪਿਛਲੇ ਤਿੰਨ ਮਹੀਨਿਆਂ ਤੋਂ ਬੰਦ ਪਈ ਡਾਕ ਸੇਵਾ ਬਹਾਲ ਕਰ ਦਿੱਤੀ ਹੈ। 'ਦਿ ਐਕਸਪ੍ਰੈੱਸ ਟ੍ਰਿਬਿਊਨ' ਦੀ ਰਿਪੋਰਟ ਮੁਤਾਬਕ ਪਾਕਿਸਤਾਨ ਸਰਕਾਰ ਨੇ ਆਪਣੇ ਨਾਗਰਿਕਾਂ ਨੂੰ ਭਾਰਤ ਰਹਿੰਦੇ ਆਪਣੇ ਸਕੇ-ਸਬੰਧੀਆਂ ਨੂੰ ਚਿੱਠੀ-ਪੱਤਰ ਭੇਜਣ ਦੀ ਇਜਾਜ਼ਤ ਦੇ ਦਿੱਤੀ ਹੈ। ਕਸ਼ਮੀਰ ਮੁੱਦੇ ਨੂੰ ਲੈ ਕੇ ਤਲਖੀ ਵਧਣ ਮਗਰੋਂ ਪਾਕਿਸਤਾਨ ਨੇ ਇਹ ਸੇਵਾ ਮੁਅੱਤਲ ਕਰ ਦਿੱਤੀ ਸੀ। ਪਾਕਿਸਤਾਨ ਪੋਸਟ ਨੇ ਇਕ ਰਸਮੀ ਸਰਕੂਲਰ ਜਾਰੀ ਕਰਕੇ ਮੁਲਕ ਵਿਚਲੇ ਆਪਣੇ ਡਾਕਘਰਾਂ ਨੂੰ ਇਸ ਸਬੰਧੀ ਸੂਚਿਤ ਕਰ ਦਿੱਤਾ ਹੈ। ਜਨਰਲ ਪੋਸਟ ਆਫਿਸ (ਜੀਪੀਓ) ਰਾਵਲਪਿੰਡੀ ਨੇ ਰੋਜ਼ਨਾਮਚੇ ਨੂੰ ਦਿੱਤੀ ਜਾਣਕਾਰੀ ਵਿੱਚ ਕਿਹਾ ਕਿ ਸੇਵਾਵਾਂ ਬਹਾਲ ਹੋਣ ਮਗਰੋਂ ਹੁਣ ਪਾਕਿਸਤਾਨੀ ਨਾਗਰਿਕ ਭਾਰਤ ਰਹਿੰਦੇ ਆਪਣੇ ਰਿਸ਼ਤੇਦਾਰਾਂ ਨੂੰ ਚਿੱਠੀਆਂ, ਰਜਿਸਟਰੀਆਂ ਤੇ ਐਕਸਪ੍ਰੈੱਸ ਪੱਤਰ ਭੇਜ ਸਕਣਗੇ ਜਦੋਂਕਿ ਪਾਰਸਲ ਤੇ ਹੋਰ ਵਸਤਾਂ ਦੀ ਢੁਆਈ 'ਤੇ ਪਾਬੰਦੀ ਅਜੇ ਵੀ ਆਇਦ ਰਹੇਗੀ।

## ਸੋਭਾ ਪੱਤਰ 'ਚ ਪੰਜਾਬੀ ਭਾਸ਼ਾ ਨਾ ਵਰਤਣ ਤੇ ਪੰਜਾਬੀਆਂ ਵਲੋਂ ਵਿਰੋਧ

*ਬਦਨਾਮੀ ਹੋਣ ਮਗਰੋਂ ਕੈਪਟਨ ਸਰਕਾਰ ਟਿਕਾਣੇ ਆਈ !*

**ਪਟਿਆਲਾ/ਏ.ਟੀ. ਨਿਊਜ਼ :** ਪੰਜਾਬ ਸਰਕਾਰ ਵੱਲੋਂ 550ਵੇਂ ਪ੍ਰਕਾਸ਼ ਪੁਰਬ 'ਤੇ ਗੁਰੂ ਨਾਨਕ ਦੇਵ ਅਚੀਵਰਜ਼ ਪੁਰਸਕਾਰਾਂ ਨਾਲ ਸਨਮਾਨੀਆਂ ਸ਼ਖ਼ਸੀਅਤਾਂ ਨੂੰ ਮਾਂ ਬੋਲੀ ਪੰਜਾਬੀ ਦੀ ਬਜਾਇ ਅੰਗਰੇਜ਼ੀ ਵਿਚ ਦਿੱਤੇ ਗਏ ਸੋਭਾ ਪੱਤਰ 'ਸਾਈਟੇਸ਼ਨ' ਦੇ ਭਖੇ ਮਾਮਲੇ 'ਤੇ ਆਖ਼ਰ ਸੂਬਾ ਸਰਕਾਰ ਗੰਭੀਰ ਹੋਣ ਲੱਗੀ ਹੈ।

ਦੱਸਣਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪ੍ਰਕਾਸ਼ ਪੁਰਬ ਮੌਕੇ ਭਾਰਤ-ਪਾਕਿਸਤਾਨ ਦਰਮਿਆਨ ਕਰਤਾਰਪੁਰ ਕੌਰੀਡੋਰ ਖੋਲ੍ਹਣ ਵੇਲੇ ਉਦਘਾਟਨੀ ਪੱਥਰ 'ਤੇ ਪਹਿਲਾਂ ਪੰਜਾਬੀ ਗਾਇਬ ਸੀ, ਸਿਰਫ਼ ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਹੀ ਅੰਕਿਤ ਸੀ। ਪੰਜਾਬੀ ਭਾਈਚਾਰੇ ਦੇ ਵਿਰੋਧ ਦੇ ਅਸਰ ਵਜੋਂ ਲੰਘੇ ਦਿਨ ਇਸ ਪੱਥਰ 'ਤੇ ਪੰਜਾਬੀ ਨੂੰ ਸਰਵੋਤਮ ਥਾਂ ਦੇ ਕੇ ਨਿਵਾਜ ਦਿੱਤਾ ਗਿਆ ਹੈ। ਦੂਜੇ ਪਾਸੇ, ਪੰਜਾਬ ਸਰਕਾਰ ਅਹਿਮ ਸ਼ਖ਼ਸੀਅਤਾਂ ਨੂੰ ਸਨਮਾਨ ਵਜੋਂ ਦਿੱਤੇ ਅੰਗਰੇਜ਼ੀ ਵਿਚ ਲਿਖੇ ਸੋਭਾ ਪੱਤਰ ਸਬੰਧੀ ਹਾਲੇ ਤੱਕ ਕੰਨ ਵਲੇਟੀ ਬੈਠੀ ਸੀ।

ਉਚ ਪੱਧਰੀ ਸੂਤਰਾਂ ਦਾ ਕਹਿਣਾ ਹੈ ਕਿ ਸੋਭਾ ਪੱਤਰਾਂ ਦੇ ਭਾਸ਼ਾਈ ਮਾਮਲੇ 'ਤੇ ਪੜਚੋਲਿਆ ਜਾਣ ਲੱਗ ਪਿਆ ਹੈ।

ਦੱਸਣਯੋਗ ਹੈ ਕਿ ਪੰਜਾਬੀ ਵਿਰੋਧੀ ਇਸ ਮਾਮਲੇ 'ਤੇ ਸੂਬੇ ਦੇ ਵੱਖ ਵੱਖ ਲੇਖਕ ਤੇ ਚਿੰਤਕ ਭਾਈਚਾਰੇ ਵੱਲੋਂ ਵੀ ਸਰਕਾਰ ਨੂੰ ਘੇਰਿਆ ਜਾ ਰਿਹਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ 'ਸੇਖੋਂ' ਵੱਲੋਂ ਤਾਂ ਪੰਜਾਬੀ ਤੋਂ ਗਾਇਬ ਸੋਭਾ ਪੱਤਰਾਂ ਨੂੰ ਪੰਜਾਬੀ ਸਾਹਿਤਕਾਰਾਂ ਨੂੰ ਵਾਪਸ ਕਰਨ ਦਾ ਸੱਦਾ ਵੀ ਦਿੱਤਾ ਹੋਇਆ ਹੈ। ਸਭਾ ਦੇ ਬੁਲਾਰੇ ਡਾ. ਭਗਵੰਤ ਸਿੰਘ ਦਾ ਕਹਿਣਾ ਹੈ ਕਿ ਪ੍ਰਕਾਸ਼ ਪੁਰਬ 'ਤੇ ਪੰਜਾਬੀ ਨੂੰ ਪਿਛਾਂਹ ਕਰ ਕੇ ਪੰਜਾਬੀ ਸਾਹਿਤਕਾਰਾਂ ਦੀ ਬੇਇਜ਼ਤੀ ਕੀਤੀ ਗਈ ਹੈ। ਸ਼੍ਰੋਮਣੀ ਪੰਜਾਬੀ ਕਵੀ ਅਤੇ ਪੰਜਾਬੀ ਸਾਹਿਤ ਸਭਾ ਮੁਹਾਲੀ ਦੇ ਸਰਪ੍ਰਸਤ ਡਾ. ਸੁਰਿੰਦਰ ਗਿੱਲ ਨੇ ਪੰਜਾਬ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਸਮਾਗਮ ਸਮੇਂ 550 ਅਹਿਮ ਸ਼ਖ਼ਸੀਅਤਾਂ ਨੂੰ ਦਿੱਤੇ ਗਏ ਸੋਭਾ ਪੱਤਰ ਪੰਜਾਬੀ ਮਾਂ ਬੋਲੀ ਦੀ ਥਾਂ ਅੰਗਰੇਜ਼ੀ ਭਾਸ਼ਾ ਵਿਚ ਲਿਖੇ ਹੋਣ ਨੂੰ ਪੰਜਾਬ ਸਰਕਾਰ ਲਈ ਸ਼ਰਮਨਾਕ ਕਰਾਰ ਦਿੱਤਾ ਹੈ। ਕੇਂਦਰੀ ਲੇਖਕ ਸਭਾ ਦੇ ਜਨਰਲ ਸਕੱਤਰ ਪ੍ਰੋ. ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਜਿੱਥੇ ਪੰਜਾਬ ਰਾਜ ਭਾਸ਼ਾ ਐਕਟ ਦੀਆਂ ਧੱਜੀਆਂ ਉਡਾਈਆਂ ਹਨ ਉੱਥੇ ਆਪਣੇ ਅੰਗਰੇਜ਼ੀ ਭਾਸ਼ਾ ਪ੍ਰਤੀ ਹੇਜ ਨੂੰ ਵੀ ਨਸ਼ਰ ਕੀਤਾ ਹੈ।

ਇਸ ਮਾਮਲੇ 'ਤੇ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਵੱਲੋਂ ਭਾਵੇਂ ਪਹਿਲਾਂ ਮਾਮਲੇ 'ਤੇ ਕਾਰਵਾਈ ਕਰਨ ਦਾ ਬਿਆਨ ਦਿੱਤਾ ਗਿਆ ਸੀ, ਪਰ ਬਾਅਦ ਵਿਚ ਮੁੱਦੇ 'ਤੇ ਦੜ ਵੱਟਣ ਨੂੰ ਤਰਜੀਹ ਦਿੱਤੀ। ਭਾਸ਼ਾ ਵਿਭਾਗ ਪੰਜਾਬ ਦੀ ਡਾਇਰੈਕਟਰ ਕਰਮਜੀਤ ਕੌਰ ਨੇ ਮੁੜ ਆਖਿਆ ਹੈ ਕਿ ਸੋਭਾ ਪੱਤਰਾਂ ਦੇ ਮਾਮਲੇ ਨੂੰ ਭਾਸ਼ਾ ਵਿਭਾਗ ਹੀ ਨਹੀਂ ਬਲਕਿ ਸਰਕਾਰ ਵੀ ਗੰਭੀਰਤਾ ਨਾਲ ਲੈ ਰਹੀ ਹੈ। ਉਨ੍ਹਾਂ ਭਰੋਸਾ ਦਿਵਾਉਂਦਿਆਂ ਆਖਿਆ ਕਿ ਸੋਭਾ ਪੱਤਰ ਪੰਜਾਬੀ ਵਿਚ ਹੀ ਹੋਣਗੇ, ਇਸ ਲਈ ਥੋੜ੍ਹਾ ਇੰਤਜ਼ਾਰ ਕਰਨਾ ਪਵੇਗਾ।

## ਸੁਲਤਾਨਪੁਰ ਲੋਧੀ ਵਿਚ ਨਿਹੰਗ ਸਿੰਘ ਪ੍ਰਸ਼ਾਸ਼ਨ ਲਈ ਬਣੇ ਚੁਣੌਤੀ

*8000 ਗਊਆਂ ਮੱਥਾ ਟਿਕਾਉਣ ਲਈ ਗੁਰੂ ਨਗਰੀ 'ਚ ਵਾੜਨ ਲੱਗੇ*



**ਜਲੰਧਰ/ਏ.ਟੀ. ਨਿਊਜ਼ :** ਸੁਲਤਾਨਪੁਰ ਲੋਧੀ ਵਿਖੇ ਨਿਹੰਗ ਸਿੰਘਾਂ ਦੀਆਂ ਆਈਆਂ 8000 ਗਊਆਂ ਨੂੰ ਸ਼ਹਿਰ ਤੋਂ ਬਾਹਰ ਰੋਕਣ ਦੀ ਚੁਣੌਤੀ ਦਾ ਪ੍ਰਸ਼ਾਸ਼ਨ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਗਾਵਾਂ ਨੂੰ ਸੁਲਤਾਨਪੁਰ ਲੋਧੀ ਸ਼ਹਿਰ ਵਿਚ ਦਾਖ਼ਲ ਹੋਣ ਤੋਂ ਰੋਕਣ ਲਈ ਮੁੰਡੀ ਮੋੜ ਨੇੜੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕੈਂਪਸ ਵਿਚ ਡੱਕ ਦਿੱਤਾ ਗਿਆ ਹੈ। ਇਸ ਕਾਰਨ ਪੈਦਾ ਹੋਈ ਤਣਾਅ ਦੀ ਸਥਿਤੀ ਕਾਰਨ ਡਿਪਟੀ ਕਮਿਸ਼ਨਰ ਡੀਪੀਐੱਸ ਖਰਬੰਦਾ ਨੂੰ ਮੌਕੇ 'ਤੇ ਜਾਣਾ ਪਿਆ। ਉਨ੍ਹਾਂ ਨੇ ਬਾਬਾ ਬਕਾਲਾ ਤੋਂ ਗਾਵਾਂ ਲੈ ਕੇ ਆ ਰਹੇ ਨਿਹੰਗ ਭਗੀਰਥ ਸਿੰਘ ਨਾਲ ਸੁਲ੍ਹਾ ਸਫ਼ਾਈ ਦੀ ਗੱਲਬਾਤ ਤੋਰੀ ਸੀ ਪਰ ਨਿਹੰਗ ਸਿੰਘ ਨਾ ਮੰਨੇ। ਉਹ ਇਸ ਗੱਲ 'ਤੇ ਅੜੇ ਹੋਏ ਹਨ ਕਿ ਉਹ ਆਪਣੀਆਂ ਗਊਆਂ ਨੂੰ ਬਾਬੇ ਨਾਨਕ ਦੀ ਧਰਤੀ 'ਤੇ ਲੈ ਕੇ ਹੀ ਜਾਣਗੇ। ਉਹ ਪ੍ਰਕਾਸ਼ ਪੁਰਬ ਤੋਂ ਬਾਅਦ ਹਰ ਸਾਲ ਗਊਆਂ ਨੂੰ ਇੱਥੇ ਲੈ ਕੇ ਆਉਂਦੇ ਹਨ।

ਉਧਰ, ਕਪੂਰਥਲਾ ਪ੍ਰਸ਼ਾਸਨ ਨੇ ਗਊਆਂ ਨੂੰ ਸੁਲਤਾਨਪੁਰ ਲੋਧੀ ਵਿਚ ਦਾਖ਼ਲ ਹੋਣ ਤੋਂ ਰੋਕਣ ਲਈ ਧਾਰਾ-144 ਵੀ ਲਗਾ ਦਿੱਤੀ ਹੈ ਤੇ ਪੁਲੀਸ ਨੂੰ ਵੱਡੇ ਪੱਧਰ 'ਤੇ ਤਾਇਨਾਤ ਕਰ ਦਿੱਤਾ ਹੈ ਤਾਂ ਜੋ ਗਊਆਂ ਸ਼ਹਿਰ ਅੰਦਰ ਦਾਖ਼ਲ ਨਾ ਹੋ ਸਕਣ। ਜ਼ਿਕਰਯੋਗ ਹੈ ਕਿ ਪਹਿਲਾਂ ਇਨ੍ਹਾਂ ਗਊਆਂ ਨੂੰ ਨਿਹੰਗ ਪਾਲਾ ਸਿੰਘ ਲੈ ਕੇ ਆਉਂਦੇ ਸਨ। ਉਨ੍ਹਾਂ ਦੀ ਮੌਤ ਤੋਂ ਬਾਅਦ ਇਹ ਜ਼ਿੰਮੇਵਾਰੀ ਭਗੀਰਥ ਸਿੰਘ ਨੇ ਸੰਭਾਲ ਲਈ ਹੈ। ਇੰਨੀ ਵੱਡੀ ਪੱਧਰ 'ਤੇ ਗਊਆਂ ਦੇ ਵੱਗ ਨੂੰ ਲੈ ਕੇ ਤੁਰਨ ਨਾਲ ਕਿਸਾਨਾਂ ਦੇ ਖੇਤਾਂ ਦਾ ਵੀ ਉਜਾੜਾ ਹੁੰਦਾ ਹੈ ਤੇ ਕਈ ਵਾਰ ਕਿਸਾਨਾਂ ਤੇ ਨਿਹੰਗ ਸਿੰਘਾਂ ਵਿਚ ਖ਼ੂਨੀ ਝੜਪਾਂ ਵੀ ਹੋ ਚੁੱਕੀਆਂ ਹਨ। ਨਿਹੰਗ ਸਿੰਘਾਂ ਦਾ ਹੈੱਡਕੁਆਰਟਰ ਚੌਕ ਮਹਿਤਾ ਵਿਚ ਹੈ ਜਿੱਥੋਂ ਉਹ ਹਰ ਸਾਲ ਗਊਆਂ ਲੈ ਕੇ ਆਉਂਦੇ ਹਨ। ਉਧਰ, ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਗਊਆਂ ਨੂੰ ਸੁਲਤਾਨਪੁਰ ਲੋਧੀ ਲਿਜਾਣ ਲਈ ਬਦਲਵੇਂ ਰਸਤੇ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।

## ਕਰਤਾਰਪੁਰ ਲਾਂਘੇ ਲਈ ਪਾਸਪੋਰਟ ਦੀ ਸ਼ਰਤ ਹਟਾਈ ਜਾਵੇ

*ਸੁਖਬੀਰ ਨੇ ਭਾਰਤ ਸਰਕਾਰ ਨੂੰ ਲਿਖਿਆ ਪੱਤਰ*



**ਚੰਡੀਗੜ੍ਹ/ਏ.ਟੀ. ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਦੋਵੇਂ ਦੇਸ਼ਾਂ ਵਿਚਕਾਰ ਸਹੀਬੰਦ ਹੋਏ ਸਮਝੌਤੇ ਵਿਚ ਸੋਧ ਕਰਨ ਲਈ ਪਾਕਿਸਤਾਨ ਨੂੰ ਬੇਨਤੀ ਕਰਨ ਅਤੇ ਇਸ ਸਮਝੌਤੇ ਵਿਚੋਂ ਉਸ ਸ਼ਰਤ ਨੂੰ ਹਟਾ ਦੇਣ, ਜਿਹੜੀ ਕਰਤਾਰਪੁਰ ਲਾਂਘੇ ਦੀ ਵਰਤੋਂ ਕਰਨ ਵਾਲੇ ਸ਼ਰਧਾਲੂਆਂ ਕੋਲ ਪਾਸਪੋਰਟ ਹੋਣਾ ਲਾਜ਼ਮੀ ਬਣਾਉਂਦੀ ਹੈ। ਇਸ ਤੋਂ ਇਲਾਵਾ ਉਹ ਜਾਂਚ-ਪੜਤਾਲ ਅਤੇ ਦਸਤਾਵੇਜ਼ਾਂ ਦੀ ਪ੍ਰਕਿਰਿਆ ਨੂੰ ਸੌਖੀ ਬਣਾਉਣ ਲਈ ਵੀ ਲੋੜੀਂਦੇ ਕਦਮ ਚੁੱਕਣ।

## ਨਵਜੋਤ ਸਿੱਧੂ 500 ਦਾ ਜੱਥਾ ਲੈ ਕੇ ਕਰਤਾਰਪੁਰ ਸਾਹਿਬ ਜਾਣਗੇ

**ਅੰਮ੍ਰਿਤਸਰ/ਏ.ਟੀ. ਨਿਊਜ਼ :** ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਲਗਾਤਾਰ ਚੁੱਪ ਵੱਟੀ ਹੋਈ ਹੈ, ਪਾਕਿਸਤਾਨ ਵਿਚ ਕਰਤਾਰਪੁਰ ਸਾਹਿਬ ਦੇ ਉਦਘਾਟਨ ਦੌਰਾਨ ਸਿੱਧੂ ਨੇ ਸੰਬੋਧਨ ਕੀਤਾ ਸੀ। ਉਸ ਤੋਂ ਬਾਅਦ ਫਿਰ ਪੰਜਾਬ ਵਾਪਿਸ ਪਰਤਦੇ ਹੀ ਸਿੱਧੂ ਨੇ ਚੁੱਪੀ ਧਾਰ ਲਈ। ਉੱਧਰ ਪਾਕਿਸਤਾਨ ਵਿਚ ਸਿੱਧੂ ਵੱਲੋਂ ਦਿੱਤੇ ਭਾਸ਼ਣ ਨੂੰ ਬੀਜੇਪੀ ਵਲੋਂ ਦੇਸ਼ ਵਿਰੋਧੀ ਦੱਸਣ 'ਤੇ ਵੀ ਨਵਜੋਤ ਕੌਰ ਸਿੱਧੂ ਨੇ ਮੋੜਵਾਂ ਜਵਾਬ ਦਿੱਤਾ ਹੈ। ਡਾ. ਸਿੱਧੂ ਨੇ ਕਿਹਾ ਕਿ ਭਾਜਪਾ ਦੇ ਬਿਆਨਾਂ ਨਾਲ ਸਿੱਧੂ ਨੂੰ ਕੋਈ ਫਰਕ ਨਹੀਂ ਪੈਂਦਾ, ਕਿਉਂਕਿ ਉਨ੍ਹਾਂ ਨੇ ਕਰਤਾਰਪੁਰ ਸਾਹਿਬ ਲਾਂਘੇ 'ਤੇ ਕੋਈ ਸਿਆਸਤ ਨਹੀਂ ਕਰਨੀ, ਲਾਂਘਾ ਖੁੱਲ੍ਹਣਾ ਬਾਬਾ ਗੁਰੂ ਨਾਨਕ ਜੀ ਦੀ ਮੇਹਰ ਹੈ। ਨਵਜੋਤ ਕੌਰ ਸਿੱਧੂ ਨੇ ਦੱਸਿਆ ਕਿ ਜਲਦ ਹੀ ਉਹ 500 ਦੇ ਕਰੀਬ ਵਿਅਕਤੀ ਦਾ ਜਥਾ ਲੈਕੇ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਲਈ ਜਾਣਗੇ।

## ਪਾਕਿ 400 ਮੰਦਰ ਹਿੰਦੂ ਭਾਈਚਾਰੇ ਨੂੰ ਸੌਂਪੇਗਾ

**ਸਿਆਲਕੋਟ/ਏ.ਟੀ. ਨਿਊਜ਼ :** ਪਾਕਿਸਤਾਨ ਸਰਕਾਰ ਦੇਸ਼ ਵਿਚ ਸਥਿਤ 400 ਬੰਦ ਮੰਦਰਾਂ ਨੂੰ ਪੜਾਅਵਾਰ ਹਿੰਦੂ ਭਾਈਚਾਰੇ ਨੂੰ ਸੌਂਪ ਦੇਵੇਗਾ। ਇਸ ਦੀ ਸ਼ੁਰੂਆਤ ਸਿਆਲਕੋਟ ਦੇ ਪੁਰਾਤਨ ਜਗਨਨਾਥ ਮੰਦਰ ਤੋਂ ਹੋਵੇਗੀ। ਦੇਸ਼ ਦੀ ਵੰਡ ਸਮੇਂ ਹਿੰਦੂ ਭਾਈਚਾਰੇ ਦੇ ਬਹੁਤ ਪਾਕਿਸਤਾਨ ਸਰਕਾਰ ਦੇਸ਼ ਵਿਚ ਸਥਿਤ 400 ਬੰਦ ਮੰਦਰਾਂ ਨੂੰ ਪੜਾਅਵਾਰ ਹਿੰਦੂ ਭਾਈਚਾਰੇ ਨੂੰ ਸੌਂਪ ਦੇਵੇਗਾ।

## *ਮਾਮਲਾ 400 ਸਾਧੂਆਂ ਨੂੰ ਨਿਪੁੰਸਕ ਬਣਾਏ ਜਾਣ ਦਾ* ਸੀਬੀਆਈ ਦੀ ਅਰਜ਼ੀ 'ਤੇ ਹਾਲੇ ਨਹੀਂ ਹੋਈ ਕਾਰਵਾਈ

**ਪੰਚਕੂਲਾ/ਏ.ਟੀ. ਨਿਊਜ਼ :** ਸਿਰਸਾ ਸਥਿਤ ਰਾਮ ਰਹੀਮ ਦੇ ਡੇਰੇ ਵਿਚ 400 ਸਾਧੂਆਂ ਨੂੰ ਨਪੁੰਸਕ ਬਣਾਏ ਜਾਣ ਦੇ ਮਾਮਲੇ ਵਿਚ ਪੰਚਕੂਲਾ ਸਥਿਤ ਹਰਿਆਣਾ ਦੀ ਵਿਸ਼ੇਸ਼ ਸੀ. ਬੀ. ਆਈ. ਅਦਾਲਤ ਵਿਚ ਸੁਣਵਾਈ ਹੋਈ। ਇਸ ਦੌਰਾਨ ਡੇਰਾ ਮੁਖੀ ਨੂੰ ਵੀਡੀਓ ਕਾਨਫਰੰਸ ਰਾਹੀਂ ਅਦਾਲਤ ਵਿਚ ਪੇਸ਼ ਕੀਤਾ ਗਿਆ ਜਦ ਕਿ ਬਾਕੀ ਮੁਲਜ਼ਮ ਪੰਕਜ ਗਰਗ ਅਤੇ ਐੱਮ. ਪੀ. ਸਿੰਘ ਪ੍ਰਤੱਖ ਰੂਪ ਵਿਚ ਅਦਾਲਤ ਵਿਚ ਪੇਸ਼ ਹੋਏ। ਸੀ. ਬੀ. ਆਈ. ਵਲੋਂ ਹਾਈ ਕੋਰਟ ਵਿਚ ਲਗਾਈ ਅਰਜ਼ੀ 'ਤੇ ਫੈਸਲਾ ਪੈਂਡਿੰਗ ਹੋਣ ਕਰਕੇ ਸੀ. ਬੀ. ਆਈ. ਅਦਾਲਤ ਵਿਚ ਕੋਈ ਕਾਰਵਾਈ ਨਹੀਂ ਹੋਈ ਅਤੇ ਮੁਲਜ਼ਮਾਂ ਦੀ ਸਿਰਫ਼ ਹਾਜ਼ਰੀ ਹੀ ਲੱਗੀ। ਹੁਣ ਸੀ. ਬੀ. ਆਈ. ਅਦਾਲਤ ਵਿਚ ਮਾਮਲੇ ਦੀ ਅਗਲੀ ਸੁਣਵਾਈ 18 ਦਸੰਬਰ ਨੂੰ ਹੋਵੇਗੀ।

## ਹਰਿਆਣੇ ਦੇ ਮੰਤਰੀ ਬਣੇ ਓਲੰਪੀਅਨ ਸੰਦੀਪ ਸਿੰਘ

**ਚੰਡੀਗੜ੍ਹ/ਏ.ਟੀ. ਨਿਊਜ਼ :** ਹਰਿਆਣਾ ਵਿਚ ਤਿੰਨ ਹਫਤਿਆਂ ਤੋਂ ਲਟਕ ਰਿਹਾ ਮੰਤਰੀਮੰਡਲ ਦਾ ਵਿਸਥਾਰ ਵੀਰਵਾਰ ਹੋ ਗਿਆ, ਜਦੋਂ ਗਵਰਨਰ ਨੇ 6 ਕੈਬਨੇਟ ਤੇ 4 ਅਜ਼ਾਦ ਚਾਰਜ ਵਾਲੇ ਰਾਜ ਮੰਤਰੀਆਂ ਨੂੰ ਸਹੁੰ ਚੁਕਾਈ। ਰਾਜ ਮੰਤਰੀਆਂ ਵਿਚ ਪਿਹੋਵਾ ਤੋਂ ਜਿੱਤੇ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਸੰਦੀਪ ਸਿੰਘ ਵੀ ਸ਼ਾਮਲ ਹਨ। ਉਨ੍ਹਾਂ ਪੰਜਾਬੀ ਵਿਚ ਸਹੁੰ ਚੁੱਕੀ। ਕੈਬਨੇਟ ਮੰਤਰੀਆਂ ਵਿਚ ਭਾਜਪਾ ਦੇ ਅਨਿਲ ਵਿਜ, ਕੰਵਰਪਾਲ ਗੁਰਜਰ, ਮੂਲਚੰਦ ਸ਼ਰਮਾ, ਜੇ ਪੀ ਦਲਾਲ, ਬਨਵਾਰੀ ਲਾਲ ਤੇ ਅਜ਼ਾਦ ਰਣਜੀਤ ਸਿੰਘ ਚੌਟਾਲਾ ਸ਼ਾਮਲ ਹਨ। ਰਾਜ ਮੰਤਰੀਆਂ ਵਿਚ ਸੰਦੀਪ ਸਿੰਘ ਤੋਂ ਇਲਾਵਾ ਭਾਜਪਾ ਦੇ ਓਮ ਪ੍ਰਕਾਸ਼ ਯਾਦਵ, ਕਮਲੇਸ਼ ਢਾਂਡਾ ਅਤੇ ਜਨਨਾਇਕ ਜਨਤਾ ਪਾਰਟੀ ਦੇ ਅਨੂਪ ਧਾਨਕ ਸ਼ਾਮਲ ਹਨ।

## ਜਸਟਿਨ ਟਰੂਡੋ ਅਤੇ ਜਗਮੀਤ ਸਿੰਘ ਦਰਮਿਆਨ ਹੋਈ ਅਹਿਮ ਮੁਲਾਕਾਤ

**ਟੋਰਾਂਟੋ/ਏ.ਟੀ. ਨਿਊਜ਼ :** ਕੈਨੇਡਾ ਦੀ 43ਵੀਂ ਸੰਸਦ ਦੇ 338 ਮੈਂਬਰਾਂ ਦੀ ਚੋਣ ਬੀਤੀ 21 ਅਕਤੂਬਰ ਨੂੰ ਦੇਸ਼ ਦੇ ਵੋਟਰਾਂ ਨੇ ਕੀਤੀ ਸੀ, ਜਿਸ ਤੋਂ ਬਾਅਦ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਆਪਣੀ ਘੱਟ-ਗਿਣਤੀ ਸਰਕਾਰ ਦੇ ਗਠਨ ਵਾਸਤੇ ਲਗਾਤਾਰ ਯਤਨਸ਼ੀਲ ਹਨ। ਟਰੂਡੋ ਦੀ ਲਿਬਰਲ ਪਾਰਟੀ ਨੂੰ ਦੇਸ਼ ਭਰ ਵਿਚ 157 ਸੀਟਾਂ ਦੀ ਜਿੱਤ ਹਾਸਿਲ ਹੋਈ ਸੀ। ਅਜਿਹੇ ਵਿਚ ਮੰਤਰੀ ਮੰਡਲ ਦੇ ਗਠਨ ਲਈ ਉਨ੍ਹਾਂ ਨੂੰ ਵਿਸ਼ੇਸ਼ ਚੁਣੌਤੀਆਂ ਦਰਪੇਸ਼ ਹਨ। ਇਸੇ ਦੌਰਾਨ ਉਨ੍ਹਾਂ ਵਲੋਂ ਵਿਰੋਧੀ ਕੰਜ਼ਰਵੇਟਿਵ ਪਾਰਟੀ ਦੇ ਆਗੂ ਐਂਡਰੀਊ ਸ਼ੀਅਰ, ਬਲਾਕ ਕਿਊਬਕ ਦੇ ਇਵੇਸ ਫਰਾਂਸੁਆ ਬਲਾਂਸ਼ੇ ਤੇ ਨਿਊ ਡੈਮੋਕਰੇਟਿਕ ਪਾਰਟੀ (ਐਨ. ਡੀ.ਪੀ.) ਦੇ ਆਗੂ ਜਗਮੀਤ ਸਿੰਘ ਨਾਲ ਮੁਲਾਕਾਤਾਂ ਕਰ ਲਈਆਂ ਗਈਆਂ ਹਨ। ਕੁਲ-ਮਿਲਾ ਕੇ ਕੈਨੇਡਾ ਦੀ ਰਾਜਧਾਨੀ ਓਟਾਵਾ ਵਿਚ ਇਨ੍ਹੀਂ ਦਿਨੀਂ ਰਾਜਨੀਤਕ ਸਰਗਰਮੀਆਂ ਸਿਖਰਾਂ 'ਤੇ ਹਨ। ਐਨਡੀਪੀ ਦੇ ਆਗੂ ਜਗਮੀਤ ਸਿੰਘ ਦੇ ਤਾਜ਼ਾ ਬਿਆਨ ਮੁਤਾਬਕ ਟਰੂਡੋ ਸਰਕਾਰ ਦੇ ਏਜੰਡੇ ਦੀ ਅੱਖਾਂ ਮੀਟ ਕੇ ਹਮਾਇਤ ਨਹੀਂ ਕੀਤੀ ਜਾਵੇਗੀ।

## ਮੋਦੀ ਬੋਲੇ ਵਿਸ਼ਵ ਨੂੰ 1 ਖਰਬ ਡਾਲਰ ਦਾ ਨੁਕਸਾਨ ਅੱਤਵਾਦ ਕਾਰਨ ਹੋਇਆ

**ਬ੍ਰਾਸੀਲੀਆ/ਏ.ਟੀ. ਨਿਊਜ਼ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ 11ਵੇਂ ਬ੍ਰਿਕਸ ਸੰਮੇਲਨ ਵਿਚ ਅੱਤਵਾਦ ਦੇ ਮੁੱਦੇ ਨੂੰ ਉਠਾਉਂਦਿਆਂ ਕਿਹਾ ਕਿ ਇਸ ਸਮੱਸਿਆ ਦੇ ਕਾਰਨ ਵਿਸ਼ਵ ਅਰਥਵਿਵਸਥਾ ਨੂੰ 1,000 ਅਰਬ ਡਾਲਰ ਦਾ ਨੁਕਸਾਨ ਹੋਇਆ ਹੈ। ਬ੍ਰਾਸੀਲੀਆ ਦੇ ਇਤਿਹਾਸਕ ਇਤਾਮਰਾਤੀ ਪੈਲੇਸ ਵਿਚ ਬ੍ਰਿਕਸ ਪਲੈਨਰੀ ਸੈਸ਼ਨ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਅੱਤਵਾਦ ਵਿਕਾਸ, ਸ਼ਾਂਤੀ ਅਤੇ ਖੁਸ਼ਹਾਲੀ ਲਈ ਸਭ ਤੋਂ ਵੱਡਾ ਖਤਰਾ ਹੈ। ਮੋਦੀ ਨੇ ਕਿਹਾ ਕਿ ਕੁਝ ਅਨੁਮਾਨਾਂ ਦੇ ਅਨੁਸਾਰ ਅੱਤਵਾਦ ਦੇ ਕਾਰਨ ਵਿਕਾਸਸ਼ੀਲ ਦੇਸ਼ਾਂ ਦੀ ਆਰਥਿਕ ਵਾਧਾ ਦਰ 1.5 ਫੀਸਦੀ ਪ੍ਰਭਾਵਿਤ ਹੋਈ ਹੈ। ਇਸ ਨਾਲ ਕੌਮਾਂਤਰੀ ਅਰਥਵਿਵਸਥਾ ਨੂੰ 1,000 ਅਰਬ ਡਾਲਰ ਦਾ ਨੁਕਸਾਨ ਹੋਇਆ ਹੈ।

# ਮਨੁੱਖੀ ਅਧਿਕਾਰਾਂ ਦੇ ਵਕੀਲ ਰੰਜਨ ਲਖਨਪਾਲ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ

### *ਗੁਰੂ ਨਾਨਕ ਸਾਹਿਬ ਦੇ ਮਨੁੱਖੀ ਅਧਿਕਾਰਾਂ ਦੇ ਸੰਕਲਪ ਅਤੇ ਮੌਜੂਦਾ ਨਸਲਕੁਸ਼ੀਆਂ ਦੇ ਭਿਆਨਕ ਦੌਰ ਸਬੰਧੀ ਵਿਸ਼ੇਸ਼ ਸੈਮੀਨਾਰ*



**ਸਰੀ-ਡੈਲਟਾ/ਏ.ਟੀ. ਨਿਊਜ਼ :** ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸਬੰਧਤ ਬੀਸੀ ਕੈਨੇਡਾ ਦੇ ਵਸਨੀਕਾਂ ਵੱਲੋ ਗੁਰੂ ਨਾਨਕ ਸਾਹਿਬ ਦੇ ਮਨੁੱਖੀ ਅਧਿਕਾਰਾਂ ਦੇ ਸੰਕਲਪ ਅਤੇ ਮੌਜੂਦਾ ਨਸਲਕੁਸ਼ੀਆਂ ਦੇ ਭਿਆਨਕ ਦੌਰ ਸਬੰਧੀ ਸੀਨੀਅਰ ਸੈਂਟਰ, ਗੁਰੂ ਨਾਨਕ ਗੁਰਦੁਆਰਾ ਸਰੀ-ਡੈਲਟਾ ਵਿਖੇ ਵਿਸ਼ੇਸ਼ ਸੈਮੀਨਾਰ ਕੀਤਾ ਗਿਆ। ਜਿਸ ਵਿੱਚ ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਵਕੀਲ ਰੰਜਨ ਲਖਨਪਾਲ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡਦਿੰਦਿਆਂ, ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਲਈ ਪਾਏ ਬੇਮਿਸਾਲ ਯੋਗਦਾਨ ਲਈ ਧੰਨਵਾਦ ਕੀਤਾ ਗਿਆ। ਇਸ ਮੌਕੇ ਤੇ ਨਵੰਬਰ 1984 ਸਿੱਖ ਨਸਲਕੁਸ਼ੀ ਦੌਰਾਨ ਆਪਣੇ ਜਵਾਨ ਪੁੱਤਰ ਅਤੇ ਜਵਾਈ ਸਮੇਤ, ਪੰਜ ਮੈਂਬਰਾਂ ਦੀਆਂ ਭਿਆਨਕ ਮੌਤਾਂ ਦਾ ਅਕਹਿ ਦਰਦ ਸਹਿ ਰਹੀ, 90 ਸਾਲਾ ਮਾਤਾ ਦਲਜੀਤ ਕੌਰ ਤੁਲੀ ਨੇ ਦਰਦ ਭਰੀ ਦਾਸਤਾਨ ਬਿਆਨ ਕੀਤੀ। ਐਡਵੋਕੇਟ ਰੰਜਨ ਲਖਨਪਾਲ ਨੇ ਕੇ ਪੀ ਐਸ ਗਿੱਲ ਤੋਂ ਲੈ ਕੇ ਸੁਮੇਧ ਸੈਣੀ ਤੱਕ ਦੇ ਸਾਰੇ ਪੁਲਸ ਅਧਿਕਾਰੀਆਂ ਦੇ ਕਾਲੇ ਕਾਰਨਾਮਿਆਂ ਤੋਂ ਪਰਦਾ ਚੁਕਦਿਆਂ ਹੋਇਆ,ਉਨ੍ਹਾਂ ਵੱਲੋਂ ਪੰਜਾਬ ਦੀ ਨੌਜਵਾਨੀ ਦੇ ਕੀਤੇ ਘਾਣ ਦੀ ਦਰਦ ਭਰੀ ਵਿਥਿਆ ਬਿਆਨ ਕੀਤੀ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਕਿਵੇਂ ਵੱਡੇ ਪੁਲਸ ਅਧਿਕਾਰੀਆਂ ਨੇ ਉਨ੍ਹਾਂ ਦੀ ਆਵਾਜ਼ ਬੰਦ ਕਰਵਾਉਣ ਅਤੇ ਹੌਸਲਾ ਤੋੜਨ ਲਈ ਪਿਆਰੇ ਪੁੱਤਰ ਦਾ ਹਾਦਸਾ ਬਣਾ ਕੇ ਕਤਲ ਕੀਤਾ, ਪਰ ਲਖਨਪਾਲ ਸਾਹਿਬ ਅੱਜ ਵੀ ਮਨੁੱਖੀ ਅਧਿਕਾਰਾਂ ਲਈ ਲੜ ਰਹੇ ਹਨ। ਪੰਜਾਬੀ ਯੂਨਵਰਸਿਟੀ ਪਟਿਆਲਾ ਦੇ ਵਿਦਿਆਰਥੀ ਰਹੇ ਸਾਹਿਤਕਾਰ ਸੁਖਦੀਪ ਸਿੰਘ ਬਰਨਾਲਾ ਨੇ ਪੰਜਾਬ ਕਵਿਤਾ ਰਾਹੀਂ ਪੰਜਾਬ ਦੇ ਸਮੁੱਚੇ ਦੁਖਾਂਤ ਅਤੇ ਨਸਲਕੁਸ਼ੀ ਦੇ ਦੌਰ ਬਾਰੇ ਵਿਚਾਰ ਦਿੱਤੇ।

ਪੰਜਾਬੀ 'ਵਰਸਿਟੀ ਦੇ ਸਾਬਕਾ ਡੀਨ ਅਤੇ ਸਾਇੰਸ ਦੀਆਂ ਪੁਸਤਕਾਂ ਦੇ ਪ੍ਰਸਿੱਧ ਲਿਖਾਰੀ ਡਾਕਟਰ ਕੁਲਵੰਤ ਸਿੰਘ ਥਿੰਦ ਨੇ ਇਸ ਸੈਮੀਨਾਰ ਦੇ ਪ੍ਰਮੁੱਖ ਵਿਦਵਾਨਾਂ ਨੂੰ ਜੀ ਆਇਆ ਆਖਦਿਆਂ, ਅਜਿਹੇ ਸੈਮੀਨਾਰਾਂ ਦੀ ਲੜੀ ਜਾਰੀ ਰੱਖਣ ਦਾ ਅਹਿਦ ਲਿਆ।ਸੈਮੀਨਾਰ ਦਾ ਸੰਚਾਲਨ ਕਰਦਿਆਂ 'ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਦੇ ਮੁੱਖ ਸੰਪਾਦਕ ਡਾ. ਗੁਰਵਿੰਦਰ ਸਿੰਘ ਨੇ ਦੱਸਿਆ ਕਿ ਮਨੁੱਖੀ ਅਧਿਕਾਰਾਂ ਲਈ ਜੀਵਨ ਸਮਰਪਿਤ ਕਰਨ ਵਾਲੀਆਂ ਸ਼ਖਸੀਅਤਾਂ ਦਾ ਸਨਮਾਨ ਕਰਕੇ ਯੂਨੀਵਰਸਿਟੀ ਅਲੂਮਨੀ ਖੁਦ ਨੂੰ ਸਨਮਾਨਿਤ ਮਹਿਸੂਸ ਕਰ ਰਹੇ ਹਨ। ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਅਤੇ ਸਿੱਖ ਅਕੈਡਮੀ ਸਰੀ ਦੇ ਪ੍ਰਿੰਸੀਪਲ ਬਲਦੀਪ ਸਿੰਘ ਨੇ ਭਾਵਪੂਰਤ ਸ਼ਬਦਾਂ ਵਿੱਚ ਕਿਹਾ ਕਿ ਨਵੰਬਰ ਮਹੀਨੇ ਦੇ ਆਰੰਭ ਵਿੱਚ ਨਸਲਕੁਸ਼ੀ ਅਤੇ ਦੁਖਾਂਤਾਂ ਬਾਰੇ ਸੈਮੀਨਾਰ ਕਰਨ ਦੀ ਲੋੜ ਹੈ, ਨਾ ਕਿ ਜਸ਼ਨਾਂ ਦੀ। ਪੰਜਾਬੀ ਯੂਨੀਵਰਸਿਟੀ ਨਾਲ ਸਬੰਧਤ ਪ੍ਰਿੰਸੀਪਲ ਮਲੂਕ ਚੰਦ ਕਲੇਰ ਨੇ ਕਿਹਾ ਕਿ ਗੁਰੂ ਨਾਨਕ ਸਾਹਿਬ ਦੇ ਮਨੁੱਖੀ ਅਧਿਕਾਰਾਂ ਦੇ ਸੰਕਲਪ ਤੋਂ ਸੇਧ ਲੈਣਾ ਅਤੇ ਜ਼ੁਲਮ ਖਿਲਾਫ ਲੜਨਾ ਅਜੋਕੇ ਸਮੇਂ ਦੀ ਪ੍ਰਮੁੱਖ ਲੋੜ ਹੈ। ਸਮਾਗਮ ਦੇ ਪ੍ਰਬੰਧਕਾਂ 'ਚ ਸ਼ਾਮਲ ਪੰਜਾਬੀ 'ਵਰਸਿਟੀ ਪਟਿਆਲਾ ਨਾਲ ਸਬੰਧਿਤ ਜਤਿੰਦਰ ਪਾਲ ਸਿੰਘ ਗਿੱਲ ਨੇ ਸਮੂਹ ਸਰੋਤਿਆਂ ਦਾ ਧੰਨਵਾਦ ਕੀਤਾ ਅਤੇ ਭਰੋਸਾ ਹੋਇਆ ਕਿ ਅਜਿਹੇ ਸੈਮੀਨਾਰ ਸਮੇਂ-ਸਮੇਂ 'ਤੇ ਲਗਾਤਾਰ ਜਾਰੀ ਰਹਿਣਗੇ।

'ਰੈਡੀਕਲ ਦੇਸੀ' ਦੇ ਸੰਪਾਦਕ ਅਤੇ ਰੇਡੀਓ ਹੋਸਟ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਅੱਜ ਦੀਆਂ ਸਰਕਾਰਾਂ ਦੀਆਂ ਨਸਲਕੁਸ਼ੀਆਂ ਖ਼ਿਲਾਫ਼ ਬੋਲਣਾ ਹੀ ਗੁਰੂ ਨਾਨਕ ਜੀ ਦੇ ਪੁਰਬ ਮਨਾਉਣ ਦਾ ਸਹੀ ਤਰੀਕਾ ਕਿਹਾ ਜਾ ਸਕਦਾ ਹੈ। ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ-ਡੈਲਟਾ ਦੇ ਮੁੱਖ ਸੇਵਾਦਾਰ ਭਾਈ ਹਰਦੀਪ ਸਿੰਘ ਨਿੱਜਰ ਨੇ ਜਜ਼ਬਾਤੀ ਭਾਸ਼ਣ ਦਿੰਦਿਆਂ ਸਮੂਹ ਕਮੇਟੀਆਂ ਨੂੰ ਸੱਦਾ ਦਿੱਤਾ ਕਿ ਮਨੁੱਖੀ ਅਧਿਕਾਰਾਂ ਲਈ ਲੜਨ ਵਾਲੇ ਲੋਕਾਂ ਦੀ ਆਵਾਜ਼ ਬਣਨ ਅਤੇ ਜ਼ਾਲਮ ਹਕੂਮਤ ਨੂੰ ਖੁੱਲ੍ਹੇ ਤੌਰ ਤੇ ਰੱਦ ਕਰਨ।

ਪੰਜਾਬੀ ਯੂਨਵਰਸਿਟੀ ਨਾਲ ਸਬੰਧਤ ਹੋਰਨਾਂ ਸ਼ਖ਼ਸ਼ੀਅਤਾਂ ਵਿੱਚ ਲੇਖਕ ਚਰਨਜੀਤ ਸਿੰਘ ਸੁੱਜੋ, ਪੰਜਾਬ ਤੋਂ ਆਏ ਗੁਰਸੇਵਕ ਸਿੰਘ ਚਾਹਲ, ਸਿੱਖ ਐਕਟਵਿਸਟ ਧਰਮ ਸਿੰਘ, ਗਿ. ਹਰਪਾਲ ਸਿੰਘ ਲੱਖਾ, ਉਪਕਾਰ ਸਿੰਘ ਗੋਹਲਵੜ, ਤਜਿੰਦਰ ਸਿੰਘ ਔਜਲਾ, ਨਰਿੰਦਰ ਸਿੰਘ ਖਾਲਸਾ, ਗੁਰਮੁਖ ਸਿੰਘ ਦਿਓਲ, ਸਿੱਖ ਨੇਸ਼ਨ ਖ਼ੂਨਦਾਨ ਮੁਹਿੰਮ ਸਮੂਹ ਵਲੰਟੀਅਰ ਜਿਨ੍ਹਾਂ ਵਿੱਚ ਸੁਨੀਲ ਕੁਮਾਰ, ਇੰਦਰਜੀਤ ਸਿੰਘ ਬੈਂਸ, ਕੁਲਵਿੰਦਰ ਸਿੰਘ, ਗੁਰਮੀਤ ਸਿੰਘ ਤੂਰ, ਪੱਤਰਕਾਰ ਅਜੈਬ ਸਿੰਘ ਸਿੱਧੂ ਅਤੇ ਮਨੁੱਖੀ ਅਧਿਕਾਰਾਂ ਦੇ ਐਕਟਵਿਸਟ ਪੁਰਸ਼ੋਤਮ ਦੁਸਾਂਝ ਸਮੇਤ ਬਹੁਤ ਸਾਰੀਆਂ ਸ਼ਖ਼ਸੀਅਤਾਂ ਨੇ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਸੀਨੀਅਰ ਸੈਂਟਰ, ਗੁਰੂ ਨਾਨਕ ਗੁਰਦੁਆਰਾ ਸਰੀ-ਡੈਲਟਾ ਵਿਖੇ ਹੋਏ ਇਸ ਸਮਾਗਮ ਵਿੱਚ ਪੰਜਾਬੀ ਯੂਨੀਵਰਸਿਟੀ ਅਲੂਮਨੀ ਬੀਸੀ ਕੈਨੇਡਾ ਵੱਲੋਂ ਜਿੱਥੇ ਮੁੱਖ ਬੁਲਾਰੇ ਸਨਮਾਨਿਤ ਕੀਤੇ ਗਏ, ਉੱਥੇ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ-ਡੈਲਟਾ ਵੱਲੋਂ ਵੀ ਵਕੀਲ ਰੰਜਨ ਲਖਨਪਾਲ ਅਤੇ ਮਾਤਾ ਦਲਜੀਤ ਕੌਰ ਤੁਲੀ ਨੂੰ ਸ਼ਾਲ ਭੇਟ ਕਰਦਿਆਂ ਸਤਿਕਾਰ ਦਿੱਤਾ ਗਿਆ। ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਸਾਂਝ, ਕਸ਼ਮੀਰ ਵਿੱਚ ਹੋਏ ਕਤਲੇਆਮ ਦੇ ਵਿਰੋਧ, ਨਵੰਬਰ 1984 ਸਿੱਖ ਨਸਲਕੁਸ਼ੀ ਖ਼ਿਲਾਫ਼ ਜ਼ੋਰਦਾਰ ਰੋਸ ਅਤੇ ਮਨੁੱਖੀ ਹੱਕਾਂ ਲਈ ਲੜਦੇ ਹੋਏ ਸਰਬੱਤ ਦਾ ਭਲਾ ਮੰਗਣ ਦੀ ਗੁਰੂ ਨਾਨਕ ਸਾਹਿਬ ਦੀ ਸਿੱਖਿਆ ਨੂੰ ਬਿਆਨਦਾ ਅਤੇ ਪ੍ਰਚਾਰਦਾ ਇਹ ਸੈਮੀਨਾਰ ਪੰਜਾਬੀ 'ਵਰਸਿਟੀ ਪਟਿਆਲਾ ਦੇ ਸਾਬਕਾ ਵਿਦਿਆਰਥੀਆਂ, ਅਧਿਆਪਕਾਂ ਅਤੇ ਸਬੰਧਤ ਸ਼ਖ਼ਸੀਅਤਾਂ ਦੀ ਨਿੱਗਰ ਸੋਚ ਦਾ ਪ੍ਰਗਟਾਵਾ ਹੋ ਨਿੱਬੜਿਆ ਅਤੇ ਯੂਨੀਵਰਸਿਟੀਆਂ ਲਈ ਸੰਜੀਦਾ ਪ੍ਰੋਗਰਾਮ ਸਿਰਜਣ ਲਈ ਪਹਿਲ-ਕਦਮੀ ਬਣਿਆ।

## ਸਹਾਇਤਾ ਸੰਸਥਾ ਲਈ ਫੰਡ ਇਕੱਤਰ ਕਰਨ ਲਈ ਫਰਿਜ਼ਨੋ ਨਿਵਾਸੀਆਂ ਵੱਲੋਂ ਬੇਮਿਸਾਲ ਹੁੰਗਾਰਾ



**ਫਰਿਜ਼ਨੋ/ਨੀਟਾ ਮਾਛੀਕੇ, ਕੁਲਵੰਤ ਧਾਲੀਆਂ:** ਸਥਾਨਕ ਇੰਡੀਆ ਕਬਾਬ ਪਲੇਸ ਰੈਸਟੋਰੈਂਟ ਵਿੱਚ ਪੀਸੀਏ ਦੇ ਉਦਮ ਸਦਕਾ ਸਹਾਇਤਾ ਸੰਸਥਾ ਲਈ ਇੱਕ ਵਿਸ਼ੇਸ਼ ਫੰਡ ਰੇਜ਼ਰ ਦਾ ਉਪਰਾਲਾ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪੰਜਾਬੀਆਂ ਨੇ ਪਹੁੰਚਕੇ ਆਪਣਾ ਦਸਵੰਧ ਕੱਢਿਆ ਅਤੇ ਹਜ਼ਾਰਾਂ ਡਾਲਰ ਇਕੱਠੇ ਕਰਕੇ ਸਹਾਇਤਾ ਸੰਸਥਾ ਦੀ ਝੋਲ਼ੀ ਪਾਏ। ਜ਼ਿਕਰਯੋਗ ਹੈ ਕਿ ਸਹਾਇਤਾ ਸੰਸਥਾ 2004 ਵਿੱਚ ਹੋਂਦ ਵਿੱਚ ਆਈ ਸੀ ਅਤੇ ਉਦੋਂ ਤੋਂ ਹੀ ਦੇਸ਼ਾਂ ਵਿਦੇਸ਼ਾਂ ਵਿੱਚ ਲੋੜਵੰਦ ਲੋਕਾਂ ਅਤੇ ਬੇਸਹਾਰਾ ਬੱਚਿਆਂ ਦੀ ਦੇਖਭਾਲ਼ ਲਈ ਉਪਰਾਲੇ ਕਰ ਰਹੀ ਹੈ। ਇਸ ਸਮਾਗਮ ਮੌਕੇ ਅੰਮ੍ਰਿਤ ਧਾਲੀਵਾਲ ਨੇ ਸਾਰਿਆਂ ਨੂੰ ਜੀ ਆਇਆ ਆਖਿਆ। ਉਹਨਾਂ ਨੇ ਸਹਾਇਤਾ ਸੰਸਥਾ ਦੇ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਸੰਸਥਾ ਦੀ ਹਰ ਤਰ੍ਹਾਂ ਦੀ ਮੱਦਦ ਕਰਨ ਲਈ ਵਚਨਬਧ ਹਨ।

ਡਾ. ਹਰਕੇਸ਼ ਸੰਧੂ ਨੇ ਾਏ ਮਹਿਮਾਨਾਂ ਨੂੰ ਸੰਸਥਾ ਦੇ ਇਤਿਹਾਸ ਤੋਂ ਜਾਣੂ ਕਰਵਾਇਆ। ਬਿੰਦਰ ਢਿੱਲੋਂ ਦੀ ਜੁਬਾਨੀ ਅਨਾਥ ਬੱਚਿਆਂ ਦੀਆਂ ਦਰਦਨਾਕ ਕਹਾਣੀਆਂ ਸੁਣਕੇ ਹਰ ਇਕ ਦੀ ਅੱਖ ਨੰਮ ਹੋ ਗਈ। ਸਰੂਪ ਸਿੰਘ ਝੱਜ ਨੇ ਸਹਾਇਤਾ ਸੰਸਥਾ ਵਲੋਂ ਪੰਜਾਬ ਅੰਦਰ ਹੜ੍ਹ ਪੀੜਤਾਂ ਦੀ ਕੀਤੀ ਮੱਦਦ ਸਬੰਧੀ ਰਿਪੋਰਟ ਇਸ ਸਮਾਗਮ ਵਿਚ ਪਹੁੰਚੇ ਦਾਨੀ ਸੱਜਣਾਂ ਨਾਲ ਸਾਂਝੀ ਕੀਤੀ। ਉਹਨਾਂ ਪੰਜਾਬ ਦੀ ਕਿਰਸਾਨੀ ਨੂੰ ਬਚਾਉਣ ਲਈ ਵੀ ਪਰਵਾਸੀ ਪੰਜਾਬੀਆਂ ਨੂੰ ਗੁਹਾਰ ਲਾਈ। ਸਟੇਜ ਸੰਚਾਲਨ ਸੁਖਬੀਰ ਭੰਡਾਲ ਨੇ ਬਾਖੂਬੀ ਕੀਤਾ ।ਛੋਟੇ ਬੱਚਿਆਂ ਨੇ ਗਿੱਧੇ-ਭੰਗੜੇ ਦੇ ਜੌਹਰ ਵਿਖਾਏ। ਇਸ ਮੌਕੇ ਦਾਨੀ ਸੱਜਣਾਂ ਨੇ ਸਹਾਇਤਾ ਸੰਸਥਾ ਦੇ ਕਾਰਕੁਨਾਂ ਦਾ ਤਾੜੀਆਂ ਮਾਰਕੇ, ਉਹਨਾਂ ਦੁਆਰਾ ਕੀਤੇ ਜਾ ਰਹੇ ਨਿਸ਼ਕਾਮ ਕੰਮਾਂ ਲਈ ਹੌਸਲਾ ਅਫ਼ਜਾਈ ਕੀਤੀ। ਅਖੀਰ ਰਾਤਰੀ ਦੇ ਭੋਜਨ ਨਾਲ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

## ਇੰਨਕੋਰ ਸੀਨੀਅਰ ਖੇਡਾਂ 'ਚ ਪੰਜਾਬੀਆਂ ਨੇ ਵਿਖਾਏ ਜੌਹਰ

**ਸੈਨ-ਮਟਿਓ/ਨੀਟਾ ਮਾਛੀਕੇ, ਕੁਲਵੰਤ ਧਾਲੀਆਂ :** ਸਥਾਨਕ ਸੈਨ-ਮਟਿਓ ਸਿਟੀ ਕਾਲਜ ਵਿੱਚ ਇੰਨਕੋਰ ਸੀਨੀਅਰ ਖੇਡਾਂ ਦਾ ਅਯੋਜਨ ਕੀਤਾ ਗਿਆ। ਇਹਨਾਂ ਖੇਡਾਂ ਵਿੱਚ ਦੁਨੀਆਂ ਭਰ ਤੋਂ ਸੀਨੀਅਰ ਖਿਡਾਰੀ



ਭਾਗ ਲੈਣ ਵਾਸਤੇ ਪਹੁੰਚੇ ਹੋਏ ਸਨ। ਇਹ ਖੇਡਾਂ ਕਾਲਜ ਦੇ ਟਰੈਕ ਐਂਡ ਫੀਲਡ ਖੇਤਰ ਵਿੱਚ ਕਰਵਾਈਆਂ ਗਈਆਂ। ਇਹਨਾਂ ਖੇਡਾਂ ਵਿੱਚ ਇਸ ਵਾਰ ਤਿੰਨ ਪੰਜਾਬੀ ਸੀਨੀਅਰ ਗੱਭਰੂਆਂ ਨੇ ਵੀ ਹਿੱਸਾ ਲਿਆ ਅਤੇ ਕੁਲ 6 ਮੈਡਲ ਆਪਣੇ ਨਾਮ ਕੀਤੇ। ਇਹਨਾਂ ਖਿਡਾਰੀਆਂ ਵਿਚ ਗੁਰਬਖਸ਼ ਸਿੱਧੂ ਨੇ ਸ਼ਾਟਪੁਟ, ਡਿਸਕਸ ਥਰੋ ਅਤੇ ਹੈਮਰ ਥਰੋ ਵਿੱਚ ਮੈਡਲ ਜਿੱਤੇ, ਜਦਕਿ ਕਮਲਜੀਤ ਬੈਨੀਪਾਲ ਅਤੇ ਹਜ਼ੂਰ ਸਿੰਘ ਨੇ ਦੌੜਾਂ ਵਿੱਚ ਮੈਡਲ ਜਿੱਤੇ। ਗੁਰਬਖਸ਼ ਸਿੱਧੂ ਅਤੇ ਕਮਲਜੀਤ ਸਿੰਘ ਫਰਿਜ਼ਨੋ ਸ਼ਹਿਰ ਦੇ ਰਹਿਣ ਵਾਲੇ ਹਨ ਜਦੋਂ ਕਿ ਹਜ਼ੂਰ ਸਿੰਘ ਬੇ-ਏਰੀਏ ਨਿਵਾਸੀ ਹਨ। ਇਥੇ ਇਹ ਗੱਲ ਵੀ ਜ਼ਿਕਰਯੋਗ ਹੈ ਕਿ ਫਰਿਜ਼ਨੋ ਨਿਵਾਸੀ ਕਮਲਜੀਤ ਬੈਨੀਪਾਲ ਤੇ ਗੁਰਬਖਸ਼ ਸਿੱਧੂ ਪਹਿਲਾਂ ਵੀ ਸੀਨੀਅਰ ਖੇਡਾਂ ਵਿੱਚ ਮੈਡਲ ਜਿੱਤ ਕੇ ਪੰਜਾਬੀ ਭਾਈਚਾਰੇ ਦਾ ਨਾਮ ਉੱਚਾ ਕਰ ਚੁੱਕੇ ਹਨ।

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.

Anthem. BlueCross
2014 ACE INDIVIDUAL
CHAMPION LEVEL
KHALSA INSURANCE AGENCY

» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA™

Call Now for the
Lowest Health Insurance
Premiums available
Some Households
qualify for
FREE HEALTHCARE

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਸ੍ਰੀ ਗੁਰੂ ਤੇਗ ਬਹਾਦਰ ਜੀ

**ਡਾ. ਅਮਨਦੀਪ ਸਿੰਘ ਟੱਲੇਵਾਲੀਆ**

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ 21 ਅਪਰੈਲ, 1621 ਨੂੰ ਅੰਮ੍ਰਿਤਸਰ ਵਿਖੇ ਮਾਤਾ ਨਾਨਕੀ ਜੀ ਦੀ ਕੁੱਖੋਂ ਪਿਤਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਘਰ ਹੋਇਆ। ਆਪ ਜੀ ਦਾ ਬਚਪਨ ਦਾ ਨਾਂ ਤੇਗ ਮੱਲ ਸੀ ਪਰ ਆਪ ਨੇ ਕਰਤਾਰਪੁਰ ਦੀ ਜੰਗ ਵਿਚ ਆਪਣੀ ਤੇਗ ਦੇ ਉਹ ਜੌਹਰ ਦਿਖਾਏ ਜਿਸ ਤੋਂ ਖੁਸ਼ ਹੋ ਕੇ ਗੁਰੂ ਹਰਗੋਬਿੰਦ ਸਾਹਿਬ ਨੇ ਆਪ ਜੀ ਦਾ ਨਾਂ ਤੇਗ ਬਹਾਦਰ ਰੱਖਿਆ। ਆਪ ਸ਼ੁਰੂ ਤੋਂ ਹੀ ਰੱਬੀ ਬਿਰਤੀ ਵਾਲੇ ਇਨਸਾਨ ਸਨ। ਕਈ ਕਈ ਘੰਟੇ ਭੋਰੇ ਵਿਚ ਬੈਠੇ ਭਗਤੀ ਕਰਦੇ ਰਹਿੰਦੇ। ਆਪ ਜੀ ਦੀ ਭਗਤੀ ਕੋਈ ਦਿਖਾਵਾ ਜਾਂ ਪਾਖੰਡ ਨਹੀਂ ਸੀ ਜੋ ਉਸ ਸਮੇਂ ਦੇ ਹੋਰ ਲੋਕ ਕਰਦੇ ਸਨ। ਆਪ ਸੱਚੇ ਦਿਲੋਂ ਰੱਬ ਨੂੰ ਧਿਆਉਂਦੇ ਅਤੇ ਇਕ ਅਕਾਲਪੁਰਖ ਵਿਚ ਵਿਸ਼ਵਾਸ ਰੱਖਦੇ ਸਨ। ਇਹੀ ਕਾਰਨ ਸੀ ਕਿ ਮੱਖਣ ਸ਼ਾਹ ਲੁਬਾਣਾ ਜਿਸ ਨੂੰ ਅਸਲੀ ਗੁਰੂ ਦਾ ਅਹਿਸਾਸ ਹੋਇਆ ਸੀ। ਜਦੋਂ ਗੁਰੂ ਸਾਹਿਬ ਗੱਦੀ 'ਤੇ ਬਿਰਾਜਮਾਨ ਹੋਏ ਤਾਂ ਉਸ ਵੇਲੇ ਧੀਰਮੱਲੀਆਂ ਅਤੇ ਕਈ ਭੇਖੀਆਂ ਨੇ ਵੱਖ-ਵੱਖ ਬਾਈ ਮੰਜੀਆਂ ਸਥਾਪਤ ਕਰ ਲਈਆਂ ਅਤੇ ਹਰ ਕੋਈ ਆਪਣੇ ਆਪ ਨੂੰ ਗੁਰੂ ਅਖਵਾਉਣ ਲੱਗਾ। ਜਦੋਂ ਅੱਠਵੇਂ ਗੁਰੂ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਇਸ ਸੰਸਾਰ ਨੂੰ ਅਲਵਿਦਾ ਕਹਿਣ ਲੱਗੇ ਤਾਂ ਸੰਗਤ ਨੇ ਗੁਰੂ ਜੀ ਤੋਂ ਪੁੱਛਿਆ ਕਿ ਸੰਗਤ ਦੀ ਵਾਗਡੋਰ ਸੰਭਾਲਣ ਵਾਲਾ ਕੌਣ ਹੈ ? ਤਾਂ ਗੁਰੂ ਸਾਹਿਬ ਨੇ ਬਾਬੇ ਬਕਾਲੇ ਵੱਲ ਇਸ਼ਾਰਾ ਕੀਤਾ ਜਿੱਥੇ ਕਿ ਗੁਰੂ ਤੇਗ ਬਹਾਦਰ ਸਾਹਿਬ ਬਿਰਾਜਮਾਨ ਸਨ। ਪਰ ਬਾਬੇ ਬਕਾਲੇ ਦਾ ਨਾਂ ਸੁਣਦਿਆਂ ਹੀ ਕਈ ਪਾਖੰਡੀਆਂ ਨੇ ਆਪਣੇ ਡੇਰੇ ਬਾਬੇ ਬਕਾਲੇ ਲਾ ਲਏ। ਇਹ ਤਾਂ ਮੱਖਣ ਸ਼ਾਹ ਲੁਬਾਣਾ ਸੀ ਜਿਸ ਨੂੰ ਅਹਿਸਾਸ ਹੋਇਆ ਕਿ ਅਸਲੀ ਗੁਰੂ ਤਾਂ ਗੁਰੂ ਤੇਗ ਬਹਾਦਰ ਜੀ ਹਨ ਅਤੇ ਉਸ ਨੇ ਗੁਰੂ ਲਾਧੋ ਰੇ, ਗੁਰੂ ਲਾਧੋ ਰੇ ਦਾ ਹੋਕਾ ਲਾਇਆ। ਜਿਸ ਵਕਤ ਗੁਰੂ ਸਾਹਿਬ ਗੱਦੀ 'ਤੇ ਬਿਰਾਜਮਾਨ ਹੋਏ ਤਾਂ ਆਪ ਜੀ ਦੀ ਉਮਰ ਲਗਪਗ 44 ਸਾਲ ਦੀ ਸੀ। ਗੁਰਿਆਈ ਪ੍ਰਾਪਤ ਕਰਨ ਉਪਰੰਤ ਆਪ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਗਏ ਪਰ ਹਰ ਜੀ ਮੀਣੇ ਨੇ ਦਰਬਾਰ ਸਾਹਿਬ ਦੇ ਕਿਵਾੜ ਬੰਦ ਕਰ ਦਿੱਤੇ ਤਾਂ ਗੁਰੂ ਸਾਹਿਬ ਨੇ ਇਕ ਦਰੱਖਤ ਹੇਠ ਦੀਵਾਨ ਸਜਾਇਆ ਅਤੇ ਕੀਰਤਨ ਕੀਤਾ ਜਿਸ ਥਾਂ ਅੱਜਕੱਲ੍ਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਬਿਲਕੁਲ ਨੇੜੇ ਗੁਰਦੁਆਰਾ ਭੋਰਾ ਸਾਹਿਬ ਸੁਸ਼ੋਭਿਤ ਹੈ।

ਧੀਰ ਮੱਲ ਕੋਲੋਂ ਗੁਰੂ ਜੀ ਦੀ ਸ਼ੋਭਾ ਜਰੀ ਨਾ ਗਈ ਅਤੇ ਉਸ ਨੇ ਗੁਰੂ ਜੀ ਨੂੰ ਮਰਵਾਉਣ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ। ਗੁਰੂ ਸਾਹਿਬ ਇਕ ਸ਼ਾਂਤ ਚਿੱਤ ਇਨਸਾਨ ਸਨ। ਉਹ ਨਹੀਂ ਸਨ ਚਾਹੁੰਦੇ ਕਿ ਧੀਰ ਮੱਲੀਆਂ ਨਾਲ ਨਿੱਤ ਦੇ ਲੜਾਈ ਝਗੜੇ ਹੁੰਦੇ ਰਹਿਣ। ਇਸ ਕਰਕੇ ਗੁਰੂ ਸਾਹਿਬ ਕਰਤਾਰਪੁਰ ਆ ਗਏ (ਉਹ ਸ਼ਹਿਰ ਜਿਸ ਨੂੰ ਬਾਬਾ ਗੁਰਦਿੱਤਾ ਜੀ, ਜੋ ਕਿ ਗੁਰੂ ਸਾਹਿਬ ਦੇ ਭਰਾ ਸਨ, ਜਿਨ੍ਹਾਂ ਦਾ ਜਨਮ ਮਾਤਾ ਦਮੋਦਰੀ ਜੀ ਦੀ ਕੁੱਖੋਂ ਹੋਇਆ ਸੀ, ਨੇ 1630 ਈ. ਵਿਚ ਵਸਾਇਆ ਸੀ)। ਇੱਥੇ ਆ ਕੇ ਆਪ ਨੇ ਬਿਲਾਸਪੁਰ ਦੇ ਰਾਜੇ ਭੀਮ ਚੰਦ ਤੋਂ ਜ਼ਮੀਨ ਲੈ ਕੇ ਆਪਣੇ ਮਾਤਾ ਜੀ ਦੇ ਨਾਂ 'ਤੇ ਚੱਕ ਨਾਨਕੀ ਨਾਂ ਦਾ ਨਗਰ ਵਸਾਇਆ ਜਿਸ ਨੂੰ ਬਾਅਦ ਵਿਚ ਆਨੰਦਪੁਰ ਸਾਹਿਬ ਆਖਿਆ ਜਾਣ ਲੱਗਾ। ਆਨੰਦਪੁਰ ਸਾਹਿਬ ਵਿਖੇ ਵੀ ਗੁਰੂ ਜੀ ਨੂੰ ਬਹੁਤਾ ਚਿਰ ਨਾ ਰਹਿਣ ਦਿੱਤਾ। ਇਸ ਕਰਕੇ ਆਪ ਦੇਸ਼ ਦੀਆਂ ਯਾਤਰਾਵਾਂ 'ਤੇ ਨਿਕਲ ਤੁਰੇ। ਜਿੱਥੇ ਵੀ ਜਾਂਦੇ ਸਿੱਖੀ ਦਾ ਪ੍ਰਚਾਰ ਕਰਦੇ ਅਤੇ ਲੋਕਾਂ ਦੀ ਲੋੜ ਨੂੰ ਮੁੱਖ ਰੱਖ ਕੇ ਖੂਹ ਅਤੇ ਬਾਉਲੀਆਂ ਵੀ ਬਣਵਾਉਂਦੇ। ਇਹ ਸਭ ਕੁਝ ਦੇਖ ਕੇ ਹਕੂਮਤ ਨੂੰ ਗੁਰੂ ਸਾਹਿਬ ਦੀਆਂ ਕਾਰਵਾਈਆਂ 'ਤੇ ਸ਼ੱਕ ਹੋਣ ਲੱਗਾ ਅਤੇ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰ ਲਿਆ, ਪਰ ਰਾਜਾ ਜੈ ਸਿੰਘ ਦੇ ਪੁੱਤਰ ਰਾਮ ਸਿੰਘ ਨੇ ਬਾਦਸ਼ਾਹ ਨੂੰ ਦੱਸਿਆ ਕਿ ਗੁਰੂ ਸਾਹਿਬ ਦੀਆਂ ਕਾਰਵਾਈਆਂ ਤੋਂ ਸਰਕਾਰ ਨੂੰ ਕੋਈ ਖਤਰਾ ਨਹੀਂ। ਇਹ ਤਾਂ ਧਰਮਾਤਮਾ ਪੁਰਸ਼ ਹਨ ਜੋ ਲੋਕਾਂ ਨੂੰ ਸੱਚ ਦੇ ਪਾਂਧੀ ਬਣਨ ਦਾ, ਰੱਬ ਦਾ ਨਾਂ ਲੈਣ ਦਾ ਉਪਦੇਸ਼ ਦਿੰਦੇ ਹਨ। ਸੋ ਗੁਰੂ ਸਾਹਿਬ ਨੂੰ ਰਿਹਾਅ ਕਰ ਦਿੱਤਾ ਗਿਆ।



ਸਿੱਖੀ ਦਾ ਪ੍ਰਚਾਰ ਕਰਦੇ ਕਰਦੇ ਗੁਰੂ ਸਾਹਿਬ ਸੈਫਾਬਾਦ, ਕੈਥਲ, ਪਿਹੋਵਾ, ਕਰਨਖੇੜਾ, ਕੁਰੂਕਸ਼ੇਤਰ ਮਥੁਰਾ, ਬਿੰਦਰਾਵਨ ਹੁੰਦੇ ਹੋਏ ਆਗਰੇ ਮਾਈ ਜੱਸੀ ਕੋਲ ਜਾ ਪਹੁੰਚੇ ਜਿੱਥੇ ਅੱਜ-ਕੱਲ੍ਹ ਗੁਰਦੁਆਰਾ ਮਾਈ ਥਾਣ ਸੁਸ਼ੋਭਿਤ ਹੈ। ਆਗਰੇ ਤੋਂ ਬਾਅਦ ਇਲਾਹਾਬਾਦ, ਬਨਾਰਸ ਹੁੰਦੇ ਹੋਏ ਗੁਰੂ ਸਾਹਿਬ ਚਾਰ ਮਹੀਨੇ ਪਟਨੇ ਠਹਿਰੇ। ਆਪਣੇ ਪਰਿਵਾਰ ਨੂੰ ਪਟਨੇ ਛੱਡ ਕੇ ਆਪ ਅਗਲੇਰੀ ਯਾਤਰਾ 'ਤੇ ਤੁਰ ਗਏ। ਜਦੋਂ ਗੋਬਿੰਦ ਰਾਏ ਦਾ ਜਨਮ ਹੋਇਆ ਤਾਂ ਆਪ ਅਸਾਮ ਵੱਲ ਗਏ ਹੋਏ ਸਨ। ਜਨਮ ਤੋਂ ਕਰੀਬ ਅੱਠ ਮਹੀਨਿਆਂ ਬਾਅਦ ਆਪ ਨੇ ਪਿਆਰੇ ਪੁੱਤਰ ਦੇ ਦਰਸ਼ਨ ਕੀਤੇ। ਜਦੋਂ ਗੁਰੂ ਸਾਹਿਬ ਅਸਾਮ ਵਿਚ ਸਨ ਤਾਂ ਲੋਕ ਇੱਧਰ ਔਰੰਗਜ਼ੇਬ ਦੀ ਨੀਤੀ ਤੋਂ ਬਹੁਤ ਤੰਗ ਸਨ। ਸੋ ਅਜਿਹੇ ਸਮੇਂ ਗੁਰੂ ਜੀ ਆਪਣੇ ਲੋਕਾਂ ਵਿਚ ਰਹਿਣਾ ਚਾਹੁੰਦੇ ਸਨ। ਆਪ ਅਸਾਮ ਤੋਂ ਵਾਪਸ ਪਟਨਾ ਪਹੁੰਚੇ। ਪੁੱਤਰ ਦੇ ਦਰਸ਼ਨ ਕਰਨ ਤੋਂ ਬਾਅਦ ਆਨੰਦਪੁਰ ਸਾਹਿਬ ਆ ਗਏ। ਕੁਝ ਚਿਰ ਪਿੱਛੋਂ ਸਾਰਾ ਪਰਿਵਾਰ ਵੀ ਆਨੰਦਪੁਰ ਸਾਹਿਬ ਬੁਲਾ ਲਿਆ।

ਆਨੰਦਪੁਰ ਸਾਹਿਬ ਵਿਖੇ ਹੀ ਆਪ ਨੇ ਬਾਲਕ ਗੋਬਿੰਦ ਰਾਏ ਨੂੰ ਸ਼ਸਤਰ ਵਿੱਦਿਆ ਦੇਣੀ ਸ਼ੁਰੂ ਕੀਤੀ। ਇਕ ਦਿਨ ਆਨੰਦਪੁਰ ਸਾਹਿਬ ਵਿਖੇ ਹੀ ਮਟਨ ਦੇ ਬ੍ਰਾਹਮਣ ਪੰਡਤ ਕ੍ਰਿਪਾ ਰਾਮ ਦੀ ਅਗਵਾਈ ਵਿਚ ਪਹੁੰਚੇ। ਉਨ੍ਹਾਂ ਨੇ ਗੁਰੂ ਸਾਹਿਬ ਨੂੰ ਸਾਰੀ ਹੱਡ ਬੀਤੀ ਸੁਣਾਈ, ਜੋ ਜ਼ੁਲਮ ਔਰੰਗਜ਼ੇਬ ਕਮਾ ਰਿਹਾ ਸੀ। ਇਹ ਸੁਣ ਕੇ ਗੁਰੂ ਸਾਹਿਬ ਸੋਚੀਂ ਪੈ ਗਏ। ਉਸ ਵਕਤ ਬਾਲ ਰਾਏ ਜਿਨ੍ਹਾਂ ਦੀ ਉਮਰ ਕੇਵਲ ਨੌਂ ਸਾਲ ਸੀ, ਕੋਲ ਖੜੇ ਸਨ। ਕਹਿਣ ਲੱਗੇ, "ਪਿਤਾ ਜੀ ਚੁੱਪ ਕਿਉਂ ਹੋ ਗਏ ?" ਤਾਂ ਗੁਰੂ ਤੇਗ ਬਹਾਦਰ ਸਾਹਿਬ ਨੇ ਕਿਹਾ ਕਿ ਇਨ੍ਹਾਂ ਦੀ ਰੱਖਿਆ ਲਈ ਕਿਸੇ ਮਹਾਂਪੁਰਸ਼ ਦੀ ਕੁਰਬਾਨੀ ਦੀ ਲੋੜ ਹੈ ਤਾਂ ਬਾਲ ਗੋਬਿੰਦ ਨੇ ਕਿਹਾ ਕਿ ਪਿਤਾ ਜੀ ਆਪ ਤੋਂ ਵੱਡਾ ਮਹਾਂਪੁਰਖ ਹੋਰ ਕੌਣ ਹੋ ਸਕਦਾ ਹੈ ? ਆਪਣੇ ਸਪੁੱਤਰ ਦੇ ਮੂੰਹੋਂ ਇਹ ਗੱਲ ਸੁਣ ਕੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਕਿਹਾ ਕਿ ਜਾਓ ਅਤੇ ਔਰੰਗਜ਼ੇਬ ਨੂੰ ਕਹਿ ਦਿਓ ਕਿ ਜੇਕਰ ਸਾਡਾ ਗੁਰੂ ਧਰਮ ਬਦਲ ਲਵੇ ਤਾਂ ਅਸੀਂ ਸਾਰੇ ਇਸਲਾਮ ਕਬੂਲ ਕਰ ਲਵਾਂਗੇ। ਜਦੋਂ ਇਸ ਗੱਲ ਦਾ ਪਤਾ ਔਰੰਗਜ਼ੇਬ ਨੂੰ ਲੱਗਿਆ ਤਾਂ ਉਸ ਨੇ ਗੁਰੂ ਜੀ ਦੀ ਗ੍ਰਿਫਤਾਰੀ ਦੇ ਹੁਕਮ ਦੇ ਦਿੱਤੇ। ਗੁਰੂ ਸਾਹਿਬ ਇਕ ਸ਼ਾਂਤ ਚਿੱਤ ਨਿਮਰਤਾ ਨਾਲ ਭਰਪੂਰ ਇਨਸਾਨ ਤਾਂ ਸਨ ਪਰ ਉਹ ਦੂਜਿਆਂ 'ਤੇ ਹੁੰਦੇ ਨਾਜਾਇਜ਼ ਧੱਕੇ ਨੂੰ ਬਰਦਾਸ਼ਤ ਨਹੀਂ ਸਨ ਕਰ ਸਕਦੇ। ਭਾਵੇਂ ਕਿ ਉਨ੍ਹਾਂ ਨੇ ਆਪ ਤਾਂ ਜਨੇਊ ਨਹੀਂ ਪਾਇਆ ਸੀ ਪਰ ਉਹ ਕਿਸੇ ਦਾ ਜਨੇਊ ਉਤਰਦਾ ਦੇਖਣਾ ਵੀ ਪਸੰਦ ਨਹੀਂ ਸਨ ਕਰਦੇ। ਉਹ ਤਾਂ ਇਸ ਗੱਲ 'ਤੇ ਵਿਸ਼ਵਾਸ ਕਰਦੇ ਸਨ:

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ
ਕਹੁ ਨਾਨਕ ਸੁਨਿ ਰੇ ਮਨਾ, ਗਿਆਨੀ ਤਾਹਿ ਬਖਾਨਿ।। (ਪੰਨਾ 1427)

ਗੁਰੂ ਜੀ ਦੀ ਗ੍ਰਿਫਤਾਰੀ ਦਾ ਹੁਕਮ ਲਾਹੌਰ ਦੇ ਗਵਰਨਰ ਨੂੰ ਭੇਜਿਆ ਗਿਆ। ਲਾਹੌਰ ਦੇ ਗਵਰਨਰ ਨੇ ਉਹੀ ਹੁਕਮ ਸਰਹਿੰਦ ਦੇ ਫੌਜਦਾਰ ਦਿਲਾਵਰ ਖਾਂ ਨੂੰ ਦਿੱਤਾ ਅਤੇ ਦਿਲਾਵਰ ਖਾਂ ਨੇ ਰੋਪੜ ਦੇ ਕੋਤਵਾਲ ਮਿਰਜ਼ਾ ਨੂਰ ਮੁਹੰਮਦ ਖਾਨ ਕੋਲ ਪਹੁੰਚਾਇਆ ਅਤੇ ਨਾਲ ਹੀ ਇਹ ਹਦਾਇਤ ਕੀਤੀ ਗਈ ਕਿ ਆਮ ਲੋਕਾਂ ਕੋਲੋਂ ਇਸ ਗੱਲ ਦਾ ਲਕੋ ਰੱਖਿਆ ਜਾਵੇ। ਇਕ ਦਿਨ ਜਦੋਂ ਗੁਰੂ ਸਾਹਿਬ ਆਨੰਦਪੁਰ ਸਾਹਿਬ ਤੋਂ ਬਾਹਰ ਜਾਣ ਲਈ ਰੋਪੜ ਦੇ ਨੇੜੇ ਪਿੰਡ ਮਲਕਪੁਰ ਰੰਘੜਾਂ ਵਿਚ ਰਾਤ ਠਹਿਰੇ ਤਾਂ ਸੂਹੀਏ ਨੇ ਇਹ ਖ਼ਬਰ ਰੋਪੜ ਦੇ ਕੋਤਵਾਲ ਨੂੰ ਦਿੱਤੀ। ਦਸਮੇਸ਼ ਪ੍ਰਕਾਸ਼ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਸਬੰਧੀ ਲਿਖਿਆ ਹੈ ਕਿ ਉਨ੍ਹਾਂ ਆਪ ਦਿੱਲੀ ਵਿਚ ਜਾ ਕੇ ਗ੍ਰਿਫਤਾਰੀ ਦਿੱਤੀ ਸੀ। ਸ੍ਰੀ ਸੋਢੀ ਚਮਤਕਾਰ ਵਿਚ ਗੁਰੂ ਸਾਹਿਬ ਦੀ ਗ੍ਰਿਫਤਾਰੀ ਆਗਰੇ ਵਿਚ ਦੱਸੀ ਗਈ ਸੀ। ਸਿੱਖ ਇਤਿਹਾਸ (1469-1655) ਵਿਚ ਡਾ. ਗੰਡਾ ਸਿੰਘ ਅਤੇ ਪ੍ਰਿੰ. ਤੇਜਾ ਸਿੰਘ ਨੇ ਗੁਰੂ ਸਾਹਿਬ ਦੀ ਗ੍ਰਿਫਤਾਰੀ ਰੋਪੜ ਲਾਗੇ ਮਲਕਪੁਰ ਰੰਘੜਾਂ 'ਚ ਦੱਸੀ ਹੈ। ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਸਰਹਿੰਦ ਲਿਆਂਦਾ ਗਿਆ। ਗੁਰੂ ਸਾਹਿਬ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ ਪਰ ਗੁਰੂ ਸਾਹਿਬ ਆਪਣੇ ਇਰਾਦੇ 'ਤੇ ਦ੍ਰਿੜ ਰਹੇ। ਗੁਰੂ ਸਾਹਿਬ ਨੂੰ ਧਮਕਾਉਣ ਲਈ ਪਹਿਲਾਂ ਉਨ੍ਹਾਂ ਦੇ ਤਿੰਨ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ। ਭਾਈ ਮਤੀ ਦਾਸ ਨੂੰ ਦੋ ਥੰਮਾਂ ਨਾਲ ਬੰਨ੍ਹ ਕੇ ਆਰੇ ਨਾਲ ਚੀਰਿਆ ਗਿਆ, ਭਾਈ ਦਿਆਲਾ ਜੀ ਨੂੰ ਉਬਲਦੀ ਦੇਗ 'ਚ ਉਬਾਲਿਆ ਗਿਆ, ਭਾਈ ਸਤੀ ਦਾਸ ਨੂੰ ਜਿਉਂਦਿਆਂ ਨੂੰ ਰੂੰ 'ਚ ਲਪੇਟ ਕੇ ਅੱਗ ਲਾ ਦਿੱਤੀ। ਇੰਨਾ ਕੁਝ ਹੋਣ ਦੇ ਬਾਵਜੂਦ ਵੀ ਆਪ ਅਡੋਲ ਰਹੇ ਅਤੇ ਅਕਾਲਪੁਰਖ ਦਾ ਸਿਮਰਨ ਕਰਦੇ ਰਹੇ। ਕਾਜ਼ੀ ਸ਼ੇਖਲ ਇਸਲਾਮ ਦੇ ਫਤਵੇ ਅਤੇ ਸ਼ਾਹੀ ਮਨਜ਼ੂਰੀ ਨਾਲ ਗੁਰੂ ਜੀ ਨੂੰ 11 ਨਵੰਬਰ 1673 ਈ. ਨੂੰ ਸ਼ਹੀਦ ਕਰ ਦਿੱਤਾ ਗਿਆ। ਗੁਰੂ ਜੀ ਦਾ ਸੀਸ ਧੜ ਨਾਲੋਂ ਵੱਖ ਕਰ ਦਿੱਤਾ।

ਸ਼ਹਾਦਤ ਤੋਂ ਬਾਅਦ ਗੁਰੂ ਜੀ ਦਾ ਸੀਸ ਇਕ ਮਜ਼੍ਹਬੀ ਸਿੰਘ ਜਿਸ ਦਾ ਨਾਂ ਭਾਈ ਜੈਤਾ ਸੀ, ਚੁੱਕ ਕੇ ਗੁਰੂ ਗੋਬਿੰਦ ਸਿੰਘ ਜੀ ਕੋਲ ਆਨੰਦਪੁਰ ਸਾਹਿਬ ਲੈ ਆਇਆ। ਗੁਰੂ ਜੀ ਨੇ ਉਸ ਨੂੰ ਰੰਘਰੇਟੇ ਗੁਰੂ ਕੇ ਬੇਟੇ ਦੇ ਵਰ ਨਾਲ ਨਿਵਾਜਿਆ। ਗੁਰੂ ਜੀ ਦੇ ਧੜ ਦਾ ਸਸਕਾਰ ਇਕ ਸਿੱਖ ਲੱਖੀ ਸ਼ਾਹ ਵਣਜਾਰੇ ਨੇ ਆਪਣੇ ਘਰ ਨੂੰ ਅੱਗ ਲਾ ਕੇ ਕਰ ਦਿੱਤਾ, ਜਿਸ ਥਾਂ 'ਤੇ ਅੱਜਕੱਲ੍ਹ ਗੁਰਦੁਆਰਾ ਰਕਾਬ ਗੰਜ ਸਾਹਿਬ ਬਣਿਆ ਹੋਇਆ ਹੈ। ਹਰਿੰਦਰ ਸਿੰਘ ਮਹਿਬੂਬ ਲਿਖਦੇ ਹਨ - ਕਮਾਲ ਦਾ ਮੰਜ਼ਰ ਸੀ। ਛੋਟੀ ਮੰਜ਼ਲ ਦੇ ਸਵਾਰ ਔਰੰਗਜ਼ੇਬ ਦੀ ਤਲਵਾਰ ਵਹਿ ਗਈ ਸੀ। ਉਧਰ ਦਿੱਲੀ ਸੂਰਜ ਗਰੂਹ ਹੋ ਰਿਹਾ ਸੀ, ਇਧਰ ਅਨੰਦਪੁਰ ਸਾਹਿਬ ਵਿਚ ਨਵਾਂ ਆਤਮ-ਮੰਡਲ ਉਦੈ ਹੋ ਰਿਹਾ ਸੀ। ਦਸਮ ਪਿਤਾ ਕਲਗੀਆਂ ਵਾਲੇ ਦੀ ਜਗਮਗ ਕਰਦੀ ਜੋਤ ਨਵੇਂ ਨਿਆਰੇ ਰਾਹ ਵਿੱਚ ਦਾਖਲ ਹੋਣ ਲਈ ਆਪਣਾ ਪ੍ਰਕਾਸ਼ ਬਿਖੇਰ ਰਹੀ ਸੀ।

# ਕੂਕਾ ਲਹਿਰ ਦੇ ਬਾਨੀ ਬਾਬਾ ਰਾਮ ਸਿੰਘ

**ਡਾ. ਹਰਦੀਪ ਸਿੰਘ**

ਬਾਬਾ ਰਾਮ ਸਿੰਘ ਨੇ ਬਾਬਾ ਬਾਲਕ ਸਿੰਘ ਵੱਲੋਂ ਚਲਾਈ ਨਾਮਧਾਰੀ ਲਹਿਰ ਨੂੰ ਫ਼ੈਲਾਉਣ ਤੇ ਪੰਜਾਬ ਦੇ ਲੋਕਾਂ ਨੂੰ ਸੁਤੰਤਰਤਾ ਸੰਗ੍ਰਾਮ ਲਈ ਤਿਆਰ ਕਰਨ ਵਿੱਚ ਅਹਿਮ ਯੋਗਦਾਨ ਦਿੱਤਾ। ਉਨ੍ਹਾਂ ਦਾ ਜਨਮ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਭੈਣੀ ਅਰਾਈਆਂ ਵਿੱਚ ਕਿਰਤੀ ਤਰਖਾਣ ਘਰਾਣੇ ਦੇ ਭਾਈ ਜੱਸਾ ਸਿੰਘ ਅਤੇ ਮਾਤਾ ਸਦਾ ਕੌਰ ਦੇ ਘਰ 3 ਫ਼ਰਵਰੀ 1816 ਨੂੰ ਹੋਇਆ। ਸੱਤ ਸਾਲ ਦੀ ਉਮਰ ਵਿੱਚ ਉਨ੍ਹਾਂ ਦਾ ਵਿਆਹ ਪਿੰਡ ਧਰੋੜ (ਲੁਧਿਆਣਾ) ਦੇ ਸਾਹਬੂ ਦੀ ਧਾਰਮਿਕ ਬਿਰਤੀ ਵਾਲੀ ਪੁੱਤਰੀ ਜਸਾਂ ਨਾਲ ਕੀਤਾ ਗਿਆ। ਬਾਬਾ ਰਾਮ ਸਿੰਘ ਨੇ 21 ਵਰ੍ਹਿਆਂ ਦੀ ਉਮਰੇ ਕਾਬਲ ਸਿੰਘ ਰਾਇਪੁਰੀਏ (ਜੀਜਾ) ਦੀ ਪ੍ਰੇਰਨਾ ਸਦਕਾ ਲਾਹੌਰ ਜਾ ਕੇ ਮਹਾਰਾਜਾ ਰਣਜੀਤ ਸਿੰਘ ਦੀ ਖ਼ਾਲਸਾ ਫ਼ੌਜ਼ ਵਿੱਚ ਪੋਤਰੇ ਕੰਵਰ ਨੌਨਿਹਾਲ ਸਿੰਘ ਦੇ ਸੈਨਿਕ ਦਸਤੇ ਵਿੱਚ ਘੋੜਸਵਾਰ ਵਜੋਂ 1845 ਤਕ ਨੌਕਰੀ ਕੀਤੀ। ਉਨ੍ਹਾਂ ਦੀ ਨਾ-ਮਿਲਵਰਤਨ ਲਹਿਰ, ਮਹਾਤਮਾ ਗਾਂਧੀ ਦੀ ਨਾ-ਮਿਲਵਰਤਨ ਲਹਿਰ ਨਾਲੋਂ ਕਈ ਗੱਲਾਂ ਵਿੱਚ ਵੱਧ ਸੀ। ਅਦਾਲਤਾਂ ਦਾ ਬਾਈਕਾਟ, ਆਪਣੀਆਂ ਪੰਚਾਇਤਾਂ ਦੀ ਕਾਇਮੀ, ਸਰਕਾਰੀ ਪੜ੍ਹਾਈ ਦਾ ਬਾਈਕਾਟ, ਵਿਦੇਸ਼ੀ ਸਰਕਾਰ ਦੇ ਬਾਈਕਾਟ ਦੇ ਨਾਲ-ਨਾਲ, ਰੇਲ ਤਾਰ ਤੇ ਡਾਕ ਦੇ ਬਾਈਕਾਟ ਦਾ ਵੀ ਪੂਰਾ ਪ੍ਰਚਾਰ ਕੀਤਾ।



ਬਾਬਾ ਰਾਮ ਸਿੰਘ 1841 ਵਿੱਚ ਹਜ਼ਰੋ ਗਏ ਤਾਂ ਉਨ੍ਹਾਂ ਦੀ ਮੁਲਾਕਾਤ ਕੂਕਾ ਲਹਿਰ ਦੇ ਮੋਢੀ ਬਾਬਾ ਬਾਲਕ ਸਿੰਘ ਨਾਲ ਹੋਈ। ਇਸ ਨਵੇਂ ਸੰਬੰਧ ਨੇ ਬਾਬਾ ਰਾਮ ਸਿੰਘ ਨੂੰ ਸਿੱਖੀ ਦ੍ਰਿੜਾ ਦਿੱਤੀ। 21 ਦਸੰਬਰ, 1845 ਦੀ ਫ਼ਿਰੋਜ਼ਸ਼ਾਹ ਲੜਾਈ ਮਗਰੋਂ ਜਦੋਂ ਅੰਗਰੇਜ਼ਾਂ ਨੇ ਲਾਹੌਰ ਦਰਬਾਰ ਦੀਆਂ ਫ਼ੌਜਾਂ ਨੂੰ ਹਰਾ ਕੇ ਸਿੱਖ ਰਾਜਧਾਨੀ ਲਾਹੌਰ 'ਤੇ ਕਬਜ਼ਾ ਕਰ ਲਿਆ ਤਾਂ ਆਪ ਖ਼ਾਲਸਾ ਸੈਨਾ ਵਿੱਚ ਘੋੜਸਵਾਰ ਦੀ ਨੌਕਰੀ ਛੱਡ ਕੇ ਆਪਣੇ ਪਿੰਡ ਭੈਣੀ ਸਾਹਿਬ ਆ ਗਏ। 13 ਅਪਰੈਲ 1847 ਨੂੰ ਵਿਸਾਖੀ ਵਾਲੇ ਦਿਨ ਬਾਬਾ ਰਾਮ ਸਿੰਘ ਨੇ ਮੁਰਝਾ ਚੁੱਕੀ ਸਿੱਖੀ ਨੂੰ ਮੁੜ ਸੁਰਜੀਤ ਕਰਨ ਲਈ, ਭੈਣੀ ਸਾਹਿਬ ਵਿਖੇ ਭਾਈ ਲਾਭ ਸਿੰਘ ਰਾਗੀ ਅੰਮ੍ਰਿਤਸਰ, ਭਾਈ ਨੈਣਾ ਸਿੰਘ ਬਰਿਆਹ, ਬਾਬਾ ਕਾਨ੍ਹ ਸਿੰਘ ਚੱਕ, ਭਾਈ ਆਤਮਾ ਸਿੰਘ ਆਲੇਮਾਰ ਅਤੇ ਸ੍ਰ. ਸੁਧ ਸਿੰਘ ਅਬੋਹਰ ਨੂੰ ਅੰਮ੍ਰਿਤ ਛਕਾ ਕੇ ਇੱਕ ਨਵੀਂ ਜਥੇਬੰਦੀ ਦੀ ਨੀਂਹ ਰੱਖੀ ਜਿਸਦਾ ਨਾਂ 'ਨਾਮਧਾਰੀ' ਰੱਖਿਆ।

ਬਾਬਾ ਰਾਮ ਸਿੰਘ ਇਨਕਲਾਬੀ ਹੋਣ ਦੇ ਨਾਲ-ਨਾਲ ਸੁਧਾਰਕ ਆਗੂ ਵੀ ਸਨ। ਜਾਤ-ਪਾਤ ਦੇ ਸਖਤ ਵਿਰੋਧੀ, ਮਨੁੱਖ ਜਾਤੀ ਨੂੰ ਇੱਕ ਸਮਝਣ ਵਾਲੇ, ਹਿੰਦੂ ਧਾਰਮਿਕ ਗ੍ਰੰਥਾਂ, ਮੰਦਰਾਂ, ਪੂਜਾ-ਪਾਠ ਅਤੇ ਸਤੀ-ਪ੍ਰਥਾ ਦੇ ਵਿਰੋਧੀ, ਵੱਖ-ਵੱਖ ਜਾਤਾਂ ਵਿਚਕਾਰ ਰਿਸ਼ਤੇ-ਨਾਤੇ ਕਰਨ ਦੀ ਪਿਰਤ ਪਾਉਣ ਵਾਲੇ, ਸਮੂਹਿਕ ਵਿਆਹ ਰਚਾਉਣੇ ਸ਼ੁਰੂ ਕੀਤੇ, ਦਾਜ-ਪ੍ਰਥਾ ਦੀ ਰੀਤ ਬੰਦ ਕਰਵਾਈ, ਅਨੰਦ ਕਾਰਜ ਦੀਵਾਨਾਂ ਵਿੱਚ ਕਰਵਾਉਣੇ ਸ਼ੁਰੂ ਕਰਵਾਏ। ਪ੍ਰੰਤੂ ਪੰਜਾਬ ਵਿੱਚ ਸਿੰਘ ਸਭਾ ਲਹਿਰ (1873) ਦੇ ਪ੍ਰਚਾਰ ਨਾਲ ਲਾਵਾਂ ਗੁਰੂ ਗ੍ਰੰਥ ਸਾਹਿਬ ਦੁਆਲੇ ਹੋਣ ਲੱਗ ਪਈਆਂ। ਨਾਮਧਾਰੀ ਲਹਿਰ ਦੇ ਸਿਧਾਂਤਾਂ ਦਾ ਪ੍ਰਚਾਰ ਕਰਨ ਲਈ ਬਾਬਾ ਰਾਮ ਸਿੰਘ ਨੇ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿੱਚ ੨੨ ਪ੍ਰਚਾਰ ਕੇਂਦਰ ਸਥਾਪਿਤ ਕੀਤੇ।

17 ਅਤੇ 18 ਜਨਵਰੀ, 1872 ਨੂੰ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਮਿਸਟਰ ਐਲ. ਕਾਵਨ ਦੁਆਰਾ ਬਿਨਾਂ ਮੁਕੱਦਮਾ ਚਲਾਏ ਮਲੇਰਕੋਟਲਾ ਦੇ ਰੱਕੜ ਵਿੱਚ ਸੱਤ ਤੋਪਾਂ ਰਾਹੀਂ ਕ੍ਰਮਵਾਰ 50 ਤੇ 16 ਕੂਕਿਆਂ ਨੂੰ ਤੂੰਬਾ-ਤੂੰਬਾ ਕਰ ਕੇ ਸ਼ਹੀਦ ਕੀਤਾ ਗਿਆ। ਮਲੇਰਕੋਟਲਾ ਸਾਕੇ ਤੋਂ ਜਲਦੀ ਮਗਰੋਂ ਕਮਿਸ਼ਨਰ ਟੀ. ਡੀ. ਫੋਰਸਾਈਥ ਦੇ ਆਦੇਸ਼ 'ਤੇ ਬਾਬਾ ਰਾਮ ਸਿੰਘ ਨੂੰ 18 ਜਨਵਰੀ, 1872 ਵਿੱਚ 1818 ਦੇ ਰੈਗੂਲੇਸ਼ਨ ਐਕਟ ਤੀਜਾ ਦੇ ਤਹਿਤ ਸਵੇਰੇ ਚਾਰ ਵਜੇ ਦੀ ਗੱਡੀ ਦਿੱਲੀ ਰਾਹੀਂ ਅਲਾਹਾਬਾਦ ਭੇਜ ਦਿੱਤਾ। ਅਲਾਹਾਬਾਦ ਵਿੱਚ ਬਾਬਾ ਜੀ ਨੂੰ ਆਰਜ਼ੀ ਤੌਰ 'ਤੇ ਚੁਨਾਰ ਦੇ ਕਿਲ੍ਹੇ ਵਿੱਚ 13 ਪ੍ਰਮੁੱਖ ਆਗੂਆਂ ਨਾਲ ਨਜ਼ਰਬੰਦ ਰੱਖਿਆ ਗਿਆ। ਕੁੱਝ ਦਿਨ ਬਾਅਦ ਉਨ੍ਹਾਂ ਨੂੰ ਬਰਮਾ ਭੇਜ ਕੇ ਸੈਂਟਰਲ ਜੇਲ੍ਹ ਰੰਗੂਨ ਦੀ ਪਹਿਲੀ ਮੰਜ਼ਿਲ ਦੇ ਇੱਕ ਅੱਡ ਕਮਰੇ ਵਿੱਚ ਕੈਦ ਕੀਤਾ ਗਿਆ। 1878 ਦਾ ਸਾਰਾ ਸਾਲ ਬਰਮਾ ਦੀ ਸਰਕਾਰ ਇਹ ਸੋਚਦੀ ਰਹੀ ਕਿ ਬਾਬਾ ਰਾਮ ਸਿੰਘ ਜੀ ਨੂੰ ਰੰਗੂਨ ਵਿੱਚ ਹੀ ਰਹਿਣ ਦਿੱਤਾ ਜਾਏ ਜਾਂ ਉਨਾਂ ਨੂੰ ਕਿਸੇ ਹੋਰ ਸਥਾਨ 'ਤੇ ਭੇਜਿਆ ਜਾਏ। ਉਨ੍ਹਾਂ ਦੇ ਵਿਚਾਰ-ਅਧੀਨ ਤਿੰਨ ਥਾਵਾਂ ਸਨ: ਕਸਵਾ ਟਵਾਏ, ਮਰਗਈ ਟਾਪੂ ਤੇ ਨਿਕੋਬਾਰ ਟਾਪੂ ਦਾ ਕਸਬਾ ਕਾਰਮੋਂਤਰਾ। ਆਖ਼ਰ ਅੰਗਰੇਜ਼ ਸਰਕਾਰ ਨੇ ਉਨ੍ਹਾਂ ਨੂੰ ਮਰਗਈ ਟਾਪੂ ਭੇਜ ਦਿੱਤਾ। ਇੱਥੇ ਉਨ੍ਹਾਂ ਉੱਤੇ ਪੇਚਸ਼ ਦਾ ਸਖ਼ਤ ਹਮਲਾ ਹੋਇਆ ਜੋ ਕਿ ਜਾਨ-ਲੇਵਾ ਸਾਬਤ ਹੋਇਆ। 29 ਨਵੰਬਰ 1885 ਨੂੰ 70 ਵਰ੍ਹੇ ਦੀ ਉਮਰ ਵਿੱਚ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਹੇ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ।

ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ

# ਗੁਰੂ ਨਾਨਕ ਦੀ ਬਾਣੀ ਤੇ ਸਿੱਖ ਦੀ ਪਛਾਣ

**ਡਾਕਟਰ ਸਤਿੰਦਰ ਸਿੰਘ**

ਗੁਰਸਿੱਖ ਕੌਣ ਹੈ ? ਇਸ ਗੂੜ੍ਹ ਪ੍ਰਸ਼ਨ ਦਾ ਕੋਈ ਇਕ, ਕੁਝ ਪੰਕਤੀਆਂ ਦਾ ਜਵਾਬ ਸੰਭਵ ਨਹੀਂ ਹੈ। ਗੁਰਸਿੱਖ ਹੋਣਾ ਹਰ ਕਿਸੇ ਦਾ ਆਪੋ-ਆਪਣਾ ਅਨੁਭਵ ਹੈ, ਜਿਸ ਨੂੰ ਸ਼ਬਦਾਂ 'ਚ ਨਹੀਂ ਬੰਨ੍ਹਿਆ ਜਾ ਸਕਦਾ। ਗੁਰਸਿੱਖੀ ਕੋਈ ਬਾਣਾ, ਕੋਈ ਵਿਉਹਾਰ, ਕੋਈ ਢੰਗ ਨਹੀਂ ਹੈ। ਗੁਰਸਿੱਖੀ ਇਕ ਮਾਰਗ ਹੈ। ਇਸ ਮਾਰਗ 'ਤੇ ਚੱਲਦਿਆਂ ਜਿਸ ਨੂੰ ਜਿਹੋ ਜਿਹੀ ਬਖਸ਼ਿਸ਼ ਹੁੰਦੀ ਹੈ, ਉਹੋ ਜਿਹੀ ਸੋਝੀ ਪ੍ਰਾਪਤ ਹੁੰਦੀ ਹੈ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਜੀਵਨ ਦੇ ਕੁਝ ਮੁੱਢਲੇ ਸਿਧਾਂਤ ਸਿਰਜੇ, ਜੋ ਉਨ੍ਹਾਂ ਦੀ ਬਾਣੀ ਅੰਦਰ ਪ੍ਰਗਟ ਹੁੰਦੇ ਹਨ। ਇਨ੍ਹਾਂ ਨੂੰ ਗੁਰਸਿੱਖ ਦੀ ਪਛਾਣ ਦੇ ਸੂਤਰ ਕਿਹਾ ਜਾ ਸਕਦਾ ਹੈ। ਵਿਲੱਖਣਤਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਕਿਸੇ ਵੀ ਸ਼ਬਦ ਅੰਦਰ ਇਨ੍ਹਾਂ ਤੱਤਾਂ ਦੇ ਦਰਸ਼ਨ ਕਿਸੇ ਨਾ ਕਿਸੇ ਰੂਪ 'ਚ ਹੋ ਜਾਂਦੇ ਹਨ। ਗੁਰੂ ਸਾਹਿਬ ਨੇ ਆਪਣੀ ਬਾਣੀ ਅੰਦਰ ਪਰਮਾਤਮਾ ਦੀ ਗੱਲ ਕੀਤੀ ਹੈ ਜਾਂ ਮਨੁੱਖ ਦੀ ਜਾਂ ਸੰਸਾਰ ਦੀ। ਇਹ ਤਿੰਨੋ ਹੀ ਪੱਖ ਇਕ-ਦੂਜੇ ਨਾਲ ਅੰਤਰ ਸਬੰਧਤ ਹਨ ਤੇ ਇਕ ਆਦਰਸ਼ ਅਵਸਥਾ ਵੱਲ ਹੀ ਤੋਰਦੇ ਹਨ।

ਅਪੁਨੇ ਠਾਕੁਰ ਕੀ ਹਉ ਚੇਰੀ॥
ਚਰਨ ਗਹੇ ਜਗਜੀਵਨ ਪ੍ਰਭ ਕੇ
ਹਉਮੈ ਮਾਰਿ ਨਿਬੇਰੀ॥੧॥ ਰਹਾਉ॥
ਪੂਰਨ ਪਰਮ ਜੋਤਿ ਪਰਮੇਸਰ
ਪ੍ਰੀਤਮ ਪ੍ਰਾਨ ਹਮਾਰੇ॥
ਮੋਹਨ ਮੋਹਿ ਲੀਆ ਮਨੁ
ਮੇਰਾ ਸਮਝਸਿ ਸਬਦੁ ਬੀਚਾਰੇ॥੧॥
(ਪੰਨਾ ੧੧੯੭)

ਉਪਰੋਕਤ ਗੁਰੂ ਵਚਨ ਦੀ ਪਹਿਲੀ ਪੰਕਤੀ ਅੰਦਰ ਹੀ ਮਨੁੱਖ ਤੇ ਪਰਮਾਤਮਾ ਬਾਰੇ ਰੌਸ਼ਨੀ ਪ੍ਰਾਪਤ ਹੁੰਦੀ ਹੈ। ਪਰਮਾਤਮਾ ਸੁਵਾਮੀ ਹੈ, ਸਰਬ ਸ਼ਕਤੀਆਂ ਦਾ ਮਾਲਕ ਹੈ, ਜਿਸ ਦਾ ਹੁਕਮ ਚੱਲ ਰਿਹਾ ਹੈ। ਮਨੁੱਖ ਦਾ ਧਰਮ ਹੈ ਕਿ ਉਹ ਪਰਮਾਤਮਾ ਨੂੰ ਆਪਣਾ ਸੁਆਮੀ ਧਾਰਨ ਕਰੇ ਤੇ ਸੇਵਕ ਬਣ ਕੇ ਰਹੇ। ਪਰਮਾਤਮਾ ਨਾਲ ਮਨੁੱਖ ਦਾ ਸਬੰਧ ਹੀ ਸੱਚਾ ਸਬੰਧ ਹੈ। ਪਰਮਾਤਮਾ ਹੀ ਉਸ ਦਾ ਆਪਣਾ ਹੈ ਤੇ ਉਸ ਆਪਣੇ ਦਾ ਸੇਵਕ ਬਣ ਕੇ ਰਹਿਣਾ ਉਸ ਦਾ ਧਰਮ ਹੈ। ਇਸ ਸਬੰਧ ਅੰਦਰ ਦੀ ਰਮਜ਼ ਖੋਲ੍ਹਦਿਆਂ ਗੁਰੂ ਨਾਨਕ ਸਾਹਿਬ ਨੇ ਵਚਨ ਕੀਤੇ ਕਿ ਮਨੁੱਖ ਦੀ ਅਵਸਥਾ ਅਤਿ ਨਿਮਾਣੀ ਹੈ। ਉਸ ਦਾ ਮਨੋਰਥ ਪਰਮਾਤਮਾ ਦੀ ਸ਼ਰਨ 'ਚ ਆਉਣਾ ਹੈ। ਵਿਕਾਰਾਂ, ਮਾਇਆ ਦੇ ਮਾਰੇ ਹੋਏ ਮਨੁੱਖ ਲਈ ਪਰਮਾਤਮਾ ਜੀਵਨ ਤੁਲ ਹੈ। ਪਰਮਾਤਮਾ ਕਿਸੇ ਇਕ ਮਨੁੱਖ ਲਈ ਹੀ ਨਹੀਂ, ਪੂਰੇ ਸੰਸਾਰ ਦਾ ਜੀਵਨ ਦਾਤਾ ਹੈ। ਪਰਮਾਤਮਾ ਹੀ ਮਨੁੱਖ ਨੂੰ ਸਿਰਜ ਰਿਹਾ ਹੈ, ਵਿਕਾਰਾਂ, ਮਾਇਆ ਦੇ ਜਾਲ ਤੋਂ ਬਚਾ ਰਿਹਾ ਹੈ। ਪਰਮਾਤਮਾ ਦੀ ਸ਼ਰਨ ਆਉਣਾ ਵਿਕਾਰਾਂ ਤੋਂ ਮੁਕਤ ਹੋਣਾ ਹੈ, ਮਾਇਆ ਦੀ ਝੂਠੀ ਚਮਕ ਤੋਂ ਉਦਾਸ ਹੋਣਾ ਹੈ। ਜੋ ਮਨੁੱਖ ਦੇ ਯੋਗ ਨਹੀਂ, ਜੋ ਅਧਰਮ ਹੈ, ਉਸ ਤੋਂ ਉਭਰ ਜਾਣਾ ਹੈ। ਇਹ ਪਰਮਾਤਮਾ ਦੀ ਕਿਰਪਾ ਨਾਲ ਹੀ ਮੁਮਕਿਨ ਹੋ ਸਕਦਾ ਹੈ। ਪਰਮਾਤਮਾ ਦੀ ਸ਼ਰਨ ਆਏ ਬਿਨਾਂ, ਪਰਮਾਤਮਾ ਦੀ ਮਿਹਰ ਬਿਨਾਂ ਵਿਕਾਰਾਂ, ਮਾਇਆ ਤੋਂ ਮੁਕਤ ਨਹੀਂ ਹੋਇਆ ਜਾ ਸਕਦਾ। ਇਹ ਸਮਰੱਥਾ ਇਕੋ-ਇਕ ਪਰਮਾਤਮਾ ਅੰਦਰ ਹੀ ਹੈ। ਗੁਰੂ ਨਾਨਕ ਸਾਹਿਬ ਨੇ ਵਚਨ ਕੀਤੇ ਕਿ ਇਹ ਪਰਮਾਤਮਾ ਦਾ ਸਭ ਤੋਂ ਮਨੋਹਰ ਰੂਪ ਹੈ, ਜੋ ਮਨੁੱਖ ਮਨ ਅੰਦਰ ਪਰਮਾਤਮਾ ਲਈ ਪ੍ਰੇਮ ਭਾਵ ਪੈਦਾ ਕਰਨ ਵਾਲਾ ਹੈ। ਦਾਸ ਭਾਵ ਨਾਲ ਪ੍ਰੇਮ ਭਾਵ ਦਾ ਵੀ ਸੰਜੋਗ ਹੋ ਜਾਂਦਾ ਹੈ।



ਮਨੁੱਖ ਨੂੰ ਪਰਮਾਤਮਾ ਦੀਆਂ ਬੇਅੰਤ ਵਡਿਆਈਆਂ ਵਾਲੇ ਉਸ ਸਵਰੂਪ ਦੇ ਦਰਸ਼ਨ ਹੁੰਦੇ ਹਨ, ਜੋ ਸਾਰੇ ਦੁੱਖਾਂ ਦਾ ਨਿਦਾਨ ਕਰਨ ਵਾਲਾ ਹੈ, ਸਰਬ ਸੁੱਖਾਂ ਨਾਲ ਭਰਪੂਰ ਕਰ ਦੇਣ ਵਾਲਾ ਹੈ। ਪਰਮਾਤਮਾ ਦੀ ਅਨੰਤ ਵਡਿਆਈ ਦੇ ਦਰਸ਼ਨ ਗੁਰੂ ਸ਼ਬਦ ਵੀਚਾਰਨ ਨਾਲ ਹੀ ਹੁੰਦੇ ਹਨ। ਜੀਵਨ ਗੁਰ ਦੇ ਹੁਕਮ ਅੰਦਰ ਲਿਆਉਣਾ ਪੈਂਦਾ ਹੈ। ਗੁਰੂ ਨਾਨਕ ਸਾਹਿਬ ਦੀ ਉਪਰੋਕਤ ਬਾਣੀ ਤੋਂ ਗੁਰਸਿੱਖ ਬਾਰੇ ਕਾਫੀ ਕੁਝ ਸਮਝਿਆ ਜਾ ਸਕਦਾ ਹੈ। ਗੁਰਸਿੱਖ ਉਹ ਜਿਸ ਨੇ ਪਰਮਾਤਮਾ ਨੂੰ ਆਪਣਾ ਸੁਆਮੀ ਧਾਰ ਲਿਆ ਹੈ ਤੇ ਆਪਣੇ-ਆਪ ਨੂੰ ਪਰਮਾਤਮਾ ਦਾ ਸੇਵਕ ਮੰਨ ਲਿਆ ਹੈ। ਇਹ ਪਰਮਾਤਮਾ ਪ੍ਰਤੀ ਗੁਰਸਿੱਖ ਦਾ ਪੂਰਨ ਸਮਰਪਣ ਹੈ। ਗੁਰਸਿੱਖ ਨੇ ਪਰਮਾਤਮਾ ਦੀ ਪੂਰਨ ਸਮਰੱਥਾ ਤੇ ਅਸੀਮ ਵਡਿਆਈ ਦੇ ਦਰਸ਼ਨ ਕਰਦੇ ਹੋਏ ਆਪਣਾ ਜੀਵਨ ਉਸ ਦੇ ਭਰੋਸੇ 'ਤੇ ਟਿਕਾ ਦਿੱਤਾ ਹੈ ਤੇ ਪਰਮਾਤਮਾ ਦੀ ਕਿਰਪਾ ਨਾਲ ਵਿਕਾਰਾਂ, ਮਾਇਆ ਮੋਹ ਤੋਂ ਮੁਕਤ ਹੋਣ ਵੱਲ ਤੁਰ ਪਿਆ ਹੈ। ਪਰਮਾਤਮਾ ਦੀ ਸ਼ਰਨ ਆਉਣ ਤੋਂ ਬਾਅਦ ਪ੍ਰਗਟ ਹੋਣ ਵਾਲੇ ਪਰਮਾਤਮਾ ਦੇ ਬੇਅੰਤ ਗੁਣ, ਮਨ ਅੰਦਰ ਪਰਮਾਤਮਾ ਲਈ ਗੂੜ੍ਹੇ ਪ੍ਰੇਮ ਨੂੰ ਜਨਮ ਦੇ ਰਹੇ ਹਨ। ਉਸ ਦੀ ਸੇਵਾ ਤੇ ਭਗਤੀ ਭਾਵਨਾ ਅੰਦਰ ਪ੍ਰੇਮ ਰਸ ਸਮੋ ਗਿਆ ਹੈ। ਇਹ ਵਰਤਾਰਾ ਗੁਰ ਸ਼ਬਦ ਅਨੁਸਾਰ ਜੀਵਨ ਨੂੰ ਢਾਲਣ ਤੋਂ ਬਾਅਦ ਹੀ ਵਰਤਦਾ ਹੈ, ਕਿਉਂਕਿ ਗੁਰੂ ਹੀ ਪਰਮਾਤਮਾ ਨਾਲ ਜੋੜਨ ਵਾਲਾ ਤੇ ਪਰਮਾਤਮਾ ਦੀ ਵਡਿਆਈ ਦੀ ਸਮਝ ਬਖਸ਼ਣ ਵਾਲਾ ਹੈ।

ਪਰਮਾਤਮਾ ਦੀ ਪ੍ਰੀਤਿ ਮਨ ਨੂੰ ਰੰਗਣ ਵਾਲੀ ਤੇ ਪੂਰਨ ਤ੍ਰਿਪਤ ਕਰਨ ਵਾਲੀ ਹੈ।

ਜਬ ਕੀ ਰਾਮ ਰੰਗੀਲੈ ਰਾਤੀ
ਰਾਮ ਜਪਤ ਮਨ ਧੀਰੇ॥

ਪਰਮਾਤਮਾ ਤੋਂ ਦੂਰ ਮਨੁੱਖ ਸਦਾ ਪਾਪ ਕਰਮ ਕਰਦਾ ਰਹਿੰਦਾ ਹੈ ਤੇ ਦੁਖ ਭੋਗਦਾ ਹੈ।

ਮਨਮੁਖ ਹੀਨ ਹੋਛੀ ਮਤਿ
ਝੂਠੀ ਮਨਿ ਤਨਿ ਪੀਰ ਸਰੀਰੇ॥

ਪਰਮਾਤਮਾ ਨਾਲ ਪ੍ਰੇਮ ਹੀ ਮਨ ਨੂੰ ਧੀਰਜ ਦੇਣ ਵਾਲਾ ਹੈ। ਗੁਰੂ ਨਾਨਕ ਸਾਹਿਬ ਨੇ ਪਰਮਾਤਮਾ ਨਾਲ ਪ੍ਰੇਮ ਸਬੰਧ ਸਦੀਵੀ ਕਾਇਮ ਰੱਖਣ ਲਈ ਬੇਨਤੀ ਦੀ ਰਾਹ ਦੱਸੀ।

ਕਰਉ ਬਿਨਉ ਗੁਰ ਅਪਨੇ ਪ੍ਰੀਤਮ
ਹਰਿ ਵਰੁ ਆਣਿ ਮਿਲਾਵੈ॥
ਸੁਣਿ ਘਨਘੋਰ ਸੀਤਲੁ ਮਨੁ ਮੋਰਾ
ਲਾਲ ਰਤੀ ਗੁਣ ਗਾਵੈ॥੧॥
ਬਰਸੁ ਘਨਾ ਮੇਰਾ ਮਨੁ ਭੀਨਾ॥
ਅੰਮ੍ਰਿਤ ਬੂੰਦ ਸੁਹਾਨੀ ਹੀਅਰੈ ਗੁਰਿ
ਮੋਹੀ ਮਨੁ ਹਰਿ ਰਸਿ ਲੀਨਾ॥੧॥ ਰਹਾਉ॥
(ਪੰਨਾ ੧੨੫੪)

ਨਿਮਾਣਾ ਹੋ ਕੇ ਪਰਮਾਤਮਾ ਅੱਗੇ ਅਰਦਾਸ ਕਰਨਾ ਗੁਰਸਿੱਖ ਦਾ ਸੁਭਾਅ ਹੈ। ਪਰਮਾਤਮਾ ਦਾਤਾ ਹੈ ਤੇ ਗੁਰਸਿੱਖ ਮੰਗਤਾ ਹੈ। ਭਿਖਾਰੀ ਸਦਾ ਨਿਮਾਣਾ ਹੋ ਕੇ ਹੀ ਮੰਗਦਾ ਹੈ। ਆਮ ਭਿਖਾਰੀ ਤੇ ਗੁਰਸਿੱਖ 'ਚ ਵੱਡਾ ਫਰਕ ਹੈ। ਆਮ ਭਿਖਾਰੀ ਇਹ ਵੇਖ ਕੇ ਝੋਲੀ ਅੱਡਦਾ ਹੈ ਕਿ ਕੌਣ ਉਸ ਨੂੰ ਦੇ ਸਕਦਾ ਹੈ। ਇਸ ਮੰਗਣ ਦੇ ਕੇਂਦਰ 'ਚ ਮਾਤਰ ਲੈਣ-ਦੇਣ ਹੈ। ਗੁਰਸਿੱਖ ਦੇ ਮੰਗਣ 'ਚ ਭਾਵਨਾ ਤੇ ਵਿਸ਼ਵਾਸ ਮੁੱਖ ਹੁੰਦਾ ਹੈ। ਗੁਰਸਿੱਖ ਨੂੰ ਭਰੋਸਾ ਹੈ ਕਿ ਪਰਮਾਤਮਾ ਉਸ ਦੀ ਬੇਨਤੀ ਪ੍ਰਵਾਨ ਕਰੇਗਾ। ਗੁਰਸਿੱਖ ਦੇ ਭਰੋਸੇ 'ਚ ਪ੍ਰੇਮ ਦਾ ਰੰਗ ਵੀ ਮਿਲਿਆ ਹੋਇਆ ਹੈ ਜੋ ਉਸ ਦੇ ਵਿਸ਼ਵਾਸ ਨੂੰ ਕਦੇ ਡਿੱਗਣ ਨਹੀਂ ਦਿੰਦਾ। ਉਸ ਦੀ ਬੇਨਤੀ ਪ੍ਰੇਮਮਈ ਹੈ ਤੇ ਉਮੰਗ ਨਾਲ ਭਰੇ ਮਨ ਤੋਂ ਨਿਕਲ ਰਹੀ ਹੈ। ਗੁਰਸਿੱਖ ਦੀ ਕਾਮਨਾ ਹੈ ਕਿ ਉਸ ਦਾ ਮਨ ਪਰਮਾਤਮਾ ਦੀ ਕਿਰਪਾ ਨਾਲ ਪੂਰੀ ਤਰ੍ਹਾਂ ਭਿੱਜ ਜਾਏ। ਗੁਰਸਿੱਖ ਦੀ ਅਰਦਾਸ ਕਿਸੇ ਰਾਜ ਭਾਗ, ਦੌਲਤ, ਤਾਕਤ, ਨਿੱਜੀ ਲੋੜਾਂ ਲਈ ਨਹੀਂ ਹੈ। ਗੁਰਸਿੱਖ ਦੀ ਅਰਦਾਸ ਨਿੱਕੀ ਤੇ ਸਹਿਜ ਜਿਹੀ ਹੈ ਕਿ ਉਸ ਦਾ ਪਰਮਾਤਮਾ ਨਾਲ ਮੇਲ ਹੋ ਜਾਏ। ਇਹ ਬੇਮਿਸਾਲ ਹੈ। ਸਰਬ ਸਮਰੱਥ ਪਰਮਾਤਮਾ ਅੱਗੇ ਆ ਕੇ ਸਾਰੀਆਂ ਸੰਸਾਰਕ ਲਾਲਸਾਵਾਂ ਮੁੱਕ ਗਾਈਆਂ ਹਨ। ਆਪਣੀਆਂ ਲੋੜਾਂ ਦਰਕਿਨਾਰ ਹੋ ਗਈਆਂ ਹਨ। ਮਨ ਅੰਦਰ ਆਸ ਹੈ ਤਾਂ ਪਰਮਾਤਮਾ ਦੀ ਨਦਰਿ ਲਈ। ਗੁਰਸਿੱਖ ਲਈ ਪਰਮਾਤਮਾ ਤੁਲ ਕੋਈ ਨਹੀਂ।

ਤੁਝ ਤੇ ਵਡਾ ਨਾਹੀ ਕੋਇ॥

ਇਹ ਦ੍ਰਿਸ਼ਟੀ ਧਾਰਨ ਕਰਨਾ ਬਹੁਤ ਹੀ ਕਠਿਨ ਹੈ। ਸੰਸਾਰਕ ਲਾਭ ਲਈ ਮਨੁੱਖ ਕਿਸੇ ਵੀ ਅੱਗੇ ਝੁਕ ਜਾਂਦਾ ਹੈ, ਬੇਨਤੀ ਕਰਨ 'ਚ ਸੰਕੋਚ ਨਹੀਂ ਕਰਦਾ। ਜਿਸ ਪ੍ਰਾਪਤੀ ਦੀ ਗੱਲ ਗੁਰੂ ਨਾਨਕ ਦੇਵ ਜੀ ਨੇ ਕੀਤੀ, ਉਹ ਆਤਮਿਕ ਤੇ ਅਦ੍ਰਿਸ਼ ਹੈ। ਸੰਸਾਰਕ ਲਾਭ ਲੁਭਾਉਣੇ ਹਨ, ਕਿਉਂਕਿ ਵਿਖਾਈ ਦਿੰਦੇ ਹਨ ਤੇ ਹਾਸਲ ਕਰਨ 'ਚ ਜ਼ਿਆਦਾ ਸਮਾਂ ਨਹੀਂ ਲੱਗਦਾ। ਸਾਰੀ ਦੁਨੀਆ ਦਾ ਰਾਜ ਮਿਲ ਸਕਦਾ ਹੈ ਪਰ ਪਰਮਾਤਮਾ ਨਾਲ ਮੇਲ, ਪਰਮਾਤਮਾ ਦੀ ਮਿਹਰ ਲਈ ਅਲੂਣੀ ਸਿਲ ਚੱਟਨੀ ਪੈਂਦੀ ਹੈ, ਖੰਡੇ ਦੀ ਧਾਰ 'ਤੇ ਚੱਲਣਾ ਪੈਂਦਾ ਹੈ, ਵਾਲ ਤੋਂ ਵੀ ਬਾਰੀਕ ਸਮਝ ਵਿਕਸਿਤ ਕਰਨੀ ਪੈਂਦੀ ਹੈ। ਮਨ ਅੰਦਰ ਪਰਮਾਤਮਾ ਲਈ ਪ੍ਰੇਮ ਤੇ ਭਗਤੀ ਦਾ ਚਾਓ ਪੈਦਾ ਹੋਣਾ ਹੀ ਆਪਣੇ-ਆਪ 'ਚ ਵੱਡੀ ਪ੍ਰਾਪਤੀ ਹੈ, ਜੋ ਪਰਮਾਤਮਾ ਦੀ ਕਿਰਪਾ ਨਾਲ ਹੀ ਮੁਮਕਿਨ ਹੁੰਦੀ ਹੈ।

ਨਦਰਿ ਕਰੇ ਤਾ ਸਿਮਰਿਆ ਜਾਇ, ਆਤਮਾ
ਦ੍ਰਵੈ ਰਹੈ ਲਿਵ ਲਾਇ॥

ਗੁਰੂ ਨਾਨਕ ਸਾਹਿਬ ਨੇ ਵਚਨ ਕੀਤੇ ਕਿ ਗੁਰਸਿੱਖ ਦਾ ਮਨ ਸਦਾ ਪਰਮਾਤਮਾ ਦੀ ਮਿਹਰ ਲਈ ਨਿਵਿਆ ਰਹੇ, ਸਿਮਰਨ ਭਗਤੀ 'ਚ ਰਮਿਆ ਰਹੇ, ਸਚ ਦੇ ਮਾਰਗ 'ਤੇ ਚੱਲਦਾ ਰਹੇ। ਇਹੋ ਇਕ ਵਿਧੀ ਹੈ ਪਰਮਾਤਮਾ ਲਈ ਪ੍ਰੇਮ ਜਾਗ੍ਰਿਤ ਕਰਨ ਦੀ।

ਸਚਿ ਸਿਮਰਿਐ ਹੋਵੈ ਪਰਗਾਸੁ॥

ਇਸ ਕਠਿਨ ਮਾਰਗ ਨੂੰ ਸਹਿਲਾ ਬਣਾਉਣ ਲਈ ਹੀ ਗੁਰੂ ਨਾਨਕ ਸਾਹਿਬ ਨੇ ਨਿਤਨੇਮ ਤੇ ਸਿਮਰਨ ਨੂੰ ਗੁਰਸਿੱਖ ਦੇ ਜੀਵਨ ਦਾ ਅੰਗ ਬਣਾ ਦਿੱਤਾ। ਗੁਰੂ ਸਾਹਿਬ ਜਾਣਦੇ ਸਨ ਕਿ ਮਨੁੱਖ ਦਾ ਮਨ ਤਾਂ ਵਿਕਾਰਾਂ, ਭਰਮਾਂ ਤੇ ਅਗਿਆਨਤਾ ਨਾਲ ਭਰਿਆ ਹੋਇਆ ਹੈ।

ਸੁਣਿ ਮਨ ਅੰਧੇ ਕੁਤੇ ਕੂੜਿਆਰ॥

ਧਰਮ ਜਗਤ ਦਾ ਹਾਲ ਵੀ ਨਿਰਾਸ਼ ਕਰਨ ਵਾਲਾ ਸੀ।

ਗੁਰੂ ਨਾਨਕ ਸਾਹਿਬ ਨੇ ਗੁਰਸਿੱਖ ਲਈ ਰਾਹ ਉਸਾਰੀ।

ਅੰਤਰਿ ਸਾਚੁ ਸਭੇ ਸੁਖ ਨਾਲਾ,
ਨਦਰਿ ਕਰੇ ਰਾਖੈ ਰਖਵਾਲਾ॥

ਕੂੜ ਨਾਲ ਭਰਿਆ ਹੋਇਆ ਜੋ ਮਨ ਮਨੁੱਖ ਦੇ ਦੁੱਖਾਂ ਦਾ ਮੂਲ ਸੀ ਗੁਰੂ ਸਾਹਿਬ ਨੇ ਉਸ ਨੂੰ ਹੀ ਨਿਸ਼ਾਨੇ 'ਤੇ ਲਿਆ। ਮਨ ਦੀ ਨਿਰਮਲਤਾ ਲਈ ਆਪ ਨੇ ਗੁਰਸਿੱਖ ਨੂੰ ਗੁਰ ਸ਼ਬਦ ਦੇ ਲੜ ਲਾਇਆ।

ਮਾਇਆ ਮੋਹੁ ਗੁਰ ਸਬਦਿ ਜਲਾਏ, ਨਿਰਮਲ
ਨਾਮੁ ਸਦ ਹਿਰਦੈ ਧਿਆਏ॥

ਨਿਤਨੇਮ ਨਾਮ ਸਿਮਰਨ ਅੰਤਰ ਦੇ ਵਿਕਾਰਾਂ ਔਗੁਣਾਂ ਦਾ ਨਾਸ਼ ਕਰ ਕਰਨ ਵਾਲਾ ਹੈ ਤੇ ਪਰਮਾਤਮਾ ਦੀ ਪ੍ਰੀਤਿ ਨੂੰ ਸਦਾ ਲਈ ਥਿਰ ਕਰਨ ਵਾਲਾ ਹੈ। ਗੁਰਸਿੱਖ ਦੀ ਭਗਤੀ ਇਸ ਕਾਰਨ ਵਿਲੱਖਣ ਹੈ। ਸੰਸਾਰ ਅੰਦਰ ਭਗਤੀ ਪਦਾਰਥਾਂ ਤੇ ਪਦਵੀਆਂ ਲਈ ਹੋ ਰਹੀ ਹੈ ਪਰ ਗੁਰਸਿੱਖ ਦੀ ਭਗਤੀ ਪਦਾਰਥਾਂ ਤੇ ਪਦਵੀਆਂ ਤੋਂ ਉਦਾਸ ਹੋਣ ਲਈ ਹੈ।

ਜਗੁ ਮੋਹਿ ਬਾਧਾ ਬਹੁਤੀ ਆਸਾ, ਗੁਰਮਤੀ
ਇਕਿ ਭਏ ਉਦਾਸਾ॥

ਗੁਰਸਿੱਖ ਦੀ ਇਕੋ ਕਾਮਨਾ ਹੈ ਪਰਮਾਤਮਾ ਦੀ ਸ਼ਰਨ ਤੇ ਮਿਹਰ ਪ੍ਰਾਪਤ ਕਰਨਾ। ਇਸ ਲਈ ਗੁਰਸਿੱਖ ਗੁਣ ਦ੍ਰਿੜ੍ਹ ਕਰਦਾ ਹੈ ਤੇ ਵਾਹਿਗੁਰੂ ਦੁਆਰਾ ਵਿਖਾਏ ਸਚ ਦੇ ਮਾਰਗ 'ਤੇ ਚੱਲਦਾ ਹੈ।

ਜਤੁ ਸਤੁ ਸੰਜਮੁ ਸਾਚੁ ਦ੍ਰਿੜਾਇਆ ਸਾਚ
ਸਬਦਿ ਰਸਿ ਲੀਣਾ॥

ਨਿਰਮਲ ਤੇ ਸੱਚੇ ਮਨ ਨਾਲ ਸਵਾਸ ਸਵਾਸ ਕੀਤੀ ਭਗਤੀ ਹੀ ਪਰਵਾਨ ਹੁੰਦੀ ਹੈ।

ਮੇਰਾ ਗੁਰੁ ਦਇਆਲੁ ਸਦਾ ਰੰਗਿ ਲੀਣਾ,
ਅਹਿਨਿਸਿ ਰਹੈ ਏਕ ਲਿਵ ਲਾਗੀ ਸਾਚੇ ਦੇਖਿ
ਪਤੀਣਾ॥

ਗੁਰਸਿੱਖ ਦੀ ਪ੍ਰੇਮ ਭਗਤੀ ਤੇ ਪ੍ਰਸੰਨ ਹੋ ਪਰਮਾਤਮਾ ਮਿਹਰ ਕਰਦਾ ਹੈ ਤਾਂ ਗੁਰਸਿੱਖ ਨਿਰਾਲੀ ਅਵਸਥਾ 'ਚ ਪ੍ਰਵੇਸ਼ ਕਰ ਜਾਂਦਾ ਹੈ।

ਤ੍ਰੈ ਗੁਣ ਮੇਟੇ ਚਉਥੈ ਵਰਤੈ ਏਹਾ ਭਗਤਿ
ਨਿਰਾਰੀ॥

ਸੰਸਾਰ ਅੰਦਰ ਕਿਸੇ ਵਿਚ ਤਮੋ ਗੁਣ ਪ੍ਰਬਲ ਹੋਣ ਕਾਰਨ ਉਹ ਭੋਗ ਵਿਲਾਸ 'ਚ ਪਿਆ ਹੋਇਆ ਹੈ। ਕੋਈ ਰਜੋ ਗੁਣ ਦੀ ਪ੍ਰਧਾਨਤਾ ਕਾਰਨ ਸੰਸਾਰਕ ਬਲ, ਸੱਤਾ ਪਿੱਛੇ ਨੱਸ-ਭੱਜ ਕਰ ਰਿਹਾ ਹੈ। ਕੋਈ ਸਤੋ ਗੁਣ ਮੁੱਖ ਹੋਣ ਕਾਰਨ ਆਪਣੇ ਧਰਮ ਕਰਮ ਦੇ ਹੰਕਾਰ 'ਚ ਜੀਅ ਰਿਹਾ ਹੈ। ਗੁਰੂ ਨਾਨਕ ਸਾਹਿਬ ਦਾ ਸਿੱਖ ਇਨ੍ਹਾਂ ਤਿੰਨੋਂ ਅਵਸਥਾਵਾਂ ਤੋਂ ਉੱਪਰ ਸਹਿਜ ਵਿਚ ਆ ਜਾਂਦਾ ਹੈ ਤੇ ਕਿਸੇ ਵੀ ਤਰ੍ਹਾਂ ਦੇ ਮਾਣ-ਅਪਮਾਨ, ਜਸ-ਅਪਜਸ, ਹਰਖ-ਸੋਗ ਤੋਂ ਦੂਰ ਹੋ ਜਾਂਦਾ ਹੈ। ਗੁਰਸਿੱਖ ਆਪਣੀ ਬੁਧਿ, ਸਿਆਣਪ ਤਿਆਗ ਪਰਮਾਤਮਾ ਦੇ ਹੁਕਮ ਅੰਦਰ ਜੀਉਣਾ ਸਿਖ ਜਾਂਦਾ ਹੈ।

ਜੋ ਤੁਧੁ ਭਾਵੈ ਸੋਈ ਚੰਗਾ॥

## ਗੁਰੂ ਨਾਨਕ ਕਾ ਲੰਗਰ-ਉਦੇਸ਼ ਅਤੇ ਮੰਤਵ

**-ਕ੍ਰਿਸ਼ਨ ਕੁਮਾਰ ਗੁਪਤਾ**

ਚਾਰ ਉਦਾਸੀਆਂ (24 ਸਾਲ ਦੀ ਪੈਦਲ ਯਾਤਰਾ) ਮਗਰੋਂ ਜਦੋਂ ਗੁਰੂ ਨਾਨਕ ਦੇਵ ਕਰਤਾਰਪੁਰ ਆ ਕੇ ਰਹੇ ਸਨ ਤਾਂ ਸ਼ਰਧਾਲੂ ਆਪ ਜੀ ਦੇ ਦਰਸ਼ਨਾਂ ਲਈ ਆਉਣ ਲੱਗੇ। ਸ਼ਰਧਾਲੂਆਂ ਦੀਆਂ ਲੋੜਾਂ ਨੂੰ ਮਹਿਸੂਸ ਕਰਦਿਆਂ ਉਨ੍ਹਾਂ ਦੇ ਖਾਣ-ਪੀਣ ਅਤੇ ਠਹਿਰਣ ਦਾ ਪ੍ਰਬੰਧ ਕੀਤਾ ਜਾਣ ਲੱਗਿਆ। ਇਹੀ ਲੰਗਰ ਪ੍ਰਥਾ ਦੀ ਸ਼ੁਰੂਆਤ ਸੀ। ਗੁਰੂ ਨਾਨਕ ਦੇਵ ਆਪ ਖੇਤੀ ਕਰਦੇ ਸਨ ਤੇ ਖੇਤੀ ਦੀ ਉਪਜ ਲੰਗਰ ਵਿੱਚ ਪਾ ਦਿੱਤੀ ਜਾਂਦੀ। ਲੋਕ ਅਤੇ ਸ਼ਰਧਾਲੂ ਵੀ ਆਪਣੀ ਸਮਰੱਥਾ ਅਨੁਸਾਰ ਆਪਣੀ ਨੇਕ ਕਮਾਈ ਵਿੱਚੋਂ ਲੰਗਰ ਵਿੱਚ ਹਿੱਸਾ ਪਾਉਣ ਲੱਗੇ। ਇਸ ਗੱਲ ਦਾ ਪੂਰਾ ਖਿਆਲ ਰੱਖਿਆ ਜਾਂਦਾ ਕਿ ਲੋੜਵੰਦ ਹੀ ਲੰਗਰ ਦਾ ਫ਼ਾਇਦਾ ਉਠਾਉਣ। ਨਾਮ ਜਪਣ ਅਤੇ ਧਰਮ ਦੀ ਕਿਰਤ ਕਰਨੀ ਤੇ ਉਸ ਵਿੱਚੋਂ ਦਸਵੰਧ ਦਾਨ ਕਰਨਾ ਹੀ ਲੰਗਰ ਦੀ ਬੁਨਿਆਦ ਹੈ ਅਤੇ ਇਹੀ ਗੁਰੂ ਸਹਿਬਾਨ ਦਾ ਹੁਕਮ ਵੀ ਹੈ। ਰਿਸ਼ਵਤ ਅਤੇ ਕਾਲ਼ੇ ਧਨ ਦਾ ਕੀਤਾ ਦਾਨ ਸਾਰਥਿਕ ਨਹੀਂ ਹੈ। ਦਾਨ ਤਾਂ ਘਾਲਿ ਕਮਾਈ ਦਾ ਹੀ ਲੇਖੇ ਲੱਗਦਾ ਹੈ। ਗੁਰੂ ਅੰਗਦ ਦੇਵ ਜੀ ਵੱਲੋਂ ਅੰਨ-ਪਾਣੀ ਦੇ ਲੰਗਰ ਦੇ ਨਾਲ ਸ਼ਬਦ ਦਾ ਲੰਗਰ ਵੀ ਸ਼ੁਰੂ ਕੀਤਾ ਗਿਆ। ਬਾਬਾ ਬੁੱਢਾ ਜੀ ਵੱਲੋਂ ਕੀਤੀ ਸੇਵਾ ਦੀ ਕਿਤੇ ਮਿਸਾਲ ਨਹੀਂ ਮਿਲਦੀ।

ਗੁਰੂ ਅਮਰ ਦਾਸ ਨੇ ਜਾਤ-ਪਾਤ ਦਾ ਭੇਦ ਮਿਟਾਉਣ ਅਤੇ ਬਰਾਬਰਤਾ ਦਾ ਸੰਦੇਸ਼ ਦੇਣ ਦੀ ਖ਼ਾਤਰ ਹੀ ਪਹਿਲਾਂ ਪੰਗਤ ਫਿਰ ਸੰਗਤ ਦਾ ਹੁਕਮ ਕੀਤਾ ਸੀ। ਬਾਦਸ਼ਾਹ ਅਕਬਰ ਵੀ ਜਦੋਂ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ ਤਾਂ ਉਸ ਨੂੰ ਵੀ ਲੰਗਰ ਛਕਣ ਪਿੱਛੋਂ ਹੀ ਦਰਸ਼ਨ ਦਿੱਤੇ। ਅਕਬਰ ਨੇ ਬਾਰ੍ਹਾਂ ਪਿੰਡਾਂ ਦਾ ਪਟਾ ਲੰਗਰ ਲਈ ਭੇਟ ਕੀਤਾ ਤਾਂ ਗੁਰੂ ਜੀ ਨੇ ਕਿਹਾ ਕਿ ਲੰਗਰ ਤਾਂ ਲੋਕਾਂ ਦੀ ਨੇਕ ਅਤੇ ਧਰਮ ਦੀ ਕਮਾਈ ਨਾਲ ਹੀ ਚੱਲਣਾ ਚਾਹੀਦਾ ਹੈ। ਉਨ੍ਹਾਂ ਅਕਬਰ ਦੀ ਭੇਟਾ ਸਵੀਕਾਰ ਨਾ ਕੀਤੀ।

ਗੁਰੂ ਰਾਮਦਾਸ ਜੀ ਦੇ ਸਮੇਂ ਅਨਾਥਾਂ ਅਤੇ ਕਾਰ ਸੇਵਕਾਂ ਲਈ ਲੰਗਰ ਇਕ ਸਹਾਰਾ ਬਣਿਆ। ਪੰਜਵੇਂ ਪਾਤਸ਼ਾਹ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਦੇ ਸਮੇਂ ਇਕ ਭਗਤ ਹਰ ਸਮੇਂ ਭਗਤੀ ਵਿੱਚ ਲੀਨ ਰਹਿੰਦਾ ਅਤੇ ਰੋਟੀ ਖਾਣ ਸਮੇਂ ਲੰਗਰ 'ਚ ਆ ਜਾਂਦਾ। ਗੁਰੂ ਜੀ ਨੇ ਉਸ ਨੂੰ ਉਪਦੇਸ਼ ਕੀਤਾ ਕਿ ਬਿਨਾ ਕਾਰ ਭਗਤੀ ਸੰਪੂਰਨ ਨਹੀਂ ਹੋ ਸਕਦੀ। ਗੁਰੂ ਜੀ ਦੇ ਉਪਦੇਸ਼ ਨੂੰ ਸੁਣ ਕੇ ਉਹ ਹਰ ਰੋਜ਼ ਜੰਗਲ ਵਿੱਚੋਂ ਲੱਕੜੀਆਂ ਇਕੱਠੀਆਂ ਕਰਕੇ ਲਿਆਉਂਦਾ। ਇਕ ਹਿੱਸਾ ਲੰਗਰ ਵਾਸਤੇ ਦੇ ਦਿੰਦਾ ਅਤੇ ਇਕ ਹਿੱਸਾ ਵੇਚ ਕੇ ਆਪਣਾ ਗੁਜ਼ਾਰਾ ਕਰਨ ਲੱਗਾ। ਇਸ ਤਰ੍ਹਾਂ ਉਨ੍ਹਾਂ ਦੱਸਿਆ ਕਿ ਬਿਨਾਂ ਮਿਹਨਤ ਕੀਤਿਆਂ ਇਕੱਲੀ ਭਗਤੀ ਵੀ ਸਫ਼ਲ ਨਹੀਂ ਹੋ ਸਕਦੀ। ਗੁਰੂ ਹਰਗੋਬਿੰਦ ਸਾਹਿਬ ਵੱਲੋਂ ਭਾਈ ਗੜ੍ਹੀਆ ਨੂੰ ਕਸ਼ਮੀਰ ਜਾ ਕੇ ਬਾਣੀ ਦਾ ਪ੍ਰਚਾਰ ਕਰਨ ਅਤੇ ਸੰਗਤਾਂ ਤੋਂ ਉਨ੍ਹਾਂ ਦੀ ਨੇਕ ਕਮਾਈ ਵਿੱਚੋਂ ਦਸਵੰਧ ਇਕੱਠਾ ਕਰਕੇ ਲਿਆਉਣ ਦਾ ਹੁਕਮ ਹੋਇਆ। ਭਾਈ ਸਾਹਿਬ ਗੜ੍ਹੀਆ ਨੇ ਜੋ ਕੁਝ ਇਕੱਠਾ ਕੀਤਾ, ਉਹ ਕਸ਼ਮੀਰ ਦੇ ਕਾਲ਼ ਪੀੜਤਾਂ ਦੀ ਸਹਾਇਤਾ ਲਈ ਖਰਚ ਕਰ ਦਿੱਤਾ ਅਤੇ ਕੇਵਲ ਸਵਾ ਰੁਪਇਆ ਲਿਆ ਕੇ ਗੁਰੂ ਜੀ ਨੂੰ ਭੇਟ ਕਰ ਦਿੱਤਾ। ਗੁਰੂ ਸਾਹਿਬ ਉਸ ਵੱਲੋਂ ਪੀੜਤਾਂ ਦੀ ਸੇਵਾ ਤੇ ਸਹਾਇਤਾ ਕਰਨ ਦੇ ਕੰਮ ਤੋਂ ਬਹੁਤ ਖੁਸ਼ ਹੋਏ।

ਬਾਕੀ ਸਫ਼ਾ 32 'ਤੇ

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਤਿਹਾਸ ਅਤੇ ਮਨੋਰਥ

**ਰੂਪ ਸਿੰਘ (ਡਾ.)**

ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੀ ਸਥਾਪਨਾ ਦੇ 100ਵੇਂ ਸਾਲ ਵਿੱਚ ਦਾਖਲ ਹੋ ਰਹੀ ਹੈ। 99 ਸਾਲ ਪਹਿਲਾਂ ਗੁਰਦੁਆਰਾ ਪ੍ਰਬੰਧਾਂ ਅਤੇ ਗੁਰੂ ਘਰਾਂ ਵਿੱਚ ਗੁਰਮਤਿ ਮਰਿਆਦਾ ਬਹਾਲ ਕਰਵਾਉਣ ਲਈ ਅਨੇਕਾਂ ਸਿੱਖਾਂ ਦੀਆਂ ਕੁਰਬਾਨੀਆਂ ਸਦਕਾ 15 ਨਵੰਬਰ 1920 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆਈ।

ਸਿੱਖ ਰਾਜ ਦੇ ਸੂਰਜ ਛਿਪਣ ਨਾਲ ਗੁਰਦੁਆਰਾ ਪ੍ਰਬੰਧ ਵਿੱਚ ਵੀ ਗਿਰਾਵਟ ਆਰੰਭ ਹੋ ਗਈ। ਅੰਗਰੇਜ਼ਾਂ ਨੇ ਸਭ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਮੁੱਖ ਪ੍ਰਬੰਧਕ-ਸਰਬਰਾਹ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਰਾਹੀਂ ਨਿਯੁਕਤ ਕੀਤਾ। ਗੁਰਦੁਆਰਾ ਪ੍ਰਬੰਧ ਦੀ ਇਸਾਈ ਮਤ ਦੇ ਸਿੱਖੀ ਅਸੂਲਾਂ ਵਿਰੁੱਧ ਵਰਤੋਂ ਅੰਗਰੇਜ਼ ਰਾਜ ਕਾਲ ਸਮੇਂ ਹੋਈ। ਸਹਿਜੇ-ਸਹਿਜੇ ਸ਼ਰਧਾਲੂ ਸਿੱਖ, ਨਾਕਸ ਗੁਰਦੁਆਰਾ ਪ੍ਰਬੰਧ ਕਾਰਨ ਗੁਰੂ ਘਰਾਂ ਤੋਂ ਟੁੱਟਣੇ ਸ਼ੁਰੂ ਹੋ ਗਏ। ਅੰਗਰੇਜ਼ ਰਾਜ ਸਮੇਂ ਹੀ ਗੁਰਦੁਆਰਿਆਂ ਦੇ ਧਾਰਮਿਕ ਮੁਖੀ ਮਹੰਤ, ਪੁਜਾਰੀ ਥਾਪਣ ਦੀ ਪਿਰਤ ਪਈ। ਇਸ ਨਾਲ ਗੁਰਦੁਆਰਾ ਪ੍ਰਬੰਧ ਸੰਗਤੀ ਪ੍ਰਬੰਧ ਦੀ ਥਾਂ ਵਿਅਕਤੀ ਵਿਸ਼ੇਸ਼ਾਂ ਦੇ ਪ੍ਰਬੰਧ ਅਧੀਨ ਆਉਣਾ ਸ਼ੁਰੂ ਹੋ ਗਿਆ। ਮਹੰਤ-ਪੁਜਾਰੀ ਦੀ ਮੌਤ ਪਿੱਛੋਂ ਉਸਦਾ ਉੱਤਰਾਧਿਕਾਰੀ ਵਿਅਕਤੀ ਵਿਸ਼ੇਸ਼ ਪ੍ਰਬੰਧਕ ਬਣ ਜਾਂਦਾ, ਭਾਵੇਂ ਉਹ ਗੁਰਮਤਿ ਦਾ ਧਾਰਨੀ ਹੋਵੇ ਜਾਂ ਨਾ। ਗੁਰੂ-ਘਰ ਦੇ ਪ੍ਰਬੰਧਕ ਚੜ੍ਹਤ-ਚੜ੍ਹਾਵੇ ਤੇ ਜਾਇਦਾਦਾਂ ਦੇ ਪ੍ਰਬੰਧਕ ਬਣ ਗਏ। ਗੁਰੂ ਘਰਾਂ ਦੇ ਨਿਵਾਸ ਅਸਥਾਨ ਐਸ਼ੋ-ਆਰਾਮ ਦੇ ਅੱਡੇ ਬਣ ਗਏ। ਸੰਸਾਰ ਦੇ ਸਾਰੇ ਕੁਕਰਮ ਇਨ੍ਹਾਂ ਧਰਮ ਮੰਦਰਾਂ 'ਚ ਮਹੰਤਾਂ-ਪੁਜਾਰੀਆਂ ਤੇ ਸਰਬਰਾਹਾਂ ਦੀ ਸਰਪਰਸਤੀ ਹੇਠ ਹੋਏ।

ਇਨ੍ਹਾਂ ਗ਼ੈਰ-ਇਖ਼ਲਾਕੀ ਕੁਕਰਮਾਂ ਨੂੰ ਠੱਲ੍ਹ ਪਾਉਣ ਲਈ ਚੇਤਨ ਗੁਰਸਿੱਖਾਂ ਨੇ ਸਿੱਖ ਸ਼ਕਤੀ ਤੇ ਸਮਰੱਥਾ ਨੂੰ ਇਕੱਤਰਿਤ ਕਰਨ ਲਈ ਜਥੇਬੰਦਕ ਰੂਪ ਧਾਰਨਾ ਸ਼ੁਰੂ ਕੀਤਾ। ਸਿੰਘ ਸਭਾ ਲਹਿਰ, ਚੀਫ਼ ਖ਼ਾਲਸਾ ਦੀਵਾਨ ਸਥਾਪਿਤ ਹੋਏ, ਜਿਨ੍ਹਾਂ ਦੁਰਮਤਿ ਤੇ ਅਗਿਆਨਤਾ ਨੂੰ ਦੂਰ ਕਰਨ ਦਾ ਬੀੜਾ ਚੁੱਕਿਆ।

ਗੁਰਮਤਿ ਅਨੁਸਾਰ ਕਿਸੇ ਕਿਸਮ ਦਾ ਵਿਤਕਰਾ-ਵਖਰੇਵਾਂ ਕਿਸੇ ਵੀ ਜਾਤ, ਧਰਮ, ਨਸਲ, ਵਿਤਕਰੇ ਆਦਿ ਨੂੰ ਮੰਨ ਕੇ ਨਹੀਂ ਕੀਤਾ ਜਾਂਦਾ ਪਰ ਮਹੰਤਾਂ ਪੁਜਾਰੀਆਂ ਦੇ ਸਮੇਂ ਗੁਰਦੁਆਰਿਆਂ ਵਿੱਚ ਅਖੌਤੀ ਨੀਵੀਂ ਜਾਤ ਦੇ ਲੋਕਾਂ ਨੂੰ ਆਉਣ ਦੀ ਮਨਾਹੀ ਸੀ। 12 ਅਕਤੂਬਰ, 1920 ਨੂੰ ਖ਼ਾਲਸਾ ਬਰਾਦਰੀ ਦਾ ਸਾਲਾਨਾ ਦੀਵਾਨ ਅੰਮ੍ਰਿਤਸਰ ਵਿੱਚ ਹੋਇਆ, ਜਿਸ ਵਿੱਚ ਅਖੌਤੀ ਨੀਵੀਂ ਜਾਤ ਨਾਲ ਸਬੰਧਿਤ ਸਿੱਖ ਅੰਮ੍ਰਿਤ ਦੀ ਪਾਹੁਲ ਪ੍ਰਾਪਤ ਕਰ, ਨਾਨਕ ਨਿਰਮਲ ਪੰਥ ਦੇ ਮੈਂਬਰ ਬਣੇ। ਨਵੇਂ ਸਜੇ ਸਿੰਘ ਜਦੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਵਾਸਤੇ ਆਏ ਤਾਂ ਪੁਜਾਰੀ ਨੱਕ-ਮੂੰਹ ਵੱਟਣ ਲੱਗੇ। ਥੋੜ੍ਹੀ ਨੋਕ-ਝੋਕ ਮਗਰੋਂ ਪੁਜਾਰੀ ਅਰਦਾਸ ਕਰਨ ਤੇ ਹੁਕਮਨਾਮਾ ਲੈਣ ਲਈ ਸਹਿਮਤ ਹੋ ਗਏ।

ਜਦ ਇਨ੍ਹਾਂ ਸਿੰਘਾਂ ਦਾ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਬੇਨਤੀ ਲਈ ਹਾਜ਼ਰ ਹੋਇਆ ਤਾਂ ਅਕਾਲ ਤਖ਼ਤ ਦੇ ਪੁਜਾਰੀ ਹਰਨ ਹੋ ਗਏ। ਸਿੰਘਾਂ ਨੇ ਫ਼ੈਸਲਾ ਕੀਤਾ ਕਿ ਗੁਰੂ ਦਾ ਤਖ਼ਤ ਸੁੰਞਾ ਨਹੀਂ ਰਹਿਣਾ ਚਾਹੀਦਾ ਤੇ ਸੇਵਾ-ਸੰਭਾਲ ਵਾਸਤੇ 25 ਸਿੰਘਾਂ ਦਾ ਜਥਾ ਨਿਯਤ ਕਰ ਦਿੱਤਾ। ਦੂਜੇ ਪਾਸੇ ਜ਼ਿਲ੍ਹੇ ਦੇ ਪ੍ਰਸ਼ਾਸਨਿਕ ਅਧਿਕਾਰੀ ਨੇ ਹਾਲਤਾਂ ਨੂੰ ਦੇਖਦਿਆਂ ਨੌਂ ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਹਾਮੀ ਤੇ ਹਮਾਇਤੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਦੇਸ਼ ਜਾਰੀ ਕਰਵਾ ਕੇ 15 ਨਵੰਬਰ, 1920 ਨੂੰ ਸਿੱਖਾਂ ਦਾ ਪ੍ਰਤੀਨਿਧ ਇਕੱਠ ਬੁਲਾਇਆ। ਇਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਥਾਪਿਤ ਹੋਈ। ਪ੍ਰਤੀਨਿਧ ਇਕੱਠ ਵਿੱਚ 175 ਮੈਂਬਰਾਂ ਦੀ ਕਮੇਟੀ ਬਣਾਈ ਗਈ, ਜਿਸ ਦਾ ਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਰੱਖਿਆ ਗਿਆ। ਸਰਦਾਰ ਸੁੰਦਰ ਸਿੰਘ ਮਜੀਠੀਆ ਨੂੰ ਪਹਿਲਾ ਪ੍ਰਧਾਨ ਥਾਪਿਆ ਗਿਆ। ਭਾਈ ਜੋਧ ਸਿੰਘ ਨੇ ਭੁੱਲਾਂ ਬਖ਼ਸ਼ਾਉਣ ਵਾਲੇ ਸਿੱਖਾਂ ਦਾ ਜ਼ਿਕਰ ਕੀਤਾ। ਪ੍ਰਤੀਨਿਧ ਇਕੱਠ ਦੀ ਸੁਧਾਈ ਵਾਸਤੇ ਗੁਰਮਤਿ ਮਰਯਾਦਾ ਅਨੁਸਾਰ ਪੰਜ ਪਿਆਰਿਆਂ ਦੀ ਚੋਣ ਕੀਤੀ ਗਈ। ਇਸ ਕਮੇਟੀ ਦੀ ਪਲੇਠੀ ਮੀਟਿੰਗ 12 ਦਸੰਬਰ, 1920 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਈ। ਸਭ ਤੋਂ ਪਹਿਲਾਂ ਪੰਜ ਪਿਆਰੇ ਚੁਣੇ ਗਏ, ਜਿਨ੍ਹਾਂ ਨੇ ਮੈਂਬਰਾਂ ਦੀ ਸੋਧ ਕੀਤੀ ਤੇ ਅਹੁਦੇਦਾਰਾਂ ਦੀ ਚੋਣ ਕੀਤੀ। ਪਹਿਲੀ ਇਕੱਤਰਤਾ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਧਾਨ ਬਣਾਉਣ ਲਈ ਸਬ-ਕਮੇਟੀ ਬਣਾਈ ਗਈ। 30 ਅਪਰੈਲ,



1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਰਜਿਸਟਰੇਸ਼ਨ ਕਰਵਾਈ ਗਈ। ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦਾ ਪ੍ਰਬੰਧ ਲੈਣ ਲਈ ਮਹੰਤਾਂ ਨਾਲ ਗੱਲਬਾਤ ਚੱਲ ਰਹੀ ਸੀ ਤਾਂ ਪੁਜਾਰੀਆਂ ਨੇ ਗੋਲੀ ਚਲਾ ਦਿੱਤੀ, ਜਿਸ ਵਿੱਚ ਭਾਈ ਹਜ਼ਾਰਾ ਸਿੰਘ ਸ਼ਹੀਦ ਹੋ ਗਏ। 20 ਫਰਵਰੀ, 1921 ਨੂੰ ਨਨਕਾਣਾ ਸਾਹਿਬ ਦਾ ਸਾਕਾ ਵਾਪਰ ਗਿਆ, ਜਿਸ ਵਿੱਚ ਅਨੇਕਾਂ ਸਿੰਘ, ਮਹੰਤ ਨਰੈਣ ਦਾਸ ਦੇ ਗੁੰਡਿਆਂ ਦੀਆਂ ਗੋਲੀਆਂ, ਗੰਡਾਸੀਆਂ, ਛਵੀਆਂ ਤੇ ਡਾਂਗਾਂ ਦੇ ਸ਼ਿਕਾਰ ਹੋਏ। ਕੁਝ ਸਿੱਖਾਂ ਨੂੰ ਮਹੰਤ ਦੇ ਆਦਮੀਆਂ ਨੇ ਜੰਡ ਦੇ ਦਰੱਖ਼ਤ ਨਾਲ ਬੰਨ੍ਹ ਕੇ ਜੀਉਂਦੇ ਸਾੜ ਦਿੱਤਾ। ਇਸ ਪਿਛੋਂ 21 ਫਰਵਰੀ, 1921 ਨੂੰ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆਇਆ।

ਗੁਰਸਿੱਖਾਂ ਨੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਸਮੇਂ, ਅੰਗਰੇਜ਼ ਸਾਮਰਾਜ ਤੇ ਭ੍ਰਿਸ਼ਟ ਮਹੰਤਾਂ-ਪੁਜਾਰੀਆਂ ਖ਼ਿਲਾਫ਼ ਲੰਮੀ ਲੜਾਈ ਲੜਦਿਆਂ ਅਨੇਕਾਂ ਕੁਰਬਾਨੀਆਂ ਤੇ ਤਸੀਹੇ ਝੱਲ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਕੀਤੀ। ਅਖ਼ੀਰ ਅੰਗਰੇਜ਼ ਸਾਮਰਾਜ ਨੂੰ ਸੰਗਠਿਤ ਸਿੱਖ ਸ਼ਕਤੀ ਅੱਗੇ ਗੋਡੇ ਟੇਕਣੇ ਪਏ। 1925 ਵਿੱਚ ਸਿੱਖ ਗੁਰਦੁਆਰਾ ਕਾਨੂੰਨ ਬਣ ਜਾਣ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵਿਸ਼ਵ ਦੀ ਪਹਿਲੀ ਲੋਕਤੰਤਰੀ ਢੰਗ ਦੁਆਰਾ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਕਰਨ ਵਾਲੀ ਸ਼੍ਰੋਮਣੀ ਸੰਸਥਾ ਬਣੀ। ਅਕਾਲ ਦੇ ਪੁਜਾਰੀ ਗੁਰਸਿੱਖ 'ਅਕਾਲੀ' ਸਦਵਾਏ, ਜਿਨ੍ਹਾਂ ਨੇ ਗੁਰਧਾਮਾਂ, ਗੁਰਦੁਆਰਿਆਂ ਦੀ ਅਜ਼ਮਤ ਵਾਸਤੇ ਅੰਗਰੇਜ਼ ਸਰਕਾਰ ਵਿਰੁੱਧ ਸੰਘਰਸ਼ ਲੜਿਆ ਤੇ ਸਫ਼ਲਤਾ ਹਾਸਲ ਕੀਤੀ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨੂੰ ਸਫ਼ਲ ਕਰਨ ਲਈ ਇਨ੍ਹਾਂ ਮਰਜੀਵੜਿਆਂ ਉੱਤੇ ਆਧਾਰਿਤ 14 ਦਸੰਬਰ, 1920 ਨੂੰ 'ਸ਼੍ਰੋਮਣੀ ਅਕਾਲੀ ਦਲ' ਹੋਂਦ ਵਿੱਚ ਆਇਆ। ਅਕਾਲੀ ਲਹਿਰ ਨੇ ਗੁਰਦੁਆਰਾ ਚੋਣਾਂ ਵਿੱਚ ਪਹਿਲੀ ਵਾਰ ਸਿੱਖ ਬੀਬੀਆਂ ਨੂੰ ਵੋਟ ਦਾ ਅਧਿਕਾਰ ਦਿਵਾਇਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੂੰ ਸਿੱਖਾਂ ਦੀ ਸ਼੍ਰੋਮਣੀ ਸੰਸਥਾ ਹੋਣ ਦਾ ਮਾਣ ਹਾਸਲ ਹੈ। ਇਹ ਸਿਰਫ਼ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਹੀ ਨਹੀਂ ਕਰਦੀ, ਸਗੋਂ ਇਸ ਦਾ ਕਾਰਜ ਖੇਤਰ ਬਹੁਤ ਵਿਸ਼ਾਲ ਹੈ। ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਕਾਰਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੈਕਸ਼ਨ 85, ਸੈਕਸ਼ਨ 87, ਧਰਮ ਪ੍ਰਚਾਰ ਕਮੇਟੀ, ਸਿੱਖ ਇਤਿਹਾਸ ਰਿਸਰਚ ਬੋਰਡ, ਐਜੂਕੇਸ਼ਨ ਕਮੇਟੀ, ਟਰੱਸਟ ਵਿਭਾਗ ਆਦਿ ਵਿੰਗ ਅਤੇ ਵਿਭਾਗ ਹਨ।

ਲੋਕ ਕਲਿਆਣਕਾਰੀ ਕਾਰਜਾਂ ਵਜੋਂ ਕਮੇਟੀ ਪਿੰਗਲਵਾੜਾ ਭਗਤ ਪੂਰਨ ਸਿੰਘ, ਯਤੀਮਖਾਨਾ, ਬਿਰਧ ਘਰ ਆਦਿ ਨੂੰ ਸਾਲਾਨਾ ਸਹਾਇਤਾ ਦਿੰਦੀ ਹੈ। ਇਸ ਤੋਂ ਇਲਾਵਾ ਹੜ੍ਹ, ਭੂਚਾਲ, ਸੁਨਾਮੀ, ਸਿੱਖ ਕਤਲੇਆਮ ਦੇ ਪੀੜਤਾਂ, ਜੋਧਪੁਰ ਦੇ ਕੈਦੀਆਂ, ਧਰਮੀ ਫ਼ੌਜੀਆਂ ਦੀ ਮਦਦ ਵੀ ਸ਼੍ਰੋਮਣੀ ਕਮੇਟੀ ਹੀ ਕਰਦੀ ਹੈ।

ਗੁਰਦੁਆਰਾ ਪ੍ਰਬੰਧ ਦੀ ਆਮਦਨ-ਖ਼ਰਚ ਦੇ ਹਿਸਾਬ ਨੂੰ ਪਾਰਦਰਸ਼ੀ ਕਰਨ ਲਈ 1927 ਤੋਂ ਮਾਸਿਕ ਪੱਤਰ ਗੁਰਦੁਆਰਾ ਗਜ਼ਟ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ, ਜੋ ਨਿਰੰਤਰ ਜਾਰੀ ਹੈ। ਗੁਰਦੁਆਰਿਆਂ ਦੀ ਨਵ-ਉਸਾਰੀ ਤੇ ਨਵ-ਨਿਰਮਾਣ, ਸਰਾਵਾਂ ਦਾ ਢੁੱਕਵਾਂ ਪ੍ਰਬੰਧ ਕਰਨਾ, ਸਿੱਖ ਵਿਰਸੇ ਤੇ ਵਿਰਾਸਤਾਂ ਨੂੰ ਸੰਭਾਲਣਾ ਤੇ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਆਧੁਨਿਕ ਸਾਧਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਗੁਰਬਾਣੀ, ਸਿੱਖ ਰਹਿਤ ਮਰਯਾਦਾ ਤੇ ਸਿੱਖ ਸਹਿਤ ਦੇ ਪ੍ਰਚਾਰ ਪ੍ਰਸਾਰ, ਗੁਰਮਤਿ ਸਾਹਿਤ ਲਈ ਆਪਣੇ ਛਾਪੇਖਾਨੇ ਲਾਏ ਗਏ ਹਨ। ਪੰਜਾਬੀ ਭਾਸ਼ਾ ਦੇ ਵਿਕਾਸ ਵਿੱਚ ਸਲਾਹੁਣਯੋਗ ਯੋਗਦਾਨ ਇਸ ਸੰਸਥਾ ਵੱਲੋਂ ਪਾਇਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦਾ ਕਾਨੂੰਨੀ ਅਧਿਕਾਰ ਖੇਤਰ ਗੁਰਦੁਆਰਾ ਪ੍ਰਬੰਧ ਸਬੰਧੀ ਭਾਵੇਂ ਪੰਜਾਬ, ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਤਕ ਸੀਮਤ ਹੈ, ਪਰ ਵਿਸ਼ਵ ਭਰ ਵਿੱਚ ਵਸੇ ਸਿੱਖਾਂ ਦੀ ਪ੍ਰਤੀਨਿਧ ਸੰਸਥਾ ਕੇਵਲ ਸ਼੍ਰੋਮਣੀ ਕਮੇਟੀ ਹੀ ਹੈ।ਅੱਜ ਸ਼੍ਰੋਮਣੀ ਕਮੇਟੀ ਵਿਸ਼ਵ ਦੀ ਇਕੋ-ਇਕ ਅਜਿਹੀ ਧਾਰਮਿਕ ਸੰਸਥਾ ਹੈ, ਜੋ ਕਿਸੇ ਦੇਸ਼ ਵਿਚ ਕਿਸੇ ਧਰਮ ਦੇ ਅਸਥਾਨਾਂ ਦਾ ਪ੍ਰਬੰਧ ਚਲਾਉਣ ਲਈ ਉਸ ਧਰਮ ਦੇ ਪੈਰੋਕਾਰਾਂ ਵੱਲੋਂ ਵੋਟਾਂ ਨਾਲ ਚੁਣੀ ਜਾਂਦੀ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਕਾਰਜਾਂ ਵਿੱਚ ਗੁਰਦੁਆਰਿਆਂ ਦੀ ਨਵ-ਉਸਾਰੀ ਤੇ ਨਵ-ਨਿਰਮਾਣ, ਸਰਾਵਾਂ ਦਾ ਢੁੱਕਵਾਂ ਪ੍ਰਬੰਧ ਕਰਨਾ, ਸਿੱਖ ਵਿਰਸੇ ਤੇ ਵਿਰਾਸਤਾਂ ਨੂੰ ਸੰਭਾਲਣਾ ਹੈ।

ਅੱਜ ਸ਼੍ਰੋਮਣੀ ਕਮੇਟੀ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਆਧੁਨਿਕ ਸਾਧਨਾਂ ਦੀ ਵਰਤੋਂ ਵੀ ਕਰ ਰਹੀ ਹੈ। ਗੁਰਬਾਣੀ, ਸਿੱਖ ਰਹਿਤ ਮਰਯਾਦਾ ਤੇ ਸਿੱਖ ਸਹਿਤ ਦੇ ਪ੍ਰਚਾਰ ਪ੍ਰਸਾਰ, ਗੁਰਮਤਿ ਸਾਹਿਤ ਲਈ ਸ਼੍ਰੋਮਣੀ ਕਮੇਟੀ ਨੇ ਆਪਣੇ ਛਾਪੇਖਾਨੇ ਲਾਏ ਹਨ। ਪੰਜਾਬੀ ਭਾਸ਼ਾ ਦੇ ਵਿਕਾਸ ਵਿੱਚ ਸਲਾਹੁਣਯੋਗ ਯੋਗਦਾਨ ਇਸ ਸੰਸਥਾ ਵੱਲੋਂ ਪਾਇਆ ਗਿਆ। ਸ਼੍ਰੋਮਣੀ ਕਮੇਟੀ ਸ੍ਰੀ ਅੰਮ੍ਰਿਤਸਰ ਦਾ ਕਾਨੂੰਨੀ ਅਧਿਕਾਰ ਖੇਤਰ ਗੁਰਦੁਆਰਾ ਪ੍ਰਬੰਧ ਸਬੰਧੀ ਭਾਵੇਂ ਪੰਜਾਬ, ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਤੱਕ ਸੀਮਤ ਹੈ, ਪਰ ਵਿਸ਼ਵ ਭਰ ਵਿੱਚ ਵਸੇ ਸਿੱਖਾਂ ਦੀ ਪ੍ਰਤੀਨਿਧ ਸੰਸਥਾ ਕੇਵਲ ਸ਼੍ਰੋਮਣੀ ਕਮੇਟੀ ਹੀ ਹੈ।

# 'ਮਹਾਨ ਕੋਸ਼' ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਦੀ ਪੰਜਾਬੀ ਸਾਹਿਤ ਨੂੰ ਵੱਡਮੁੱਲੀ ਦੇਣ

**ਪਰਮਿੰਦਰ ਪਾਲ ਸਿੰਘ**

ਸਾਹਿਤ ਅਤੇ ਧਾਰਮਿਕ ਖੇਤਰ 'ਚ ਆਪਣੇ ਵਿਲੱਖਣ ਯੋਗਦਾਨ ਸਦਕਾ ਭਾਈ ਕਾਨ੍ਹ ਸਿੰਘ ਨਾਭਾ ਦਾ ਨਾਂ ਪੰਜਾਬੀ ਜਗਤ ਵਿਚ ਸ਼੍ਰੋਮਣੀ ਵਿਦਵਾਨਾਂ ਦੀ ਸੂਚੀ ਵਿਚ ਪਹਿਲੇ ਨੰਬਰ 'ਤੇ ਗਿਣਿਆ ਜਾਂਦਾ ਹੈ। ਵੀਹਵੀਂ ਸਦੀ ਦੇ ਇਸ ਪ੍ਰਮੁੱਖ ਵਿਦਵਾਨ ਕੋਸ਼ਕਾਰ, ਟੀਕਾਕਾਰ, ਛੰਦ ਸ਼ਾਸਤਰੀ ਅਤੇ ਸਫ਼ਰਨਾਮਾਕਾਰ ਦਾ ਜਨਮ ਉਨ੍ਹਾਂ ਦੇ ਨਾਨਕੇ ਘਰ ਰਿਆਸਤ ਪਟਿਆਲਾ ਦੇ ਪਿੰਡ ਸਉਜੇ ਬਨੇਰੇ ਵਿਚ ਮਾਤਾ ਹਰਿ ਕੌਰ ਦੀ ਕੁੱਖੋਂ 30 ਅਗਸਤ, 1861 ਈਸਵੀ ਨੂੰ ਹੋਇਆ। ਆਪ ਦਾ ਪਿਛੋਕੜ ਜ਼ਿਲ੍ਹਾ ਬਠਿੰਡਾ ਦੇ ਪਿੰਡ ਪਿੱਥੋ ਦੇ ਵਸਨੀਕ ਢਿੱਲੋਂ ਜੱਟ, ਬਾਬਾ ਨੌਧ ਸਿੰਘ ਜੀ ਨਾਲ ਸਬੰਧਤ ਹੈ ਜੋ ਕਿ ਕਿਸੇ ਸਮੇਂ ਮਹਾਰਾਜਾ ਰਣਜੀਤ ਸਿੰਘ ਦੇ ਮੁਸਾਹਿਬ ਰਹੇ ਹਨ।ਭਾਈ ਕਾਨ੍ਹ ਸਿੰਘ ਜੀ ਦੇ ਦੋ ਛੋਟੇ ਭਰਾ ਭਾਈ ਮੀਹਾਂ ਸਿੰਘ ਅਤੇ ਭਾਈ ਬਿਸ਼ਨ ਸਿੰਘ ਤੇ ਇਕ ਭੈਣ ਬੀਬੀ ਕਾਨ੍ਹ ਕੌਰ ਸੀ, ਜੋ ਛੋਟੀ ਉਮਰ ਵਿਚ ਹੀ ਗੁਜ਼ਰ ਗਈ ਸੀ।






ਭਾਈ ਕਾਨ੍ਹ ਸਿੰਘ ਨਾਭਾ ਦੇ ਪਿਤਾ ਬਾਬਾ ਨਰਾਇਣ ਆਪਣੇ ਸਮੇਂ ਦੇ ਪ੍ਰਮੁੱਖ ਵਿਦਵਾਨ ਤੇ ਸੰਤ ਪੁਰਸ਼ ਸਨ, ਜਿਨ੍ਹਾਂ ਲੰਮਾ ਸਮਾਂ ਨਾਭੇ ਦੇ ਇਤਿਹਾਸਕ ਗੁਰ ਅਸਥਾਨ 'ਡੇਰਾ ਬਾਬਾ ਅਜਪਾਲ ਸਿੰਘ' ਵਿਖੇ ਰਹਿ ਕੇ ਸਿੱਖੀ ਪ੍ਰਚਾਰ ਲਈ ਵੱਡੀ ਸੇਵਾ ਕੀਤੀ। ਇੱਥੇ ਹੀ ਪਿਤਾ ਜੀ ਦੇ ਆਸ਼ੀਰਵਾਦ ਨਾਲ ਭਾਈ ਕਾਨ੍ਹ ਸਿੰਘ ਨੇ ਉਸ ਮੌਕੇ ਦੇ ਪ੍ਰਸਿੱਧ ਵਿਦਵਾਨਾਂ ਭਾਈ ਭੂਪ ਸਿੰਘ, ਭਾਈ ਰਾਮ, ਭਾਈ ਭਗਵਾਨ ਸਿੰਘ ਦੁੱਗ, ਜਵਾਹਰ ਸਿੰਘ, ਪੰਡਿਤ ਸ਼੍ਰੀਧਰ, ਬੰਸੀਧਰ, ਭਾਈ ਵੀਰ ਸਿੰਘ ਜਲਾਲਕੇ, ਬਾਵਾ ਕਲਿਆਣ ਦਾਸ ਅਤੇ ਮਹੰਤ ਗਜਾ ਸਿੰਘ ਆਦਿ ਦੇਸੀ ਵਿਦਵਾਨਾਂ ਪਾਸੋਂ ਵੱਖ-ਵੱਖ ਵਿਸ਼ਿਆਂ 'ਚ ਬਹੁ-ਪੱਖੀ ਵਿੱਦਿਆ ਹਾਸਲ ਕੀਤੀ। ਦਿੱਲੀ ਅਤੇ ਲਖਨਊ ਦੇ ਵਿਦਵਾਨਾਂ ਪਾਸੋਂ ਫਾਰਸੀ ਦੀ ਸਿੱਖਿਆ ਗ੍ਰਹਿਣ ਕੀਤੀ। ਲਾਹੌਰ ਵਿਖੇ ਓਰੀਐਂਟਲ ਕਾਲਜ ਦੇ ਪ੍ਰੋਫੈਸਰ ਗੁਰਮੁਖ ਸਿੰਘ ਦੀ ਸੁਚੱਜੀ ਸੰਗਤ ਵਿਚ ਰਹਿੰਦਿਆਂ, ਆਪ ਦੀ ਰੁਚੀ ਸਮਾਜ ਸੁਧਾਰ ਅਤੇ ਧਰਮ ਅਧਿਐਨ ਲਈ ਹੋਰ ਪਰਿਪੱਕ ਹੋਈ।

ਜਦੋਂ ਭਾਈ ਸਾਹਿਬ ਮਹਾਰਾਜਾ ਹੀਰਾ ਸਿੰਘ ਨੂੰ ਮਿਲੇ ਤਾਂ ਉਹ ਆਪਦੀ ਸੂਝ ਤੇ ਵਿਦਿਆ ਤੋਂ ਏਨੇ ਪ੍ਰਭਾਵਿਤ ਹੋਏ ਕਿ ਝੱਟ ਭਾਈ ਸਾਹਿਬ ਨੂੰ ਆਪਣਾ ਮੁਸਾਹਿਬ ਬਣਾ ਲਿਆ ਤੇ ਬਾਅਦ ਵਿੱਚ ਆਪ ਨੇ ਰਾਜਕੁਮਾਰ ਰਿਪੁਦਮਨ ਸਿੰਘ ਦਾ ਨਿਗਰਾਨ ਤੇ ਅਧਿਆਪਕ ਵੀ ਨਿਯੁਕਤ ਕੀਤਾ। ਆਪਣੀ ਵਿਦਵਤਾ ਦੇ ਜਾਦੂ ਨਾਲ ਭਾਈ ਕਾਨ੍ਹ ਸਿੰਘ ਨੇ ਨਾਭਾ ਤੇ ਪਟਿਆਲਾ ਰਿਆਸਤਾਂ ਵਿੱਚ ਕਈ ਉੱਚ ਅਹੁਦਿਆਂ ਤੇ ਰਹਿੰਦਿਆਂ ਨਾਲੋ ਨਾਲ ਸਾਹਿਤ ਸਿਰਜਨਾ ਕਰਦਿਆਂ ਮਾਂ-ਬੋਲੀ ਪੰਜਾਬੀ ਦੀ ਸੇਵਾ ਲਈ ਵੱਡਾ ਯੋਗਦਾਨ ਪਾਇਆ। ਭਾਈ ਕਾਨ੍ਹ ਸਿੰਘ ਦੇ ਇਕਲੌਤੇ ਬੇਟੇ ਭਗਵੰਤ ਸਿੰਘ ਹਰੀ ਅਤੇ ਭਾਈ ਸਾਹਿਬ ਦੀ ਪੋਤ ਨੂੰਹ ਡਾ. ਰਛਪਾਲ ਕੌਰ ਨੇ ਵੀ ਪੰਜਾਬੀ ਸਾਹਿਤ ਸੇਵਾ ਲਈ ਆਪੋ ਆਪਣਾ ਯੋਗਦਾਨ ਪਾਇਆ। ਸੰਨ 1883 ਵਿਚ ਜਦੋਂ ਉਨ੍ਹਾਂ ਦੀ ਉਮਰ 23 ਸਾਲ ਦੀ ਹੋਈ ਤਾਂ ਉਹ ਲਾਹੌਰ ਪਹੁੰਚੇ। ਲਾਹੌਰ ਵਿਚ ਉਨ੍ਹਾਂ ਨੇ ਗੁਰਮਤਿ ਸਬੰਧੀ ਪੰਜ ਗ੍ਰੰਥਾਂ ਦਾ ਸੰਪਾਦਨ ਸ਼ੁਰੂ ਕੀਤਾ ਅਤੇ ਅਨੇਕਾਂ ਹੀ ਪੁਸਤਕਾਂ ਪੜ੍ਹੀਆਂ। ਲਾਹੌਰ ਵਿਚ ਉਹ ਦੋ ਸਾਲ ਹੀ ਰਹੇ ਤੇ ਫਿਰ ਨਾਭੇ ਵਾਪਸ ਆ ਗਏ। ਹੁਣ ਮਾਤਾ-ਪਿਤਾ ਉਨ੍ਹਾਂ ਦੇ ਵਿਆਹ ਬਾਰੇ ਸੋਚਣ ਲੱਗੇ। ਉਨ੍ਹਾਂ ਦਾ ਪਹਿਲਾ ਵਿਆਹ ਪਿੰਡ ਧੂਰੇ ਰਿਆਸਤ ਪਟਿਆਲਾ ਤੇ ਦੂਜਾ ਵਿਆਹ ਮੁਕਤਸਰ ਵਿਚ ਹੋਇਆ। 1888 ਵਿਚ ਟਿੱਕਾ ਰਿਪੁਦਮਨ ਸਿੰਘ ਨੂੰ ਪੜ੍ਹਾਉਣ ਦਾ ਕੰਮ ਉਨ੍ਹਾਂ ਜ਼ਿੰਮੇ ਲਾਇਆ ਗਿਆ। ਦੋਵਾਂ ਪਤਨੀਆਂ ਦੇ ਗੁਜ਼ਰ ਜਾਣ ਪਿੱਛੋਂ ਉਨ੍ਹਾਂ ਦਾ ਤੀਜਾ ਵਿਆਹ ਪਿੰਡ ਰਾਮਗੜ੍ਹ ਜ਼ਿਲ੍ਹਾ ਪਟਿਆਲਾ ਵਿਖੇ ਬਸੰਤ ਕੌਰ ਨਾਲ ਹੋਇਆ।

ਵਿਆਹ ਤੋਂ ਬਾਅਦ ਉਹ ਮਹਾਰਾਜਾ ਹੀਰਾ ਸਿੰਘ ਨਾਭਾ ਕੋਲ ਆ ਕੇ ਮੁਨਸ਼ੀ ਲੱਗ ਗਏ। ਮਹਾਰਾਜਾ ਹੀਰਾ ਸਿੰਘ ਵਿਦਵਾਨਾਂ ਦੇ ਬੜੇ ਕਦਰਦਾਨ ਸਨ ਤੇ ਚੰਗੇ-ਮੰਦੇ ਆਦਮੀ ਨੂੰ ਸਹਿਜੇ ਹੀ ਪਰਖ ਲੈਂਦੇ ਸਨ। ਉਨ੍ਹਾਂ 1893 'ਚ ਭਾਈ ਕਾਨ੍ਹ ਸਿੰਘ ਨੂੰ ਪ੍ਰਾਈਵੇਟ ਸਕੱਤਰ ਮੁਕੱਰਰ ਕੀਤਾ। ਇਸ ਤੋਂ ਥੋੜ੍ਹੇ ਚਿਰ ਪਿੱਛੋਂ ਹੀ ਭਾਈ ਸਾਹਿਬ ਸਿਟੀ ਮੈਜਿਸਟਰੇਟ, ਡਿਪਟੀ ਕਮਿਸ਼ਨਰ ਅਤੇ ਬਾਵਲ (ਮੰਤਰੀ) ਪਦ 'ਤੇ ਵੀ ਰਹੇ। ਰਾਜਨੀਤਕ ਖੇਤਰ ਵਿਚ ਉਨ੍ਹਾਂ ਦਾ ਬਹੁਤ ਪ੍ਰਭਾਵ ਸੀ। ਉਹ ਜਿਸ ਵੀ ਕੰਮ 'ਤੇ ਲੱਗੇ, ਉਸ ਨੂੰ ਬੜੀ ਤਨਦੇਹੀ ਨਾਲ ਨਿਭਾਇਆ। ਉਨ੍ਹਾਂ ਨੇ 1903 ਵਿਚ ਖਾਲਸਾ ਕਾਲਜ ਅੰਮ੍ਰਿਤਸਰ ਦਾ ਪੱਕਾ ਪ੍ਰਬੰਧ ਕਰਨ ਲਈ 21 ਲੱਖ ਰੁਪਏ ਫੰਡ ਇਕੱਤਰ ਕੀਤਾ। ਮਿਸਟਰ ਮੈਕਾਲਿਫ ਵਰਗੇ ਅੰਗਰੇਜ਼ ਨੂੰ ਉਨ੍ਹਾਂ ਨੇ ਕਾਫੀ ਮਿਹਨਤ ਨਾਲ ਸਿੱਖ ਧਰਮ ਤੇ ਸਿੱਖ ਇਤਿਹਾਸ ਪੜ੍ਹਾਇਆ ਤੇ ਉਨ੍ਹਾਂ ਤੋਂ ਹੀ 'ਸਿੱਖ ਰਿਲੀਜ਼ਨ' ਪੁਸਤਕ ਲਿਖਵਾਈ।

ਬਾਕੀ ਸਫ਼ਾ 28 'ਤੇ

# .ਗ਼ਦਰੀ ਬਾਬਿਆਂ ਦਾ ਅਕਾਲੀ ਲਹਿਰ ਵਿੱਚ ਯੋਗਦਾਨ

**ਡਾ. ਗੁਰਦੇਵ ਸਿੰਘ ਸਿੱਧੂ**

ਬੇਸ਼ੱਕ ਗ਼ਦਰ ਪਾਰਟੀ ਕੁਝ ਕਾਰਨਾਂ ਸਦਕਾ ਆਪਣੇ ਮਿੱਥੇ ਨਿਸ਼ਾਨੇ 'ਤੇ ਅੰਗਰੇਜ਼ੀ ਰਾਜ ਦਾ ਤਖ਼ਤ ਪਲਟਾਉਣ ਵਿੱਚ ਸਫ਼ਲ ਨਾ ਹੋ ਸਕੀ ਪਰ ਗ਼ਦਰੀ ਸੋਚ ਨੂੰ ਪ੍ਰਣਾਏ ਦੇਸ਼ਭਗਤਾਂ ਨੇ ਹਾਰ ਨਹੀਂ ਮੰਨੀ ਅਤੇ ਉਹ ਆਪਣੀ ਸੋਚ ਨੂੰ ਅਮਲ ਵਿੱਚ ਲਿਆਉਣ ਲਈ ਕਿਸੇ ਨਾ ਕਿਸੇ ਜਥੇਬੰਦੀ ਨਾਲ ਰਲ ਕੇ ਲਗਾਤਾਰ ਸੰਘਰਸ਼ ਕਰਦੇ ਰਹੇ। ਗ਼ਦਰ ਪਾਰਟੀ ਦੀ ਯੋਜਨਾ ਦੀ ਅਸਫ਼ਲਤਾ ਦੇ ਪਿੱਛੋਂ ਉਹ ਜਿਸ ਪਾਰਟੀ ਦੇ ਝੰਡੇ ਹੇਠ ਸਰਗਰਮ ਹੋਏ, ਉਹ ਸੀ ਅਕਾਲੀ ਦਲ। ਜਿਉਂ ਹੀ 1920 ਵਿੱਚ ਅਕਾਲੀ ਦਲ ਹੋਂਦ ਵਿੱਚ ਆਇਆ ਤਾਂ ਕਿਸੇ ਕਾਰਨ ਕਾਨੂੰਨ ਦੇ ਸ਼ਿਕੰਜੇ ਵਿੱਚ ਆਉਣੋਂ ਬਚੇ ਜਾਂ ਦੋ ਚਾਰ ਸਾਲ ਲਈ ਕੈਦ ਦੀ ਸਜ਼ਾ ਭੁਗਤ ਕੇ ਜੇਲ੍ਹਾਂ ਤੋਂ ਬਾਹਰ ਆਏ, ਜਾਂ 1919 ਦੀ 'ਸ਼ਾਹੀ ਮੁਆਫ਼ੀ' ਅਧੀਨ ਜੇਲ੍ਹਾਂ ਵਿੱਚੋਂ ਮੁਕਤ ਹੋਏ ਗ਼ਦਰੀ ਇਸ ਜਥੇਬੰਦੀ ਵਿੱਚ ਸਰਗਰਮ ਹੋ ਗਏ। ਗ਼ਦਰੀ ਸਫ਼ਾਂ ਵਿੱਚੋਂ ਆਏ ਅਜਿਹੇ ਕੁਝ ਅਕਾਲੀਆਂ ਬਾਰੇ ਸੰਖੇਪ ਜਾਣਕਾਰੀ ਇਸ ਪ੍ਰਕਾਰ ਹੈ:

**ਆਸਾ ਸਿੰਘ ਪਿੰਡ ਭੁਕੜੂਦੀ (ਹੁਸ਼ਿਆਰਪੁਰ):** ਗ਼ਦਰ ਪਾਰਟੀ ਦੇ ਸੱਦੇ ਉੱਤੇ ਆਸਾ ਸਿੰਘ ਅਕਤੂਬਰ 1914 ਨੂੰ ਦੇਸ਼ ਵਾਪਸ ਆਇਆ, ਤਿੰਨ ਸਾਲ ਪਿੰਡ ਵਿੱਚ ਜੂਹਬੰਦ ਰਿਹਾ। ਉਸ ਨੇ ਕਰਮ ਸਿੰਘ ਦੌਲਤਪੁਰ ਨਾਲ ਰਲ ਕੇ ਕੰਮ ਕੀਤਾ। ਨਨਕਾਣਾ ਸਾਹਿਬ ਦੇ ਸਾਕੇ ਪਿੱਛੋਂ ਨਨਕਾਣੇ ਜਾ ਕੇ ਅੰਮ੍ਰਿਤ ਛਕਿਆ ਅਤੇ ਨਾਂ ਆਸਾ ਸਿੰਘ ਤੋਂ ਮਹਿਤਾਬ ਸਿੰਘ ਰੱਖ ਲਿਆ। ਉਸ ਨੇ ਬੱਬਰ ਲਹਿਰ ਵਿੱਚ ਕੰਮ ਕੀਤਾ ਪਰ ਕਮਜ਼ੋਰੀ ਵਿਖਾਈ।

**ਇੰਦਰ ਸਿੰਘ ਗਿੱਲ ਉਰਫ਼ ਰਤਨ ਸਿੰਘ ਉਰਫ਼ ਤਰਲੋਚਨ ਸਿੰਘ ਉਰਫ਼ ਲੋਚਨ ਸਿੰਘ, ਪਿੰਡ ਚੜਿੱਕ (ਮੋਗਾ):** ਕੋਮਾਗਾਟਾਮਾਰੂ ਜਹਾਜ਼ ਦੇ ਸਫ਼ਰ ਦੌਰਾਨ ਗ਼ਦਰੀਆਂ ਦੇ ਸੰਪਰਕ ਵਿੱਚ ਆਏ ਇੰਦਰ ਸਿੰਘ ਨੂੰ ਪੁਲੀਸ ਰਿਪੋਰਟਾਂ ਵਿੱਚ ਖ਼ਤਰਨਾਕ ਮੁਸਾਫ਼ਿਰ ਦੱਸਿਆ ਗਿਆ ਹੈ। ਉਸ ਨੇ ਅਕਾਲੀ ਲਹਿਰ ਸਮੇਂ ਪਟਿਆਲਾ ਰਿਆਸਤ ਅਤੇ ਅੰਬਾਲਾ ਜ਼ਿਲ੍ਹੇ ਵਿੱਚ ਪ੍ਰਚਾਰ ਦਾ ਕੰਮ ਕੀਤਾ। ਉਹ ਪਿਆਰਾ ਸਿੰਘ 'ਲੰਗੇਰੀ' ਦਾ ਸਹਿਯੋਗੀ ਰਿਹਾ।

**ਸੰਤਾ ਸਿੰਘ ਪਿੰਡ ਕਲੌੜ (ਪਟਿਆਲਾ):** ਗ਼ਦਰੀਆਂ 'ਤੇ ਚੱਲੇ ਲਾਹੌਰ ਸਾਜ਼ਿਸ਼ ਕੇਸ (ਪੂਰਕ) ਵਿੱਚ ਧਾਰਾ 121 ਅਧੀਨ ਪੰਜ ਸਾਲ ਸਖ਼ਤ ਕੈਦ ਹੋਈ। ਗੁਰੂ ਕਾ ਬਾਗ਼ ਦੇ ਮੋਰਚੇ ਵਿੱਚ ਗ੍ਰਿਫ਼ਤਾਰੀ ਦਿੱਤੀ। 1924 ਵਿੱਚ ਪਟਿਆਲਾ ਰਿਆਸਤ ਦੀ ਪੁਲੀਸ ਨੇ ਉਸ ਦੇ ਘਰੋਂ ਇੱਕ ਬੰਬ ਅਤੇ ਹੋਰ ਗੋਲੀ ਸਿੱਕਾ ਬਰਾਮਦ ਕੀਤਾ ਤੇ ਉਸ ਨੂੰ ਪੰਜ ਸਾਲ ਕੈਦ ਦੀ ਸਜ਼ਾ ਹੋਈ।

**ਹਰਦਿੱਤ ਸਿੰਘ ਭਾਈ, ਪਿੰਡ ਕੋਟ ਫਤੂਹੀ (ਹੁਸ਼ਿਆਰਪੁਰ):** ਗ਼ਦਰ ਪਾਰਟੀ ਦੇ ਸੱਦੇ 'ਤੇ ਹਰਦਿੱਤ ਸਿੰਘ ਤੋਸ਼ਾਮਾਰੂ ਜਹਾਜ਼ ਰਾਹੀਂ ਅਕਤੂਬਰ 1914 ਨੂੰ ਦੇਸ਼ ਪਰਤਿਆ। ਪੁਲੀਸ ਨੇ ਕਲਕੱਤੇ ਤੋਂ ਗ੍ਰਿਫ਼ਤਾਰ ਕਰ ਕੇ ਅਗਸਤ 1916 ਤਕ ਮੁਲਤਾਨ ਅਤੇ ਅੰਬਾਲਾ ਜੇਲ੍ਹ ਵਿੱਚ ਰੱਖਣ ਪਿੱਛੋਂ ਰਿਹਾਅ ਕਰ ਦਿੱਤਾ। ਫਿਰ 9 ਮਹੀਨੇ ਲਈ ਜੂਹਬੰਦ ਕੀਤਾ ਗਿਆ। 1923 ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਅਕਾਲੀ ਜਥੇ ਦਾ ਜਥੇਦਾਰ ਬਣਿਆ।

**ਹਰੀ ਸਿੰਘ (ਗ੍ਰੰਥੀ) ਪਿੰਡ ਚੋਟੀਆਂ (ਮੋਗਾ):** ਕੈਨੇਡਾ ਵਿੱਚ ਗ਼ਦਰ ਪਾਰਟੀ ਦਾ ਮੋਹਰੀ ਆਗੂ, ਜੋ ਕੋਮਾਗਾਟਾਮਾਰੂ ਦੇ ਉੱਥੇ ਪਹੁੰਚਣ ਸਮੇਂ 'ਸ਼ੋਰ ਕਮੇਟੀ' ਦੇ ਮੈਂਬਰ ਵਜੋਂ ਮੁਸਾਫ਼ਿਰਾਂ ਦੀ ਮੁਲਾਕਾਤ ਲਈ ਜਾਣ ਦੀ ਕੋਸ਼ਿਸ਼ ਕਰਨ ਵਾਲੇ ਪੰਜ ਆਗੂਆਂ ਵਿੱਚ ਸ਼ਾਮਲ ਸੀ। ਵੈਨਕੂਵਰ ਗੁਰਦੁਆਰੇ ਦੇ ਗ੍ਰੰਥੀ ਵਜੋਂ ਸੇਵਾ ਕੀਤੀ। ਲਾਹੌਰ ਸਾਜ਼ਿਸ਼ ਕੇਸ (ਦੂਜਾ ਪੂਰਕ) ਵਿੱਚ ਧਾਰਾ 121 ਅਤੇ 121 ਏ ਅਧੀਨ ਸੱਤ ਸਾਲ ਕੈਦ ਕਾਲੇ ਪਾਣੀ ਦੀ ਸਜ਼ਾ ਹੋਈ।

**ਕਰਮ ਸਿੰਘ ਪਿੰਡ ਚੀਮਨੇ (ਜਲੰਧਰ):** ਗ਼ਦਰ ਪਾਰਟੀ ਦੇ ਸੱਦੇ 'ਤੇ ਦੇਸ਼ ਪਰਤਿਆ, ਪਿੰਡ ਵਿੱਚ ਜੂਹਬੰਦ ਕੀਤਾ ਗਿਆ। 1923 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਬਣਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਗ਼ੈਰਕਾਨੂੰਨੀ ਐਲਾਨੇ ਜਾਣ ਪਿੱਛੋਂ ਅਕਾਲੀ ਆਗੂਆਂ ਦੇ ਦੂਜੇ ਜਥੇ ਨਾਲ 7 ਜਨਵਰੀ 1924 ਨੂੰ ਗ੍ਰਿਫ਼ਤਾਰ, ਫ਼ਲਸਰੂਪ ਲਗਪਗ ਦੋ ਸਾਲ ਜੇਲ੍ਹ ਵਿੱਚ ਰਿਹਾ। ਦੇਸ਼ਭਗਤ ਕੈਦੀ ਪਰਿਵਾਰ ਸਹਾਇਕ ਕਮੇਟੀ ਦਾ ਮੈਂਬਰ ਵੀ ਰਿਹਾ।



**ਕਰਮ ਸਿੰਘ ਪਿੰਡ ਝਿੰਗੜ:** ਗ਼ਦਰ ਪਾਰਟੀ ਦੇ ਸੱਦੇ 'ਤੇ ਦਸੰਬਰ 1914 ਵਿੱਚ ਕੈਨੇਡਾ ਤੋਂ ਹਿੰਦੁਸਤਾਨ ਆਇਆ। ਸਰਕਾਰ ਦੁਆਰਾ 1918 ਤਕ ਪਿੰਡ ਵਿੱਚ ਜੂਹਬੰਦ ਰੱਖਿਆ ਗਿਆ। ਪਿੱਛੋਂ ਅਕਾਲੀ ਲਹਿਰ ਵਿੱਚ ਸਰਗਰਮ, ਬੱਬਰ ਅਕਾਲੀ ਦਲ ਦਾ ਸਿਰਕੱਢ ਆਗੂ, ਬੱਬਰ ਸਾਜ਼ਿਸ਼ ਕੇਸ ਵਿੱਚ ਉਮਰ ਕੈਦ ਹੋਈ। 21 ਅਪਰੈਲ 1938 ਨੂੰ ਮੁਲਤਾਨ ਜੇਲ੍ਹ ਵਿੱਚ ਦੇਹਾਂਤ ਹੋ ਗਿਆ।

**ਕਰਮ ਸਿੰਘ ਪਿੰਡ ਦੌਲਤਪੁਰ:** ਗ਼ਦਰ ਪਾਰਟੀ ਦੇ ਸੱਦੇ ਉੱਤੇ ਦੇਸ਼ ਪਰਤਿਆ ਅਤੇ 1918 ਤਕ ਪਿੰਡ ਵਿੱਚ ਜੂਹਬੰਦ ਰਿਹਾ। ਨਨਕਾਣਾ ਸਾਹਿਬ ਦੇ ਸਾਕੇ ਪਿੱਛੋਂ ਨਨਕਾਣੇ ਜਾ ਕੇ ਅੰਮ੍ਰਿਤ ਛਕਿਆ ਅਤੇ ਨਾਂ ਨਰੈਣ ਸਿੰਘ ਤੋਂ ਕਰਮ ਸਿੰਘ ਰੱਖਿਆ। ਬੱਬਰ ਅਕਾਲੀ ਜਥੇ ਦਾ ਆਗੂ, 1 ਸਤੰਬਰ 1923 ਨੂੰ ਬਬੇਲੀ ਪੁਲੀਸ ਮੁਕਾਬਲੇ ਵਿੱਚ ਸ਼ਹੀਦ ਹੋਇਆ।

**ਚੈਂਚਲ ਸਿੰਘ ਪਿੰਡ ਜੰਡਿਆਲਾ (ਜਲੰਧਰ):** ਗ਼ਦਰ ਪਾਰਟੀ ਦੇ ਸੱਦੇ 'ਤੇ ਤੋਸ਼ਾਮਾਰੂ ਜਹਾਜ਼ ਰਾਹੀਂ ਅਕਤੂਬਰ 1914 ਨੂੰ ਦੇਸ਼ ਪਰਤਿਆ। ਗ੍ਰਿਫ਼ਤਾਰ ਕਰ ਕੇ ਜੂਨ 1916 ਤਕ ਮੁਲਤਨ ਜੇਲ੍ਹ ਵਿੱਚ ਬੰਦੀ ਰੱਖਿਆ ਗਿਆ। ਰਿਹਾਈ ਪਿੱਛੋਂ ਪਿੰਡ ਵਿੱਚ ਜਨਵਰੀ 1920 ਤਕ ਜੂਹਬੰਦ ਰਿਹਾ। ਪਹਿਲੇ ਅਕਾਲੀ ਸਾਜ਼ਿਸ਼ ਕੇਸ ਵਿੱਚ ਨਾਮਜ਼ਦ ਪਰ ਸਬੂਤਾਂ ਦੀ ਘਾਟ ਕਾਰਨ ਰਿਹਾਅ ਹੋਇਆ। ਜੈਤੋ ਦੇ ਮੋਰਚੇ ਸਮੇਂ ਜਥੇਬੰਦਕ ਕਾਰਜਾਂ ਵਿੱਚ ਸਰਗਰਮੀ ਕਾਰਨ ਗ੍ਰਿਫ਼ਤਾਰੀ ਵਾਰੰਟ ਜਾਰੀ ਹੋਏ।

**ਦਲਜੀਤ ਸਿੰਘ ਉਰਫ਼ ਰਾਏ ਸਿੰਘ ਪਿੰਡ ਕੌਣੀ (ਮੁਕਤਸਰ):** ਕੋਮਾਗਾਟਾਮਾਰੂ ਜਹਾਜ਼ ਵਿੱਚ ਬਾਬਾ ਗੁਰਦਿੱਤ ਸਿੰਘ ਦਾ ਸਕੱਤਰ, ਬਜਬਜ ਘਾਟ ਦੇ ਸਾਕੇ ਪਿੱਛੋਂ ਪੁਲੀਸ ਦੇ ਘੇਰੇ ਵਿੱਚੋਂ ਨਿਕਲ ਕੇ ਗੁਪਤਵਾਸ ਵਿੱਚ ਰਿਹਾ। ਗੁਪਤਵਾਸ ਦੌਰਾਨ ਰਾਏ ਸਿੰਘ ਨਾਂ ਰੱਖ ਕੇ ਅੰਮ੍ਰਿਤਸਰ ਵਿੱਚ ਪੱਤਰਕਾਰੀ ਕਰਦਾ ਰਿਹਾ। ਮੁਕਤਸਰ ਗੁਰਦੁਆਰੇ ਨੂੰ ਪੰਥਕ ਪ੍ਰਬੰਧ ਹੇਠ ਲਿਆਉਣ ਲਈ ਮੋਢੀਆਂ ਵਾਲਾ ਕੰਮ ਕੀਤਾ। ਪਿੱਛੋਂ ਇਸ ਗੁਰਦੁਆਰੇ ਦੇ ਮੈਨੇਜਰ ਵਜੋਂ ਸੇਵਾ ਕੀਤੀ। ਉਹ 12 ਅਕਤੂਬਰ, 1923 ਨੂੰ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗ਼ੈਰਕਾਨੂੰਨੀ ਐਲਾਨੇ ਜਾਣ ਸਮੇਂ ਗ੍ਰਿਫ਼ਤਾਰ ਕੀਤੇ ਗਏ ਆਗੂਆਂ ਵਿੱਚੋਂ ਇੱਕ ਸੀ। ਗੁਰਦੁਆਰਾ ਐਕਟ ਬਣ ਜਾਣ ਪਿੱਛੋਂ ਉਨ੍ਹਾਂ 16 ਆਗੂਆਂ ਵਿੱਚ ਸ਼ਾਮਲ ਸੀ, ਜਿਨ੍ਹਾਂ ਨੇ ਸ਼ਰਤਾਂ ਨਾਲ ਰਿਹਾਈ ਪ੍ਰਵਾਨ ਕਰਨ ਤੋਂ ਇਨਕਾਰ ਕੀਤਾ।

**ਦਲੀਪ ਸਿੰਘ ਉਰਫ਼ ਜੁਝਾਰ ਸਿੰਘ ਪਿੰਡ ਨੂਸੀ (ਜਲੰਧਰ):** ਗ਼ਦਰ ਪਾਰਟੀ ਦੇ ਸੱਦੇ 'ਤੇ ਤੋਸ਼ਾਮਾਰੂ ਜਹਾਜ਼ ਰਾਹੀਂ ਦੇਸ਼ ਪਰਤਿਆ। ਪਿੰਡ ਵਿੱਚ ਜੂਹਬੰਦ ਰਿਹਾ। ਗੁਰੂ ਕਾ ਬਾਗ਼ ਦੇ ਮੋਰਚੇ ਵਿੱਚ ਗ੍ਰਿਫ਼ਤਾਰ ਹੋ ਕੇ ਕੈਦ ਕੱਟੀ, ਗੁਰਦੁਆਰਾ ਥੰਮ੍ਹ ਸਾਹਿਬ ਕਰਤਾਰਪੁਰ ਨੂੰ ਪੰਥਕ ਪ੍ਰਬੰਧ ਹੇਠ ਲਿਆਉਣ ਵਿੱਚ ਮੋਹਰੀ ਰਿਹਾ। ਪਿੱਛੋਂ ਦੇਸ਼ ਭਗਤ ਕੈਦੀ ਪਰਿਵਾਰ ਸਹਾਇਕ ਕਮੇਟੀ ਦੇ ਸਕੱਤਰ ਵਜੋਂ ਜ਼ਿੰਮੇਵਾਰੀ ਨਿਭਾਈ।

**ਪਰਤਾਪ ਸਿੰਘ ਜਥੇਦਾਰ ਪਿੰਡ ਕੋਟ ਫਤੂਹੀ, (ਹੁਸ਼ਿਆਰਪੁਰ):** ਕੈਨੇਡਾ ਵਿੱਚ ਭਾਈ ਬਲਵੰਤ ਸਿੰਘ ਦਾ ਨਿਕਟਵਰਤੀ, 1914 ਨੂੰ ਦੇਸ਼ ਪਰਤਿਆ। ਨਵੰਬਰ 1920 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਨ ਸਮੇਂ ਮੈਂਬਰ ਚੁਣਿਆ ਗਿਆ। ਅਕਾਲੀ ਦਲ ਵਿੱਚ ਕੰਮ ਕੀਤਾ, ਜਿਸ ਕਾਰਨ ਪਿੱਛੋਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਅਕਾਲੀ ਜਥੇ ਦਾ ਜਥੇਦਾਰ ਥਾਪਿਆ ਗਿਆ।

**ਪਿਆਰਾ ਸਿੰਘ ਪਿੰਡ ਲੰਗੇਰੀ (ਹੁਸ਼ਿਆਰਪੁਰ):** ਕੈਨੇਡਾ ਵਿੱਚ ਗ਼ਦਰ ਪਾਰਟੀ ਦਾ ਆਗੂ ਜੋ ਕੋਮਾਗਾਟਾਮਾਰੂ ਜਹਾਜ਼ ਦੀ ਪਹੁੰਚ ਸਮੇਂ ਮੁਸਾਫ਼ਿਰਾਂ ਨੂੰ ਮਿਲਣ ਜਾਣ ਦੀ ਕੋਸ਼ਿਸ਼ ਕਰਨ ਵਾਲੇ ਪੰਜ ਵਿਅਕਤੀਆਂ ਵਿੱਚ ਸ਼ਾਮਲ ਸੀ। ਗ਼ਦਰ ਪਾਰਟੀ ਦੇ ਸੱਦੇ 'ਤੇ ਦੇਸ਼ ਪਰਤਿਆ ਅਤੇ ਜਥੇਬੰਦੀ ਖੜ੍ਹੀ ਕਰਨ ਲਈ ਯਤਨਸ਼ੀਲ ਰਿਹਾ। ਲਾਹੌਰ ਸਾਜ਼ਿਸ਼ ਕੇਸ ਵਿੱਚ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਮਿਲੀ ਪਰ ਸ਼ਾਹੀ ਮੁਆਫ਼ੀਨਾਮੇ ਕਾਰਨ ਅਪਰੈਲ 1920 ਨੂੰ ਰਿਹਾਅ ਹੋ ਗਿਆ। ਨਵੰਬਰ 1920 ਵਿੱਚ ਸ਼੍ਰੋਮਣੀ ਕਮੇਟੀ ਦਾ ਮੈਂਬਰ ਚੁਣਿਆ ਗਿਆ। ਬੱਬਰ ਅਕਾਲੀਆਂ ਦੇ ਕੇਸ ਵਿੱਚ ਪੈਰਵੀ ਕਰਨ ਅਤੇ ਬੱਬਰਾਂ ਦੇ ਪਰਿਵਾਰਾਂ ਦੀ ਸਾਰ ਲੈਣ ਲਈ ਬਣਾਈ ਗਈ 'ਦੁਆਬਾ ਰਕਸ਼ਕ ਕਮੇਟੀ' ਦਾ ਮੀਤ ਪ੍ਰਧਾਨ ਰਿਹਾ। ਲਗਭਗ ਦੋ ਸਾਲ ਜੇਲ੍ਹ ਵਿੱਚ ਰਿਹਾ।

**ਬਚਿੰਤ ਸਿੰਘ ਪਿੰਡ ਰੁੜਕਾ ਕਲਾਂ (ਜਲੰਧਰ):** ਗ਼ਦਰ ਪਾਰਟੀ ਦੇ ਸੱਦੇ 'ਤੇ ਭਾਰਤ ਪਰਤਿਆ, ਪਿੰਡ ਵਿੱਚ ਜੂਹਬੰਦ ਰਿਹਾ। ਜਨਵਰੀ 1915 ਤੋਂ ਜੂਨ 1916 ਤਕ ਕੈਦ ਕੱਟੀ। ਫਿਲੌਰ ਤਹਿਸੀਲ ਤੋਂ ਅਕਾਲੀ ਜਥੇ ਦਾ ਜਥੇਦਾਰ ਬਣਿਆ ਅਤੇ ਕਈ ਵਾਰ ਜੇਲ੍ਹ ਗਿਆ।

**ਭਗਵਾਨ ਸਿੰਘ ਦੁਸਾਂਝ, ਭਾਈ:** ਜੈਤੋ ਮੋਰਚੇ ਲਈ ਕੈਨੇਡਾ ਤੋਂ ਜਥਾ ਲੈ ਕੇ ਆਇਆ।

**ਭਾਗ ਸਿੰਘ ਭਾਈ ਪਿੰਡ ਉਪਲ ਭੂਪਾ, (ਜਲੰਧਰ):** ਤੋਸ਼ਾਮਾਰੂ ਜਹਾਜ਼ ਰਾਹੀਂ ਅਕਤੂਬਰ 1914 ਵਿੱਚ ਭਾਰਤ ਪਰਤਿਆ। ਗ੍ਰਿਫ਼ਤਾਰੀ ਪਿੱਛੋਂ ਰਾਵਲਪਿੰਡੀ ਅਤੇ ਲਾਹੌਰ ਜੇਲ੍ਹ ਵਿੱਚ ਰੱਖਿਆ ਗਿਆ। ਜੂਨ 1919 ਵਿੱਚ ਰਿਹਾਈ ਪਿੱਛੋਂ ਪਿੰਡ ਵਿੱਚ ਜੂਹਬੰਦ ਰਿਹਾ। ਨਵੰਬਰ 1920 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਨ ਸਮੇਂ ਇਸ ਦਾ ਮੈਂਬਰ ਚੁਣਿਆ ਗਿਆ। ਪਹਿਲਾਂ ਮਾਸਟਰ ਮੋਤਾ ਸਿੰਘ ਅਤੇ ਕਿਸ਼ਨ ਸਿੰਘ ਗੜਗੱਜ ਦੀ ਸੰਗਤ ਵਿੱਚ ਰਿਹਾ, ਪਿੱਛੋਂ ਪਿਆਰਾ ਸਿੰਘ ਲੰਗੇਰੀ ਨਾਲ ਕੰਮ ਕੀਤਾ। 'ਦੁਆਬਾ ਰਕਸ਼ਕ ਕਮੇਟੀ' ਅਤੇ 'ਪੰਜਾਬ ਅਮਰੀਕਨ ਕੈਨੇਡੀਅਨ ਸੁਸਾਇਟੀ' ਦਾ ਖ਼ਜ਼ਾਨਚੀ ਸੀ। 1923 ਵਿੱਚ ਗ੍ਰਿਫ਼ਤਾਰ ਅਕਾਲੀ ਆਗੂਆਂ ਵਿੱਚ ਸ਼ਾਮਲ ਸੀ। ਪਿੱਛੋਂ 'ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ' ਦਾ ਮੈਂਬਰ ਬਣਿਆ।

**ਮਿੱਤ ਸਿੰਘ ਭਾਈ ਪਿੰਡ ਪੰਡੋਰੀ (ਲੁਧਿਆਣਾ):** ਖ਼ਾਲਸਾ ਦੀਵਾਨ ਵੈਨਕੂਵਰ ਦਾ ਸਕੱਤਰ, ਜਿਸ ਨੇ ਕੋਮਾਗਾਟਾਮਾਰੂ ਲਈ ਅਮਰੀਕਾ ਤੋਂ ਹਥਿਆਰ ਲਿਆਉਣ ਵਾਲੇ ਵਿਅਕਤੀਆਂ ਦੇ ਫੜੇ ਜਾਣ ਪਿੱਛੋਂ ਕਾਨੂੰਨੀ ਖ਼ਰਚਾ ਅਦਾ ਕੀਤਾ। ਉਹ ਕੋਮਾਗਾਟਾਮਾਰੂ ਦੇ ਵੈਨਕੂਵਰ ਪਹੁੰਚਣ ਸਮੇਂ ਮੁਸਾਫ਼ਿਰਾਂ ਨੂੰ ਮਿਲਣ ਜਾਣ ਦਾ ਯਤਨ ਕਰਨ ਵਾਲੇ ਪੰਜ ਆਗੂਆਂ ਵਿੱਚੋਂ ਇੱਕ ਸੀ ਅਤੇ 'ਸ਼ੋਰ ਕਮੇਟੀ' ਦਾ ਮੈਂਬਰ ਸੀ। ਉਸ ਨੂੰ ਸ਼੍ਰੋਮਣੀ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਅਕਤੂਬਰ 1923 ਨੂੰ ਗ੍ਰਿਫ਼ਤਾਰ ਹੋ ਕੇ ਲਗਪਗ ਦੋ ਸਾਲ ਬੰਦੀ ਰਿਹਾ।

# ਬੱਬਰ ਅਕਾਲੀ ਯੋਧੇ ਮਾਸਟਰ ਦਲੀਪ ਸਿੰਘ ਗੋਸਲ ਅਤੇ ਕਰਮ ਸਿੰਘ ਝਿੰਗੜ

**ਸੁਖਦੇਵ ਸਿੰਘ ਸੋਹਲ**

ਬੱਬਰ ਅਕਾਲੀ ਲਹਿਰ ਮੁੱਖ ਰੂਪ ਵਿੱਚ ਅਕਾਲੀ ਲਹਿਰ ਦਾ ਖਾੜਕੂ ਰੂਪ ਸੀ। ਇਸ ਤੋਂ ਇਲਾਵਾ ਇਸ ਵਿੱਚ ਬਹੁਤ ਸਾਰੀਆਂ ਸਿੱਖ ਲਹਿਰਾਂ ਦਾ ਸੁਮੇਲ ਪਾਇਆ ਜਾ ਸਕਦਾ ਹੈ, ਜਿਵੇਂ ਗੁਰਦੁਆਰਾ ਰਕਾਬ ਗੰਜ ਦੀ ਕੰਧ ਦਾ ਢਾਹੁਣਾ (1914), ਸਿੱਖਾਂ ਦਾ ਕਲਕੱਤੇ ਨੇੜੇ ਬਜਬਜ ਵਿਖੇ ਕਤਲੇਆਮ (ਸੰਤਬਰ 1914) ਅਤੇ ਜਲ੍ਹਿਆਂਵਾਲਾ ਬਾਗ਼ ਵਿੱਚ ਕਤਲੇਆਮ (13 ਅਪਰੈਲ 1919)। ਦਰਅਸਲ ਗੁਰਦੁਆਰਾ ਸੁਧਾਰ ਲਹਿਰ ਸਮੇਂ ਤਰਨਤਾਰਨ ਵਿੱਚ (ਜਨਵਰੀ 1921) ਅਤੇ ਨਨਕਾਣਾ ਸਾਹਿਬ (20 ਫਰਵਰੀ 1921) ਦੇ ਸਾਕੇ ਸਮੇਂ ਸਿੱਖਾਂ 'ਤੇ ਹੋਏ ਅੱਤਿਆਚਾਰ ਕਾਰਨ ਅਕਾਲੀ ਲਹਿਰ ਦਾ ਸ਼ਾਂਤਮਈ ਅੰਦੋਲਨ ਦੇ ਤੌਰ 'ਤੇ ਚੱਲਣਾ ਕਈ ਅਕਾਲੀ ਆਗੂਆਂ ਨੂੰ ਨਾਮਨਜ਼ੂਰ ਹੋ ਗਿਆ। ਇਸ ਗਰਮ ਧੜੇ ਦੇ ਮੁੱਖ ਆਗੂ ਮਾਸਟਰ ਮੋਤਾ ਸਿੰਘ, ਕਿਸ਼ਨ ਸਿੰਘ ਗੜਗੱਜ, ਕਰਮ ਸਿੰਘ, ਦੌਲਤਪੁਰ, ਅਮਰ ਸਿੰਘ, ਮਾਸਟਰ ਦਲੀਪ ਸਿੰਘ ਗੋਸਲ ਅਤੇ ਕਰਮ ਸਿੰਘ ਝਿੰਗੜ ਆਦਿ ਸਨ।





ਮਾਸਟਰ ਦਲੀਪ ਸਿੰਘ ਗੋਸਲ ਮੁੱਖ ਬੱਬਰ ਆਗੂਆਂ ਵਿੱਚੋਂ ਇੱਕ ਸਨ। ਉਨ੍ਹਾਂ ਦਾ ਜਨਮ 1898 ਨੂੰ ਪਿੰਡ ਗੋਸਲ ਵਿੱਚ ਸਰਦਾਰ ਇੱਛਰ ਸਿੰਘ ਲੰਬਰਦਾਰ ਦੇ ਘਰ ਹੋਇਆ। ਇਹ ਪਿੰਡ ਉਸ ਵੇਲੇ ਤਹਿਸੀਲ ਨਵਾਂ ਸ਼ਹਿਰ, ਜ਼ਿਲ੍ਹਾ ਜਲੰਧਰ ਵਿੱਚ ਸ਼ਾਮਲ ਸੀ। ਉਹ ਦਸਵੀਂ ਪਾਸ ਸਨ ਅਤੇ ਪਿੰਡ ਖ਼ਾਨਖਾਨਾ ਦੇ ਸਕੂਲ ਵਿੱਚ ਅਧਿਆਪਕ ਸਨ। ਗੁਰਬਾਣੀ ਦੀ ਉਨ੍ਹਾਂ ਨੂੰ ਖ਼ਾਸ ਮੁਹਾਰਤ ਸੀ। ਸ਼ੁਰੂ ਵਿੱਚ ਉਹ ਇੱਕ ਅਕਾਲੀ ਵਜੋਂ ਗੁਰਦੁਆਰਾ ਸੁਧਾਰ ਲਹਿਰ ਵਿੱਚ ਸ਼ਾਮਲ ਹੋਏ ਅਤੇ ਨਾਲ ਦੇ ਪਿੰਡਾਂ ਵਿੱਚ ਦੇਸ਼ਭਗਤੀ ਦੇ ਵਿਸ਼ੇ 'ਤੇ ਭਾਸ਼ਣ ਦਿੱਤੇ। ਇਸ ਦੌਰਾਨ ਉਨ੍ਹਾਂ ਦਾ ਰੁਝਾਨ ਖਾੜਕੂ ਧੜੇ ਵੱਲ ਹੋ ਗਿਆ ਅਤੇ ਕਰਮ ਸਿੰਘ ਦੌਲਤਪੁਰ ਦੇ 'ਚੱਕਰਵਰਤੀ' ਧੜੇ ਵਿੱਚ ਸ਼ਾਮਲ ਹੋ ਕੇ ਬੱਬਰ ਲਹਿਰ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਉਹ ਵਧੀਆ ਬੁਲਾਰੇ ਸਨ। ਅਕਤੂਬਰ 1922 ਵਿੱਚ ਉਹ ਬੱਬਰ ਅਕਾਲੀ ਜਥੇ ਵਿੱਚ ਸਕੱਤਰ ਨਾਮਜ਼ਦ ਰਹੇ।

ਮਾਸਟਰ ਦਲੀਪ ਸਿੰਘ ਨੇ ਪਿੰਡ ਰੁੜਕਾ ਕਲਾਂ ਦੇ ਇੱਕ ਦੀਵਾਨ ਨੂੰ ਸੰਬੋਧਨ ਕਰਦਿਆਂ ਕਿਹਾ ਸੀ, "ਸਾਨੂੰ ਗੁਲਾਮਾਂ ਵਾਂਗ ਨਹੀਂ ਜੀਉਣਾ ਚਾਹੀਦਾ। ਜੇ ਸਾਡੇ ਵਿੱਚੋਂ ਇੱਕ ਫੜਿਆ ਵੀ ਜਾਵੇਗਾ ਤਾਂ ਦਸ ਹੋਰ ਉਸ ਦੀ ਜਗ੍ਹਾ ਆ ਜਾਣਗੇ। ਅੰਗਰੇਜ਼ੀ ਹਕੂਮਤ ਬਹੁਤ ਨਿਰਦਈ ਹੈ, ਜਿਸ ਨੇ ਬਾਬਾ ਖੜਕ ਸਿੰਘ (1868–1963) ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕੈਦ ਕੀਤਾ ਹੋਇਆ ਹੈ। ਇੱਥੋਂ ਤਕ ਕਿ ਹੁਣ ਔਰਤਾਂ ਨੂੰ ਵੀ ਕੈਦ ਕੀਤਾ ਜਾ ਰਿਹਾ ਹੈ। ਇਸ ਲਈ ਹੁਣ 'ਸਿੱਖ ਰਾਜ' ਸਥਾਪਿਤ ਕਰਨ ਦਾ ਸਮਾਂ ਆ ਗਿਆ ਹੈ।" ਅਜਿਹੇ ਬਿਆਨਾਂ ਦੀ ਭਿਣਕ ਅੰਗਰੇਜ਼ੀ ਹਕੂਮਤ ਤਕ ਉਸ ਦੇ ਝੋਲੀ ਚੁੱਕਾਂ ਰਾਹੀਂ ਪਹੁੰਚਣੀ ਉਸ ਸਮੇਂ ਦੀ ਆਮ ਬਿਰਤੀ ਸੀ।

ਮਾਸਟਰ ਦਲੀਪ ਸਿੰਘ ਗੋਸਲ ਵਿਰੁੱਧ ਗਵਾਹੀ ਦੇਣ ਵਾਲਿਆਂ ਵਿੱਚ ਅਮਰ ਸਿੰਘ, ਸੰਤ ਕਰਤਾਰ ਸਿੰਘ, ਬਤਨ ਸਿੰਘ ਪਿੰਡੋਰੀ ਨਿੱਜਰਾਂ, ਪਿੰਡ ਕਿਸ਼ਨਪੁਰ ਦਾ ਮਹੰਤ ਮਿੱਤ ਸਿੰਘ ਅਤੇ ਪਿੰਡ ਭਾਕਰੂਦੀ ਦਾ ਆਸਾ ਸਿੰਘ ਆਦਿ ਮੁੱਖ ਸਨ। ਇਨ੍ਹਾਂ ਸਾਰਿਆਂ ਨੇ ਮਾਸਟਰ ਦਲੀਪ ਸਿੰਘ ਗੋਸਲ ਨੂੰ ਕਿਸ਼ਨ ਸਿੰਘ ਗੜਗੱਜ ਦੇ ਧੜੇ ਨਾਲ ਸ਼ਾਮਿਲ ਦੱਸਿਆ। ਜੱਸੋਵਾਲ ਵਿੱਚ, ਜਿੱਥੇ ਕਿ ਬੱਬਰਾਂ ਨੇ ਉੱਚ ਅਦਾਲਤ ਸਥਾਪਿਤ ਕੀਤੀ ਹੋਈ ਸੀ, ਜਿਹੜੇ ਵੀ ਫ਼ੈਸਲੇ 25 ਦਸੰਬਰ 1922 ਨੂੰ ਹੋਏ, ਉਨ੍ਹਾਂ ਵਿੱਚ ਮਾਸਟਰ ਦਲੀਪ ਸਿੰਘ ਗੋਸਲ ਦੀ ਸ਼ਮੂਲੀਅਤ ਅਹਿਮ ਸੀ। ਬੱਬਰ ਅਕਾਲੀ ਦੁਆਬਾ ਪੱਤਰ ਨੂੰ ਤਿਆਰ ਕਰਨ, ਛਾਪਣ ਅਤੇ ਵੰਡਣ ਆਦਿ ਦੇ ਕੰਮ ਮਾਸਟਰ ਦਲੀਪ ਸਿੰਘ ਨੇ ਕੀਤੇ। ਇਹ ਪੱਤਰ ਬੱਬਰ ਅਕਾਲੀ ਲਹਿਰ ਦਾ ਮੁੱਖ ਅੰਗ ਸੀ ਅਤੇ ਇਸ ਰਾਹੀਂ ਲੋਕਾਂ ਨੂੰ ਅੰਗਰੇਜ਼ਾਂ ਤੋਂ ਆਜ਼ਾਦੀ ਲੈਣ ਲਈ ਹਥਿਆਰਬੰਦ ਹੋਣ ਲਈ ਪਰਚਾਇਆ ਜਾਂਦਾ ਸੀ। ਮਾਸਟਰ ਦਲੀਪ ਸਿੰਘ ਨੇ ਇਸ ਪੱਤਰ ਵਿੱਚ ਕਾਫ਼ੀ ਕੁਝ ਲਿਖਿਆ। ਉਸ ਦੁਆਰਾ ਲਿਖਿਆ 'ਕਲਗੀਧਰ ਨੰਬਰ' (25 ਦਸੰਬਰ 1922) ਮੁੱਖ ਅੰਕ ਸੀ, ਜੋ ਇੱਕ ਮੋਮੀ ਕਾਗਜ਼ 'ਤੇ ਸਟੀਲ ਦੇ ਪੈੱਨ ਨਾਲ ਲਿਖਿਆ ਗਿਆ ਸੀ ਤਾਂ ਜੋ ਲਿਖਤ ਨੂੰ ਗੁਪਤ ਰੱਖਿਆ ਜਾ ਸਕੇ। ਬੱਬਰਾਂ ਨੂੰ ਦਬਾਉਣ ਲਈ ਸਰਕਾਰ ਨੇ ਜਲੰਧਰ ਅਤੇ ਹੁਸ਼ਿਆਰਪੁਰ ਲਈ ਸਾਂਝਾ ਸਪੈਸ਼ਲ ਸਟਾਫ਼ ਕਾਇਮ ਕੀਤਾ। ਸਰਕਾਰ ਨੇ 30 ਨਵੰਬਰ 1922 ਨੂੰ ਉਸ ਦੀ ਗ੍ਰਿਫ਼ਤਾਰੀ ਲਈ 500 ਰੁਪਏ ਦਾ ਇਨਾਮ ਐਲਾਨਿਆ। ਅਜਿਹੇ ਇਸ਼ਤਿਹਾਰ ਦੁਆਬੇ ਦੇ ਲਗਪਗ ਸਾਰੇ ਪਿੰਡਾਂ ਵਿੱਚ ਲਾਏ ਗਏ। ਦੂਜਾ ਐਲਾਨ ਜਲੰਧਰ ਡਿਵੀਜ਼ਨ ਦੇ ਕਮਿਸ਼ਨਰ ਨੇ ਕੀਤਾ, ਜੋ ਸਾਰੀਆਂ ਅਖ਼ਬਾਰਾਂ ਵਿੱਚ ਛਪਵਾਇਆ ਗਿਆ ਤੇ ਜ਼ੈਲਦਾਰਾਂ ਅਤੇ ਪਟਵਾਰੀਆਂ ਨੂੰ ਵੰਡਿਆ ਗਿਆ।

ਉਨ੍ਹਾਂ ਨੂੰ 6 ਜਨਵਰੀ 1923 ਨੂੰ ਕਰਮ ਸਿੰਘ ਝਿੰਗੜ ਸਮੇਤ ਪਿੰਡ ਝਿੰਗੜ ਤੋਂ ਗ੍ਰਿਫ਼ਤਾਰ ਕੀਤਾ ਗਿਆ। ਉਸ ਖ਼ਿਲਾਫ਼ ਜਲੰਧਰ ਦੀ ਇੱਕ ਅਦਾਲਤ ਵਿੱਚ ਕੇਸ ਚਲਾਇਆ ਗਿਆ। ਮਾਸਟਰ ਦਲੀਪ ਸਿੰਘ ਨੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਤੋਂ ਇਨਕਾਰ ਕੀਤਾ ਅਤੇ ਕਿਸੇ ਵੀ ਬਿਆਨ 'ਤੇ ਦਸਤਖ਼ਤ ਵੀ ਨਹੀਂ ਕੀਤੇ। ਉਸ ਨੂੰ ਭੜਕਾਉ ਭਾਸ਼ਣ ਦੇਣ ਦੇ ਦੋਸ਼ ਤਹਿਤ 14 ਮਾਰਚ 1923 ਨੂੰ ਪੰਜ ਸਾਲ ਦੀ ਕੈਦ ਸੁਣਾਈ ਗਈ। 15 ਅਗਸਤ 1923 ਨੂੰ ਬੱਬਰ ਅਕਾਲੀਆਂ ਖ਼ਿਲਾਫ਼ ਇੱਕ ਹੋਰ ਕੇਸ ਸ਼ੁਰੂ ਹੋਇਆ ਤੇ ਮਾਸਟਰ ਦਲੀਪ ਸਿੰਘ ਖ਼ਿਲਾਫ਼ ਵੀ ਲਾਹੌਰ ਦੀ ਅਦਾਲਤ ਵਿੱਚ ਕੇਸ ਚਲਾਇਆ ਗਿਆ। ਇਸ ਕੇਸ ਨੂੰ 'ਦੂਸਰਾ ਬੱਬਰ ਅਕਾਲੀ ਸਾਜ਼ਿਸ਼ ਕੇਸ' ਕਿਹਾ ਜਾਂਦਾ ਹੈ। ਇਸ ਦਾ ਮੁੱਢਲਾ ਫ਼ੈਸਲਾ ਚਾਰ ਅਪਰੈਲ 1924 ਨੂੰ ਸੁਣਾਇਆ ਗਿਆ।

ਬਾਕੀ ਸਫ਼ਾ 28 'ਤੇ


Sir Speedy Tustin
Printers to the Community
Outdoor 3'x11' Promo Flag
Only $29/-
Pole & Spike $55/-
Guru Nanak Sikh Temple
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Welcome
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW




# ਪਾਠਕਾਂ ਦਾ ਨਜ਼ਰੀਆ

## ਦਲਿਤ ਖੋਜ ਤੇ ਸਾਹਿਤ ਦਾ ਦਾਇਰਾ

ਪੰਜਾਬ ਦੇ ਦਲਿਤਾਂ ਬਾਬਤ ਅਕਾਦਮਿਕ ਲਿਖਤਾਂ ਦਾ ਸਾਰ ਵੀਹਵੀਂ ਸਦੀ ਦੇ ਦੂਜੇ ਦਹਾਕੇ ਵਾਲੀ ਆਦਿ-ਧਰਮ ਲਹਿਰ ਤੋਂ ਚੱਲ ਕੇ ਅਜੋਕੇ ਵੇਲੇ ਦੇ ਧਾਰਮਿਕ ਡੇਰਿਆਂ ਤਕ ਜਾ ਮੁੱਕਦਾ ਹੈ। ਵਧੇਰੇ ਕਰਕੇ ਦਲਿਤ ਸਾਹਿਤ ਦੋਆਬੇ ਦੇ ਆਦਿ-ਧਰਮੀ ਚਮਾਰਾਂ ਤਕ ਹੀ ਸੀਮਤ ਹੈ। ਮੌਜੂਦਾ ਲਿਖਤਾਂ ਆਮ ਤੌਰ 'ਤੇ ਦਲਿਤਾਂ ਦੇ ਅਧਿਆਤਮਕ, ਧਾਰਮਿਕ, ਸਮਾਜਿਕ, ਰਾਜਨੀਤਕ ਅਤੇ ਆਰਥਿਕ ਉਥਾਨ ਲਈ ਡੇਰਿਆਂ ਦੀ ਅਹਿਮ ਭੂਮਿਕਾ ਵਾਲੀ ਇਕਹਿਰੀ ਤਸਵੀਰ ਹੀ ਖਿੱਚਦੀਆਂ ਹਨ। ਸਵਾਲ ਇਹ ਹੈ ਕਿ ਉਨ੍ਹਾਂ ਦਲਿਤਾਂ ਦਾ ਕੀ ਜੋ ਡੇਰਿਆਂ 'ਚ ਨਹੀਂ ਜਾਂਦੇ ਅਤੇ ਨਾ ਹੀ ਡੇਰਿਆਂ ਨਾਲ ਇਨ੍ਹਾਂ ਦੀ ਕੋਈ ਸਾਂਝ ਹੈ? ਕੀ ਕਾਰਨ ਹਨ ਕਿ ਜ਼ਿਆਦਾਤਰ ਅਕਾਦਮਿਕ ਲਿਖਤਾਂ ਤੇ ਖੋਜ ਦੋਆਬੇ ਤੇ ਆਦਿ-ਧਰਮੀਆਂ ਤਕ ਹੀ ਸੀਮਤ ਹੈ?

ਪੰਜਾਬ ਦੇ ਧਾਰਮਿਕ ਲੈਂਡਸਕੇਪ ਦੀ ਗੱਲ ਕਰੀਏ ਤਾਂ ਗੁਰਬਾਣੀ ਦਾ ਫਲਸਫ਼ਾ ਜਾਤ-ਪਾਤ ਨੂੰ ਨਕਾਰਦਾ ਹੈ। ਜਾਤੀ ਹੰਕਾਰ ਤੇ ਭੇਦ-ਭਾਵ ਦੀ ਸਖ਼ਤ ਨਿਖੇਧੀ ਕਰਦਾ ਹੈ, ਪਰ ਜਾਤ ਦੀ ਬਿਮਾਰੀ ਤੇ ਬ੍ਰਾਹਮਣਵਾਦੀ ਸੋਚ ਦੇ ਜਰਾਸੀਮ ਤੋਂ ਸਿੱਖ ਵੀ ਅਛੂਤਾ ਨਹੀਂ ਰਹਿ ਸਕਿਆ। ਇਸ ਗੱਲ ਦੀ ਨਿਸ਼ਾਨਦੇਹੀ ਪੰਜਾਬ ਵਿਚ ਜਾਤਾਂ ਦੇ ਨਾਂ 'ਤੇ ਬਣੇ ਵੱਖਰੇ ਗੁਰਦੁਆਰਿਆਂ ਤੋਂ ਹੁੰਦੀ ਹੈ। ਜਾਤੀ ਭੇਦ-ਭਾਵ ਸਦਕਾ ਹੀ ਪੰਜਾਬ ਦੇ ਬਾਰਾਂ ਹਜ਼ਾਰ ਸੱਤ ਸੌ ਅੱਸੀਆਂ ਵਿਚੋਂ ਦਸ ਹਜ਼ਾਰ ਪਿੰਡਾਂ ਵਿਚ ਦਲਿਤਾਂ ਦੇ ਅੱਡ-ਅੱਡ ਗੁਰਦੁਆਰੇ ਹਨ। ਜਾਤ-ਰਹਿਤ ਸਮਾਜ ਉਸਾਰਨ ਵਾਲੇ ਗੁਰੂਆਂ, ਪੀਰਾਂ, ਦਰਵੇਸ਼ਾਂ ਦੇ ਵਿਰਸੇ ਨੂੰ ਅਸੀਂ ਤਿਲਾਂਜਲੀ ਦੇ ਚੁੱਕੇ ਹਾਂ।

ਦਲਿਤਾਂ ਦੇ ਜਾਤੀ ਸੰਘਰਸ਼ ਤੇ ਪਛਾਣ ਨੂੰ ਨਿਰਾ ਧਰਮ ਦੀਆਂ ਜੜ੍ਹਾਂ ਵਿਚੋਂ ਤਰਾਸ਼ਣ ਵਾਲੇ ਇਕਹਿਰੇ ਸਿਧਾਂਤ ਤੋਂ ਅਗਾਂਹ ਤੁਰਨ ਦੀ ਲੋੜ ਹੈ।ਇਹ ਤਾਂ ਹੀ ਸੰਭਵ ਹੈ ਜੇ ਦਲਿਤਾਂ ਸੰਬੰਧੀ ਖੋਜ ਦੇ ਪਰੰਪਰਾਗਤ ਸਿਧਾਂਤਾਂ, ਸੰਸਥਾਵਾਂ ਤੇ ਸਰੋਤਾਂ ਤੋਂ ਹਟ ਕੇ ਨਵੇਂ ਨਜ਼ਰੀਏ, ਖੋਜ-ਵਿਧੀਆਂ ਤੇ ਅਣਵਰਤੇ ਸਰੋਤਾਂ (ਜਿਵੇਂ ਸਥਾਨਕ ਬਿਰਤਾਂਤ, ਭੂਮੀ ਤੇ ਲਗਾਨ ਨਾਲ ਸਬੰਧਿਤ ਜ਼ਿਲ੍ਹਾ ਪੱਧਰੀ ਦਸਤਾਵੇਜ਼, ਪੁਲੀਸ ਥਾਣਿਆਂ 'ਚ ਪਈਆਂ ਮਿਸਲਾਂ ਤੇ ਰਿਪੋਰਟਾਂ, ਦਲਿਤਾਂ ਦੇ ਜੀਵਨ ਬਿਰਤਾਂਤ, ਕਥਾ ਕਹਾਣੀਆਂ, ਲੋਕ ਗੀਤ, ਗਲਪ-ਕਥਾ ਆਦਿ) ਨੂੰ ਸ਼ਾਮਲ ਕਰਨ ਦੀ ਜ਼ਰੂਰਤ ਹੈ।ਅਣਗੌਲੇ ਤੇ ਹਾਸ਼ੀਆਗਤ ਇਨ੍ਹਾਂ ਦਸਤਾਵੇਜ਼ਾਂ 'ਚ ਦਲਿਤ ਦੇ ਇਤਿਹਾਸ-ਵਰਤਮਾਨ ਦੀਆਂ ਉਹ ਸਾਰੀਆਂ ਸੰਭਾਵਨਾਵਾਂ ਮੌਜੂਦ ਹਨ।

**-ਯੋਗੇਸ਼ ਕੁਮਾਰ**

## ਪਰਵਾਸ ਤੇ ਪਛਾਣ ਦਾ ਸੰਕਟ

ਪਰਵਾਸ ਨਾਲ ਸਬੰਧਿਤ ਹੈਰਾਨੀਜਨਕ ਰਿਪੋਰਟਾਂ ਸਾਹਮਣੇ ਆ ਰਹੀਆਂ ਹਨ। ਪੰਜਾਬੀਆਂ ਨੇ 1 ਜਨਵਰੀ 2014 ਤੋਂ ਅਗਸਤ 2019 ਤੱਕ (ਪੌਣੇ ਛੇ ਵਰ੍ਹੇ) ਕਰੀਬ 914.45 ਕਰੋੜ ਰੁਪਏ ਖਰਚੇ ਹਨ। ਕੇਂਦਰੀ ਵਿਦੇਸ਼ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਦੇਸ਼ ਭਰ 'ਚ ਜਨਵਰੀ 2014 ਤੋਂ ਅਗਸਤ 2019 ਤੱਕ 5.81 ਕਰੋੜ ਪਾਸਪੋਰਟ ਜਾਰੀ ਕੀਤੇ ਗਏ। ਪੰਜਾਬ 'ਚ ਇਨ੍ਹਾਂ ਪੌਣੇ ਛੇ ਵਰ੍ਹਿਆਂ ਦੌਰਾਨ 45.72 ਲੱਖ ਪਾਸਪੋਰਟ ਬਣੇ, ਜਦੋਂਕਿ ਲੰਘੇ ਢਾਈ ਸਾਲਾਂ (ਜਨਵਰੀ 2017 ਤੋਂ ਅਗਸਤ 2019 ਤੱਕ) ਪੰਜਾਬ ਵਿਚ 26.99 ਲੱਖ ਪਾਸਪੋਰਟ ਬਣੇ। ਵੱਡੀ ਗਿਣਤੀ ਸਟੱਡੀ ਵੀਜ਼ੇ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੀ ਹੈ। ਢਾਈ ਵਰ੍ਹਿਆਂ ਦੀ ਔਸਤਨ ਦੇਖੀਏ ਤਾਂ ਪੰਜਾਬ 'ਚ ਰੋਜ਼ਾਨਾ ਕਰੀਬ 2800 ਪਾਸਪੋਰਟ ਬਣ ਰਹੇ ਹਨ। ਇਕ ਹੋਰ ਜਾਣਕਾਰੀ ਅਨੁਸਾਰ ਹਰੇਕ ਸਾਲ 3.36 ਲੱਖ ਨੌਜਵਾਨ ਆਈਲੈਟਸ (ਆਇਲਜ਼) ਦੀ ਪ੍ਰੀਖਿਆ ਦਿੰਦੇ ਹਨ, ਜਿਸ ਦੀ ਫੀਸ ਕਰੀਬ 425 ਕਰੋੜ ਰੁਪਏ ਬਣਦੀ ਹੈ। ਸਾਲ 2017 ਵਿਚ ਡੇਢ ਲੱਖ ਨੌਜਵਾਨ ਵਿਦੇਸ਼ ਪੜ੍ਹਨ ਗਏ, ਜਿਨ੍ਹਾਂ ਦਾ ਇਕ ਸਾਲ ਦਾ ਖਰਚਾ 65 ਹਜ਼ਾਰ ਕਰੋੜ ਬਣਦਾ ਹੈ।

ਉਧਰ ਕੈਨੇਡਾ ਦੀਆਂ ਚੋਣਾਂ ਵਿਚ ਜਸਟਿਨ ਟਰੂਡੋ ਦੀ ਇਕ ਵਾਰ ਫੇਰ ਸਰਕਾਰ ਬਣਨ 'ਤੇ ਪੰਜਾਬੀਆਂ ਦੀ ਖੁਸ਼ੀ ਪਿੱਛੇ ਇਕ ਖੌਫਨਾਕ ਖਦਸ਼ਾ ਇਹ ਵੀ ਹੈ ਕਿ ਪੰਜਾਬੀ ਹੋਰ ਤੇਜ਼ੀ ਨਾਲ ਮੁਲਕ ਛੱਡਣਾ ਚਾਹੁੰਦੇ ਨੇ। ਸਥਿਤੀ ਬਹੁਤ ਗੰਭੀਰ ਹੈ ਪਰ ਅਸੀਂ ਇਸ ਨੂੰ ਸੰਕਟ ਹੀ ਨਹੀਂ ਮੰਨ ਰਹੇ ਸ਼ਾਇਦ। ਇਸ ਲਈ ਪਰਵਾਸ ਦੇ ਸੰਕਲਪ ਅਤੇ ਇਤਿਹਾਸ ਉਪਰ ਇਕ ਝਾਤ ਮਾਰਨੀ ਜ਼ਰੂਰੀ ਜਾਪਦੀ ਹੈ।

ਇਕ ਪਾਸੇ ਸਟੇਟ ਦੀ ਜ਼ਰੂਰਤ ਵਿਚੋਂ ਪਰਵਾਸ ਪੈਦਾ ਹੋਇਆ ਪਰ ਨਾਲ ਹੀ ਸਟੇਟ ਨੂੰ ਆਵਾਸੀਆਂ ਦੀ ਆਪਣੀ ਲੋੜ ਤੋਂ ਵਧੇਰੇ ਗਿਣਤੀ ਹਮੇਸ਼ਾ ਪ੍ਰੇਸ਼ਾਨ ਕਰਦੀ ਹੈ, ਜਿਸ ਵਿਚੋਂ ਉਹ ਕਾਨੂੰਨੀ ਢੰਗ ਰਾਹੀਂ ਆਪਣਾ ਅਸਰ ਵਿਖਾਉਂਦੀ ਹੈ। ਇਸ ਸਬੰਧੀ ਬਹੁਤ ਸਾਰੇ ਕਾਨੂੰਨ ਹਨ ਪਰ ਇਥੇ ਇਤਿਹਾਸਕ ਘਟਨਾ ਦੀ ਹੀ ਮਿਸਾਲ ਪੇਸ਼ ਹੈ। ਵੀਹਵੀਂ ਸਦੀ ਦੇ ਆਰੰਭ ਵਿਚ ਹੀ ਪਰਵਾਸੀਆਂ ਦੀ ਵਧ ਰਹੀ ਗਿਣਤੀ ਤੋਂ ਕੈਨੇਡਾ ਸਰਕਾਰ ਫਿਕਰਮੰਦ ਹੋ ਗਈ ਤੇ 1908 ਈਸਵੀ ਵਿੱਚ ਇਮੀਗਰੇਸ਼ਨ ਸਬੰਧੀ ਕੈਨੇਡਾ ਦੇ ਕਿਰਤ ਉਪ ਮੰਤਰੀ ਮਕੈਂਜ਼ੀ ਕਿੰਗ ਵੱਲੋਂ ਪੇਸ਼ ਰਿਪੋਰਟ ਵਿੱਚ ਦੋ ਕਾਨੂੰਨ ਬਣਾਉਣ ਲਈ ਕਿਹਾ ਗਿਆ। ਇਸ ਕਾਨੂੰਨ ਅਨੁਸਾਰ ਏਸ਼ੀਆ ਦੇ ਕਿਸੇ ਵਿਅਕਤੀ ਦੇ ਕੈਨੇਡਾ ਦਾਖਲ ਹੋਣ ਉਪਰ ਮੁਕੰਮਲ ਪਾਬੰਦੀ ਲਾਈ ਗਈ। ਨਾਲ-ਨਾਲ ਇਹ ਸ਼ਰਤ ਲਾ ਦਿੱਤੀ ਗਈ ਕਿ ਜੇ ਕੋਈ ਏਸ਼ੀਆਈ ਆਪਣੇ ਮੂਲ ਦੇਸ਼ ਤੋਂ ਸਿੱਧੇ ਸਫ਼ਰ ਰਾਹੀਂ ਕੈਨੇਡਾ ਆਵੇ ਤੇ ਉਸ ਕੋਲ ਸਫ਼ਰ ਦੀ ਟਿਕਟ ਵੀ ਮੂਲ ਦੇਸ਼ ਤੋਂ ਖਰੀਦੀ ਹੋਵੇ। ਦੂਜੇ ਕਾਨੂੰਨ ਅਨੁਸਾਰ ਕੈਨੇਡਾ ਆਉਣ ਵਾਲੇ ਵਿਅਕਤੀ ਕੋਲ 200 ਡਾਲਰ ਵੀ ਹੋਣ ਦੀ ਸੂਰਤ ਵਿਚ ਹੀ ਉਸਨੂੰ ਕੈਨੇਡਾ ਦਾਖਲ ਹੋਣ ਦੀ ਆਗਿਆ ਹੋਵੇਗੀ। ਇਨ੍ਹਾਂ ਕਾਨੂੰਨਾਂ ਰਾਹੀਂ ਕੈਨੇਡਾ ਸਰਕਾਰ ਏਸ਼ੀਆਈ ਲੋਕਾਂ ਦੇ ਪਰਵਾਸ ਨੂੰ ਰੋਕਣਾ ਚਾਹੁੰਦੀ ਸੀ। ਇਹ ਕਾਨੂੰਨ ਆਖਰ ਵਿਦਰੋਹ ਦਾ ਕਾਰਨ ਵੀ ਬਣੇ। ਇਹ ਮਨੁੱਖੀ ਸੁਭਾਅ ਦੀ ਵਿਲੱਖਣ ਖਾਸੀਅਤ ਹੈ ਕਿ ਮੂਲ ਰੂਪ ਵਿਚ ਮਨੁੱਖ ਆਜ਼ਾਦ ਸੁਭਾਅ ਦਾ ਮਾਲਕ ਹੈ, ਇਸੇ ਲਈ ਉਹ ਲੋੜ ਅਤੇ ਸਮਰੱਥਾ ਅਨੁਸਾਰ ਹਰ ਕਾਨੂੰਨ ਤੇ ਬੰਧਨ ਨੂੰ ਤੋੜਦਾ ਹੈ। ਇਸੇ ਤਰ੍ਹਾਂ ਕੈਨੇਡਾ ਪਰਵਾਸ ਵਿੱਚ ਅੜਿੱਕਾ ਬਣੇ ਕਾਨੂੰਨਾਂ ਦੇ ਜਵਾਬ ਵਜੋਂ ਕਾਮਾਗਾਟਾਮਾਰੂ ਘਟਨਾ ਦੀ ਘਟਨਾ ਵਾਪਰੀ।

ਆਵਾਸ ਤੇ ਪਰਵਾਸ ਅਰਥ ਸ਼ਾਸਤਰ ਦੀ ਭਾਸ਼ਾ ਵਿਚ ਮਨੁੱਖਾਂ ਦੀ ਦਰਾਮਦ ਤੇ ਬਰਾਮਦ ਹੀ ਹਨ, ਜਿਸ ਦਾ ਸਬੰਧ ਮੁੱਲ ਤੇ ਮੁਨਾਫੇ ਨਾਲ ਜੁੜਿਆ ਹੋਇਆ ਹੈ। ਪੂੰਜੀਵਾਦੀ ਸਟੇਟ ਲਈ ਮਨੁੱਖ ਬਹੁ-ਮੰਤਵੀ ਕਾਰਜ ਕਰਨ ਵਾਲੀ ਵਸਤੂ ਹੈ, ਜਿਸ ਤੋਂ ਆਵਾਸ ਵਿਚ ਵੀ ਤੇ ਪਰਵਾਸ ਵਿਚ ਵੀ ਲੋੜ ਅਨੁਸਾਰ ਕਈ ਕੰਮ ਕਰਵਾ ਲਏ ਜਾਂਦੇ ਹਨ। ਪਰਵਾਸ ਦਾ ਵਰਤਾਰਾ ਐਨਾ ਗੁੰਝਲਦਾਰ ਅਤੇ ਘਾਤਕ ਹੈ ਕਿ ਇਸ ਨੂੰ ਸਟੇਟ ਨੇ ਆਪਣੇ ਮਨੋਰਥ ਲਈ ਵਰਤਣਾ ਸ਼ੁਰੂ ਕਰ ਦਿੱਤਾ ਹੈ। ਪੂੰਜੀਵਾਦ ਵਿਰੁੱਧ ਵਿਦਰੋਹ ਕਰਨ ਲਈ ਲੋਕਾਂ ਦਾ ਇਕੱਠੇ ਹੋਣਾ ਜਿੰਨਾ ਵੱਧ ਜ਼ਰੂਰੀ ਹੈ, ਪੂੰਜੀਵਾਦੀ ਸਟੇਟ ਲੋਕਾਂ ਨੂੰ ਉਨਾ ਵੱਧ ਵੰਡ ਰਹੀ ਹੈ, ਖਿੰਡਾਅ ਰਹੀ ਹੈ। ਇਸ ਕਾਰਨ ਮਨੁੱਖ ਸਾਹਮਣੇ ਆਪਣੀ ਹੋਂਦ ਤੇ ਪਛਾਣ ਦਾ ਸੰਕਟ ਪੈਦਾ ਹੋ ਗਿਆ ਹੈ। ਉਹ ਕਿਸੇ ਇਨਕਲਾਬ ਤੋਂ ਪਹਿਲਾਂ ਆਪਣੀ ਹੋਂਦ ਤੇ ਪਛਾਣ ਲਈ ਜੰਗ ਲੜ ਰਿਹਾ ਹੈ ਤੇ ਇਸ ਜੰਗ ਵਿਚ ਜਿੱਤ ਦੇ ਯਕੀਨ ਨਾਲੋਂ ਹਾਰ ਦਾ ਵਧੇਰੇ ਡਰ ਹੈ।

**-ਪਰਮਜੀਤ ਸਿੰਘ ਕੱਟੂ**

## ਪੰਜਾਬ ਦੀਆਂ ਦਮ ਤੋੜ ਰਹੀਆਂ ਸਨਅਤਾਂ

ਸਰਕਾਰਾਂ ਦੀ ਬੇਧਿਆਨੀ ਤੇ ਸਹੂਲਤਾਂ ਦੀ ਘਾਟ ਕਾਰਨ ਤੇ ਹੋਰਨਾਂ ਸੂਬਿਆਂ ਵੱਲੋਂ ਸਨਅਤਾਂ ਲਈ ਵਧੇਰੇ ਸਹੂਲਤ ਨੀਤੀ ਲਾਗੂ ਕਰਨ ਨਾਲ ਪੰਜਾਬ ਦੀਆਂ ਵੱਡੀਆਂ ਸਨਅਤਾਂ ਗੁਆਂਢੀ ਸੂਬਿਆਂ ਵਿਚ ਜਾ ਚੁੱਕੀਆਂ ਹਨ।

ਪੰਜਾਬ ਦਾ ਸਨਅਤ ਖੇਤਰ ਵੱਡੇ ਨਿਘਾਰ ਵੱਲ ਜਾਣ ਕਰਕੇ




ਜਿੱਥੇ ਸੂਬੇ ਦੀ ਆਰਥਿਕਤਾ ਪ੍ਰਭਾਵਿਤ ਹੋ ਰਹੀ ਹੈ, ਉੱਥੇ ਵੱਖ-ਵੱਖ ਕਿਸਮ ਦੀਆਂ ਹਜ਼ਾਰਾਂ ਸਨਅਤਾਂ ਬੰਦ ਹੋਣ ਨਾਲ ਲੱਖਾਂ ਮਜ਼ਦੂਰਾਂ ਨੂੰ ਮਿਲਦੇ ਰੁਜ਼ਗਾਰ ਤੋਂ ਵੀ ਹੱਥ ਧੋਣੇ ਪੈ ਰਹੇ ਹਨ ਤੇ ਬੇਰੁਜ਼ਗਾਰੀ 'ਚ ਵਾਧਾ ਹੋ ਰਿਹਾ ਹੈ। ਸਰਕਾਰਾਂ ਦੀ ਬੇਧਿਆਨੀ ਤੇ ਸਹੂਲਤਾਂ ਦੀ ਘਾਟ ਕਾਰਨ ਤੇ ਹੋਰਨਾਂ ਸੂਬਿਆਂ ਵੱਲੋਂ ਸਨਅਤਾਂ ਲਈ ਵਧੇਰੇ ਸਹੂਲਤ ਨੀਤੀ ਲਾਗੂ ਕਰਨ ਨਾਲ ਪੰਜਾਬ ਦੀਆਂ ਵੱਡੀਆਂ ਸਨਅਤਾਂ ਗੁਆਂਢੀ ਸੂਬਿਆਂ ਵਿਚ ਜਾ ਚੁੱਕੀਆਂ ਹਨ। ਪੰਜਾਬ ਹੁਣ ਨਿਵੇਸ਼ਕਾਂ ਲਈ ਦਿਲ ਖਿੱਚਵੀਂ ਥਾਂ ਨਹੀਂ ਰਹੀ ਕਿਉਂਕਿ ਮਹਿੰਗੀ ਬਿਜਲੀ ਤੇ ਸਰਕਾਰੀ ਸਹੂਲਤਾਂ ਦੀ ਘਾਟ ਨੇ ਸਨਅਤਕਾਰਾਂ ਦਾ ਲੱਕ ਤੋੜ ਦਿੱਤਾ ਹੈ। ਪਿਛਲੇ ਸਮੇਂ 'ਚ ਸਰਕਾਰ ਦੀਆਂ ਗ਼ਲਤ ਨੀਤੀਆਂ ਤੇ ਅਫ਼ਸਰਸ਼ਾਹੀ ਦੇ ਭ੍ਰਿਸ਼ਟ ਤਾਣੇ-ਬਾਣੇ ਵਿਚ ਉਲਝਣ ਕਰਕੇ ਪੰਜਾਬ 'ਚੋਂ ਸਹਿਕਾਰੀ ਖੰਡ ਮਿੱਲਾਂ ਦਾ ਭੋਗ ਪੈ ਚੁੱਕਾ ਹੈ ਤੇ ਗੰਨਾ ਉਤਪਾਦਕ ਕਿਸਾਨਾਂ ਦੇ ਕਰੋੜਾਂ ਰੁਪਏ ਸਰਕਾਰ ਕੋਲ ਫਸ ਕੇ ਰਹਿ ਗਏ ਹਨ। ਕਿਸਾਨਾਂ ਨੂੰ ਅਦਾਇਗੀ ਨਾ ਹੋਈ ਤਾਂ ਆਪਣੇ ਪਰਿਵਾਰਾਂ ਦੇ ਪਾਲਣ -ਪੋਸ਼ਣ ਲਈ ਬੈਂਕਾਂ ਤੇ ਸ਼ਾਹੂਕਾਰਾਂ ਤੋਂ ਕਰਜ਼ੇ ਚੁੱਕ ਲਏ। ਕਰਜ਼ੇ ਦੀਆਂ ਪੰਡਾਂ ਦਿਨੋ-ਦਿਨ ਭਾਰੀਆਂ ਹੋ ਗਈਆਂ ਤਾਂ ਕਿਸਾਨ ਖ਼ੁਦਕੁਸ਼ੀਆਂ ਦੇ ਰਾਹ ਪੈ ਗਏ। ਕਪਾਹ ਮਿੱਲਾਂ ਵੀ ਬੰਦ ਹੋ ਚੁੱਕੀਆਂ ਹਨ। ਢਲਾਈ ਸਨਅਤ ਵੀ ਦਮ ਤੋੜ ਰਹੀ ਹੈ। ਛੋਟੀ ਦਸਤਕਾਰੀ ਮਹਿੰਗੀ ਬਿਜਲੀ ਤੇ ਸਹੂਲਤਾਂ ਨਾ ਹੋਣ ਕਰਕੇ ਮਸਾਂ ਹੀ ਡੰਗ-ਟਪਾਈ ਕਰ ਰਹੀ ਹੈ। ਛੋਟੀਆਂ-ਵੱਡੀਆਂ ਹਜ਼ਾਰਾਂ ਸਨਅਤ ਬੰਦ ਹੋਣ ਕਰਕੇ ਲੱਖਾਂ ਲੋਕ ਪ੍ਰਭਾਵਿਤ ਹੋਏ ਹਨ ਤੇ ਸੂਬੇ ਦੀ ਆਰਥਿਕਤਾ ਦੇ ਪੈਰ ਪੂਰੀ ਤਰ੍ਹਾਂ ਉੱਖੜ ਚੁੱਕੇ ਹਨ। ਵਿੱਤ ਮੰਤਰੀ ਵੱਲੋਂ ਖ਼ਜ਼ਾਨਾ ਖਾਲੀ ਹੋਣ ਦਾ ਢੰਡੋਰਾ ਪਿੱਟਿਆ ਜਾ ਰਿਹਾ ਹੈ। ਸਰਕਾਰੀ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਵੀ ਲਟਕ ਜਾਂਦੀਆਂ ਹਨ। ਸੂਬੇ ਦੇ ਸਰਕਾਰੀ ਦਫ਼ਤਰਾਂ 'ਚ ਭ੍ਰਿਸ਼ਟਾਚਾਰ ਸਭ ਹੱਦਾਂ-ਬੰਨੇ ਟੱਪ ਚੁੱਕਾ ਹੈ। ਸਰਕਾਰ ਭਾਵੇਂ ਦੇਸ਼ੀ-ਵਿਦੇਸ਼ੀ ਨਿਵੇਸ਼ਕਾਂ ਨੂੰ ਪੰਜਾਬ 'ਚ ਪੂੰਜੀ ਨਿਵੇਸ਼ ਕਰਨ ਲਈ ਕਈ ਤਰ੍ਹਾਂ ਦੇ ਸਬਜ਼ਬਾਗ਼ ਵਿਖਾਉਂਦੀ ਆ ਰਹੀ ਹੈ ਪਰ ਕੋਈ ਵੀ ਅਦਾਰਾ ਸਰਕਾਰ ਦੀ ਕਾਰਜਪ੍ਰਣਾਲੀ ਉੱਪਰ ਯਕੀਨ ਕਰਨ ਲਈ ਤਿਆਰ ਨਹੀਂ ਹੋ ਰਿਹਾ। ਸੱਚ ਤਾਂ ਇਹ ਵੀ ਹੈ ਕਿ ਜੇ ਕਿਸੇ ਨਿਵੇਸ਼ਕ ਨੇ ਅਜਿਹੀ ਪਹਿਲਕਦਮੀ ਕੀਤੀ ਵੀ ਤਾਂ ਉਹ ਥੋੜ੍ਹੇ ਸਮੇਂ ਬਾਅਦ ਹੀ ਆਪਣਾ ਬੋਰੀ ਬਿਸਤਰਾ ਬੰਨ੍ਹ ਕੇ ਇੱਥੋਂ ਤੁਰਦਾ ਬਣਿਆ। ਅਜਿਹੇ ਹਾਲਾਤ ਦੀ ਕਦੇ ਵੀ ਸਰਕਾਰ ਨੇ ਸਮੀਖਿਆ ਕਰਨ ਦੀ ਕੋਸ਼ਿਸ਼ ਨਹੀਂ ਕੀਤੀ, ਜਿਸ ਕਰਕੇ ਅੱਜ ਪੰਜਾਬ ਸਨਅਤ ਪੱਖੋਂ ਕੰਗਾਲ ਹੋ ਚੁੱਕਾ ਹੈ। ਪੰਜਾਬ 'ਚ ਬਿਜਲੀ ਦਾ ਰੇਟ 9 ਰੁਪਏ ਪ੍ਰਤੀ ਯੂਨਿਟ ਹੈ ਤੇ ਕਰਜ਼ੇ 'ਤੇ ਪਹਿਲੇ ਦਿਨ ਤੋਂ ਵਿਆਜ ਪੈਣਾ ਸ਼ੁਰੂ ਹੋ ਜਾਂਦਾ ਹੈ। ਪੰਜਾਬ ਦੀ ਪੋਲਟਰੀ ਫਾਰਮ ਖਤਮ ਹੋ ਰਹੀ ਹੈ। ਸ਼ੈਲਰ ਸਨਅਤ ਵੀ ਸਰਕਾਰ ਦੀ ਅਣਦੇਖੀ ਤੇ ਸਹੂਲਤਾਂ ਦੀ ਘਾਟ ਕਰਕੇ ਆਪਣੀ ਹੋਂਦ ਬਚਾਉਣ ਲਈ ਕਈ ਕਿਸਮ ਦੀਆਂ ਮੁਸ਼ਕਲਾਂ ਨਾਲ ਜੂਝ ਰਹੀ ਹੈ।

**-ਗੁਰਜੀਵਨ ਸਿੰਘ ਸਿੱਧੂ**

## ਫ਼ਰਜ਼ਾਂ ਤੋਂ ਭੱਜਦੀਆਂ ਸਰਕਾਰਾਂ

ਅੱਜ ਬੁਨਿਆਦੀ ਸਵਾਲ ਇਹ ਹੈ ਕਿ ਕੀ ਸਾਡੇ ਦੇਸ਼ ਵਿਚ ਜਮਹੂਰੀ ਤਰੀਕੇ ਨਾਲ ਚੁਣੀਆਂ ਸਰਕਾਰਾਂ ਲੋਕਾਂ ਦੀਆਂ ਉਮੀਦਾਂ 'ਤੇ ਖ਼ਰੀਆਂ ਉਤਰ ਰਹੀਆਂ ਹਨ? ਜਵਾਬ ਨਾਂਹ ਵਿਚ ਹੀ ਹੈ। ਸਭ ਜਾਣਦੇ ਹਨ ਕਿ ਵੋਟਾਂ ਤੋਂ ਪਹਿਲਾਂ ਹਰ ਰਾਜਨੀਤਕ ਪਾਰਟੀ ਵੱਲੋਂ ਕਈ ਤਰ੍ਹਾਂ ਦੇ ਲੋਕ ਲੁਭਾਊ ਵਾਅਦੇ ਕੀਤੇ ਜਾਂਦੇ ਹਨ। ਇਨ੍ਹਾਂ ਝੂਠੇ ਵਾਅਦਿਆਂ 'ਚ ਫਸ ਕੇ ਲੋਕ ਵੋਟਾਂ ਪਾ ਕੇ ਆਪਣੇ ਨੁਮਾਇੰਦੇ ਚੁਣ ਲੈਂਦੇ ਹਨ। ਜਦ ਸਿਆਸਤਦਾਨਾਂ ਦਾ ਉੱਲੂ ਸਿੱਧਾ ਹੋ ਜਾਂਦਾ ਹੈ ਤਾਂ ਸਰਕਾਰਾਂ ਚਲਾ ਰਹੇ ਹੁਕਮਰਾਨ ਝੱਟ ਹੀ ਕੀਤੇ ਵਾਅਦਿਆਂ ਤੋਂ ਪਾਸਾ ਵੱਟ ਜਾਂਦੇ ਹਨ। ਲੋਕ ਸੋਚਦੇ ਹਨ ਕਿ ਉਨ੍ਹਾਂ ਦੀ ਮਰਜ਼ੀ ਨਾਲ ਬਣੀ ਸਰਕਾਰ ਉਨ੍ਹਾਂ ਦੀ ਜ਼ਿੰਦਗੀ ਸੌਖੀ ਤੇ ਖ਼ੁਸ਼ਹਾਲ ਕਰ ਦੇਵੇਗੀ ਪਰ ਸਰਕਾਰਾਂ ਆਪਣੇ ਬੁਨਿਆਦੀ ਫਰਜ਼ਾਂ ਤੋਂ ਵੀ ਪੱਲਾ ਝਾੜ ਲੈਂਦੀਆਂ ਹਨ। ਸਰਕਾਰ ਦਾ ਫ਼ਰਜ਼ ਹੈ ਕਿ ਆਪਣੇ ਨਾਗਰਿਕਾਂ ਦੀ ਜਾਨ-ਮਾਲ ਦੀ ਰੱਖਿਆ ਕਰੇ। ਪਿੱਛੇ ਜਿਹੇ ਪੀਐੱਮਸੀ ਬੈਂਕ ਘੁਟਾਲੇ ਤੋਂ ਬਾਅਦ ਬੈਂਕ ਵਿਚ ਆਪਣੀ ਖ਼ੂਨ-ਪਸੀਨੇ ਦੀ ਕਮਾਈ ਗੁਆ ਬੈਠੇ ਖਾਤਾ ਧਾਰਕਾਂ ਦਾ ਕੀ ਕਸੂਰ ਸੀ? ਉਨ੍ਹਾਂ 'ਤੇ ਆਰਬੀਆਈ ਨੇ ਪੈਸੇ ਕੱਢਣ ਦੀ ਹੱਦ ਮਿੱਥ ਦਿੱਤੀ ਜਿਸ ਕਾਰਨ ਉਹ ਹਾਲੇ ਵੀ ਦਰ-ਦਰ ਦੀਆਂ ਠੋਕਰਾਂ ਖਾ ਰਹੇ ਹਨ। ਉਦੋਂ ਤਾਂ ਮਹਾਰਾਸ਼ਟਰ ਵਿਚ ਵਿਧਾਨ ਸਭਾ ਚੋਣਾਂ ਸਨ ਅਤੇ ਹੁਕਮਰਾਨ ਚੋਣ ਜ਼ਾਬਤੇ ਲੱਗਣ ਦਾ ਬਹਾਨਾ ਬਣਾ ਕੇ ਖਾਤਾਧਾਰਕਾਂ ਤੋਂ ਖਹਿੜਾ ਛੁਡਵਾ ਲੈਂਦੇ ਸਨ। ਹੁਣ ਉੱਥੇ ਚੋਣਾਂ ਦੇ ਨਤੀਜੇ ਆਇਆਂ ਨੂੰ ਵੀ ਕਾਫ਼ੀ ਦਿਨ ਹੋ ਗਏ ਹਨ। ਸਿਤਮ ਇਹ ਹੈ ਕਿ ਮਹਾਰਾਸ਼ਟਰ ਵਿਚ ਸਿਆਸੀ ਅਸਥਿਰਤਾ ਕਾਰਨ ਰਾਸ਼ਟਰਪਤੀ ਰਾਜ ਲੱਗ ਗਿਆ ਹੈ। ਇਸ ਕਾਰਨ ਖਾਤਾਧਾਰਕ ਜਾਣ ਤਾਂ ਕਿੱਥੇ ਜਾਣ? ਓਧਰ ਸਰਕਾਰ ਵੱਲੋਂ ਪਲਾਸਟਿਕ ਅਤੇ ਪੋਲੀਥੀਨ ਦੀ ਵਰਤੋਂ ਦੇ ਮਾੜੇ ਅਸਰਾਂ ਬਾਰੇ ਸਿਰਫ਼ ਚਿੰਤਾ ਦੇ ਪਹਾੜ ਖੜ੍ਹੇ ਕੀਤੇ ਜਾ ਰਹੇ ਹਨ ਜਦਕਿ ਜ਼ਮੀਨੀ ਹਕੀਕਤ 'ਤੇ ਉਸ ਦੇ ਯਤਨ ਨਾਕਾਫ਼ੀ ਹਨ। ਮਲਟੀਨੈਸ਼ਨਲ ਕੰਪਨੀਆਂ ਦੇ ਦੁੱਧ, ਚਿਪਸ, ਕੁਰਕਰੇ ਤੇ ਨਮਕੀਨ ਦੇ ਪੈਕਟਾਂ ਨੂੰ ਛੱਡ ਕੇ ਰੇਹੜੀਆਂ ਤੇ ਫੜ੍ਹੀਆਂ ਲਗਾ ਕੇ ਸਾਮਾਨ ਵੇਚਦੇ ਗ਼ਰੀਬਾਂ ਦੇ ਗਲ ਅੰਗੂਠਾ ਦਿੱਤਾ ਜਾ ਰਿਹਾ ਹੈ। ਓਧਰ ਪੰਜਾਬ ਵਿਚ ਬ੍ਰੇਨ ਡਰੇਨ ਦੀ ਸਮੱਸਿਆ ਖ਼ਤਰਨਾਕ ਪੱਧਰ 'ਤੇ ਜਾ ਪੁੱਜੀ ਹੈ। ਇਕ ਰਿਪੋਰਟ ਅਨੁਸਾਰ ਹਜ਼ਾਰਾਂ ਨੌਜਵਾਨ ਹਰ ਸਾਲ ਪੰਜਾਬ 'ਚੋਂ ਪਲਾਇਨ ਕਰ ਕੇ ਕੈਨੇਡਾ ਦੀ ਧਰਤੀ 'ਤੇ ਆਪਣੇ ਸੁਨਹਿਰੇ ਸੁਪਨੇ ਪੂਰੇ ਕਰਨ ਲਈ ਜਾ ਰਹੇ ਹਨ। ਉਹ ਪੰਜਾਬ ਦਾ ਕਰੋੜਾਂ ਰੁਪਈਆ ਲਗਾ ਕੇ ਵਿਦੇਸ਼ ਜਾਂਦੇ ਹਨ। ਇਸ ਵਿਚ ਸਾਰਾ ਕਸੂਰ ਬੱਚਿਆਂ ਦਾ ਨਹੀਂ ਸਗੋਂ ਸਰਕਾਰ ਦਾ ਵੀ ਹੈ ਜੋ ਵਸਨੀਕਾਂ ਤੋਂ ਹਰ ਤਰ੍ਹਾਂ ਦਾ ਟੈਕਸ ਲੈ ਕੇ ਵੀ ਉਨ੍ਹਾਂ ਨੂੰ ਉੱਜਵਲ ਭਵਿੱਖ ਦਾ ਭਰੋਸਾ ਨਹੀਂ ਦੇ ਪਾਉਂਦੀ। ਸੜਕਾਂ 'ਤੇ ਟੋਲ ਪਲਾਜ਼ੇ ਲਾ ਕੇ ਜਨਤਾ ਤੋਂ ਪੈਸੇ ਵਸੂਲੇ ਜਾ ਰਹੇ ਹਨ। ਟ੍ਰੈਫਿਕ ਨਿਯਮਾਂ ਦੀ ਪਾਲਣਾ ਯਕੀਨੀ ਕਰਵਾਉਣ ਦੇ ਨਾਂ 'ਤੇ ਚਾਲਾਨ ਕੱਟੇ ਜਾ ਰਹੇ ਹਨ ਜੋ ਕਿ ਜਨਤਾ 'ਤੇ ਵਾਧੂ ਵਿੱਤੀ ਬੋਝ ਹੈ।

**-ਲੈਫਟੀਨੈਂਟ ਕੁਲਦੀਪ ਸ਼ਰਮਾ**

## ਪੰਜਾਬ ਵਿਚ ਵਧਦੇ ਅਪਰਾਧ

ਸੰਗਰੂਰ ਨੇੜਲੇ ਪਿੰਡ ਚੰਗਾਲੀਵਾਲਾ ਦੇ ਨੌਜਵਾਨ ਨੂੰ ਕੁਝ ਲੋਕਾਂ ਰੰਜਿਸ਼ਨ ਬੰਨ੍ਹ ਕੇ ਤਿੰਨ ਘੰਟੇ ਕੁੱਟਿਆ ਅਤੇ ਪਲਾਸ ਨਾਲ ਉਸ ਦੇ ਪੱਟਾਂ ਦਾ ਮਾਸ ਵੀ ਖਿੱਚਿਆ। ਪੀਜੀਆਈ ਦੇ ਡਾਕਟਰਾਂ ਨੇ ਆਪ੍ਰੇਸ਼ਨ ਕਰ ਕੇ ਉਸ ਦੀਆਂ ਦੋਵੇਂ ਲੱਤਾਂ ਕੱਟ ਦਿੱਤੀਆਂ। ਮਾਰਕੁੱਟ ਕਰਨ ਵਾਲੇ ਹਾਲੇ ਵੀ ਪੁਲਿਸ ਦੀ ਪਹੁੰਚ ਤੋਂ ਦੂਰ ਹਨ। ਇਸ ਤੋਂ ਇਲਾਵਾ ਬੀਤੇ ਦਿਨੀਂ ਅੰਮ੍ਰਿਤਸਰ 'ਚ ਪੌਣੇ ਤਿੰਨ ਕਿੱਲੋ ਸੋਨੇ ਦੀ ਲੁੱਟ ਹੋਈ ਸੀ ਅਤੇ ਖੰਨਾ 'ਚ ਕਿਰਚ ਮਾਰ ਕੇ ਨੌਜਵਾਨ ਦੀ ਹੱਤਿਆ ਕਰ ਦਿੱਤੀ ਗਈ ਸੀ। ਸੂਬੇ 'ਚ ਵੱਧਦਾ ਅਪਰਾਧ ਦਾ ਗ੍ਰਾਫ ਪੁਲਿਸ ਲਈ ਵੱਡੀ ਚੁਣੌਤੀ ਹੈ। ਇਹ ਤਾਂ ਸਹੀ ਹੈ ਕਿ ਪੁਲਿਸ ਹਰ ਥਾਂ ਨਹੀਂ ਹੋ ਸਕਦੀ ਪਰ ਪੁਲਿਸ ਅਤੇ ਕਾਨੂੰਨ ਦਾ ਡਰ ਹੀ ਅਜਿਹੀਆਂ ਵਾਰਦਾਤਾਂ ਰੋਕ ਸਕਦਾ ਹੈ। ਚਿੰਤਾ ਵਾਲੀ ਗੱਲ ਹੈ ਕਿ ਇਕ ਪਾਸੇ ਅਪਰਾਧ ਵੱਧ ਰਹੇ ਹਨ, ਦੂਜੇ ਪਾਸੇ ਅਪਰਾਧ ਰੋਕਣ ਵਾਲੀ ਪੰਜਾਬ ਪੁਲਿਸ ਦੇ ਮੁਲਾਜ਼ਮ ਹੀ ਸਵਾਲਾਂ ਦੇ ਘੇਰੇ 'ਚ ਹਨ। ਹਾਲਤ ਇਹ ਹੋ ਗਈ ਹੈ ਕਿ ਹੁਣ ਪੁਲਿਸ ਮੁਲਾਜ਼ਮਾਂ ਨੂੰ ਹੀ ਸ਼ੱਕ ਦੀ ਨਜ਼ਰ ਨਾਲ ਵੇਖਿਆ ਜਾ ਰਿਹਾ ਹੈ। ਨਸ਼ੇ ਦੀ ਸਮੱਸਿਆ ਲਈ ਤਾਂ ਪੰਜਾਬ ਵਿਚ ਪੁਲਿਸ ਵਾਲੇ ਹੀ ਮੁੱਖ ਤੌਰ 'ਤੇ ਜ਼ਿੰਮੇਵਾਰ ਮੰਨੇ ਜਾਣ ਲੱਗੇ ਹਨ। ਨਸ਼ਾ ਤਸਕਰੀ ਹੋਵੇ ਜਾਂ ਕਤਲ ਅਤੇ ਲੁੱਟਾਂ-ਖੋਹਾਂ ਵਰਗੀਆਂ ਵਾਰਦਾਤਾਂ ਦੇ ਵੱਧਦੇ ਅੰਕੜੇ ਹੋਣ, ਜ਼ਿੰਮੇਵਾਰ ਪੁਲਿਸ ਨੂੰ ਹੀ ਮੰਨਿਆ ਜਾਂਦਾ ਹੈ। ਇਹ ਸਵਾਲ ਇਸ ਕਰ ਕੇ ਵੀ ਉੱਠ ਰਹੇ ਹਨ ਕਿਉਂਕਿ ਪੰਜਾਬ ਵਿਚ ਪੁਲਿਸ ਛੋਟੇ ਨਸ਼ਾ ਸਮੱਗਲਰਾਂ ਨੂੰ ਤਾਂ ਰੋਜ਼ਾਨਾ ਫੜਦੀ ਹੈ ਪਰ ਉਨ੍ਹਾਂ ਵੱਡੇ ਲੋਕਾਂ ਨੂੰ ਨੱਥ ਨਹੀਂ ਪਾਉਂਦੀ ਜਿਨ੍ਹਾਂ ਨੇ ਇਸ ਵਪਾਰ ਨੂੰ ਪੰਜਾਬ ਵਿਚ ਪ੍ਰਚਲਿਤ ਕਰਵਾਇਆ। ਪਿਛਲੇ ਕੁਝ ਮਹੀਨਿਆਂ ਦੌਰਾਨ ਤਾਂ ਕਈ ਪੁਲਿਸ ਮੁਲਾਜ਼ਮਾਂ ਦਾ ਨਾਂ ਨਸ਼ੇ ਨਾਲ ਜੁੜੇ ਮਾਮਲਿਆਂ 'ਚ ਵੀ ਆਇਆ ਹੈ। ਤਰਨਤਾਰਨ ਦੇ ਪੱਟੀ ਨਾਰਕੋਟਿਕਸ ਸੈੱਲ ਦੀ ਟੀਮ ਨੇ ਤਾਂ ਪਟਿਆਲਾ ਥਾਣੇ 'ਚ ਤਾਇਨਾਤ ਏਐੱਸਆਈ ਰੇਣੂ ਬਾਲਾ ਨੂੰ 50 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਸੀ। ਰੇਣੂ ਬਾਲਾ ਦਾ ਪਤੀ ਵੀ ਪੁਲਿਸ ਮੁਲਾਜ਼ਮ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੁਲਿਸ ਦੀਆਂ ਵੀ ਕੁਝ ਮਜਬੂਰੀਆਂ ਹਨ। ਅੰਦਰੂਨੀ ਸੁਰੱਖਿਆ ਦੀ ਪਹਿਲੀ ਕੜੀ ਪੁਲਿਸ ਨਫ਼ਰੀ ਦੀ ਘਾਟ ਦਾ ਸਾਹਮਣਾ ਕਰ ਰਹੀ ਹੈ। ਇਸੇ ਸਾਲ ਜੁਲਾਈ 'ਚ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਅੰਕੜੇ ਦੱਸਦੇ ਹਨ ਕਿ ਵੱਖ-ਵੱਖ ਸੂਬਿਆਂ ਵਿਚ ਪੁਲਿਸ ਮੁਲਾਜ਼ਮਾਂ ਦੀਆਂ 5 ਲੱਖ 28 ਹਜ਼ਾਰ ਅਸਾਮੀਆਂ ਖ਼ਾਲੀ ਹਨ ਜਿਨ੍ਹਾਂ ਵਿਚ ਪੰਜਾਬ ਵੀ ਸ਼ਾਮਲ ਹੈ। ਹਾਲਾਂਕਿ ਪੰਜਾਬ ਉਨ੍ਹਾਂ ਚਾਰ ਰਾਜਾਂ 'ਚ ਸ਼ਾਮਲ ਹੈ ਜਿਹੜਾ ਆਪਣੇ ਕੁੱਲ ਬਜਟ 'ਦਾ 5 ਫ਼ੀਸਦੀ ਤੋਂ ਵੱਧ ਹਿੱਸਾ (ਦੇਸ਼ 'ਚੋਂ ਸਭ ਤੋਂ ਵੱਧ) ਪੁਲਿਸ 'ਤੇ ਖ਼ਰਚਦੇ ਹਨ। ਪੰਜਾਬ ਪੁਲਿਸ ਨੂੰ ਅਪਰਾਧ 'ਤੇ ਰੋਕ ਲਗਾਉਣ ਦੇ ਨਾਲ-ਨਾਲ ਆਪਣੇ ਅਕਸ ਨੂੰ ਸੁਧਾਰਨ ਲਈ ਵੀ ਕੰਮ ਕਰਨ ਦੀ ਲੋੜ ਹੈ। ਹਾਲਾਂਕਿ ਪੰਜਾਬ ਪੁਲਿਸ ਨੇ ਦਹਿਸ਼ਤਵਾਦ ਦੇ ਖ਼ੂਨੀ ਦੌਰ ਦਾ ਸਫਲਤਾਪੂਰਵਕ ਸਾਹਮਣਾ ਕੀਤਾ ਸੀ। ਕਈ ਪੁਲਿਸ ਮੁਲਾਜ਼ਮ ਸ਼ਹੀਦ ਹੋਏ ਸਨ। ਦੂਜੇ ਪਾਸੇ ਦੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਵਿਦੇਸ਼ ਵਿਚ ਜਿੱਥੇ ਪੁਲਿਸ ਨੂੰ ਦੇਖ ਕੇ ਲੋਕ ਸੁਰੱਖਿਅਤ ਮਹਿਸੂਸ ਕਰਦੇ ਹਨ ਤਾਂ ਸਾਡੇ ਦੇਸ਼ ਵਿਚ ਪੁਲਿਸ ਨੂੰ ਦੇਖਦਿਆਂ ਹੀ ਕੰਨੀ ਕਤਰਾਉਣ ਲੱਗ ਜਾਂਦੇ ਹਨ। ਭ੍ਰਿਸ਼ਟਾਚਾਰ ਵੀ ਇਸ ਮਹਿਕਮੇ ਨੂੰ ਕਲੰਕਿਤ ਕਰਨ ਵਿਚ ਮੋਹਰੀ ਭੂਮਿਕਾ ਨਿਭਾਅ ਰਿਹਾ ਹੈ। ਭਾਵੇਂ ਕੋਈ ਵੀ ਮਹਿਕਮਾ ਵੱਢੀਖੋਰੀ ਤੋਂ ਬਚਿਆ ਨਹੀਂ ਹੈ ਪਰ ਜਿੱਥੇ ਲੋਕਾਂ ਦੀ ਸੁਰੱਖਿਆ ਦਾ ਸਵਾਲ ਹੈ, ਉੱਥੇ ਖ਼ਾਸ ਤਵੱਜੋ ਦੇਣ ਦੀ ਲੋੜ ਹੈ। ਮੌਜੂਦਾ ਸਮੇਂ ਵੱਧ ਰਿਹਾ ਅਪਰਾਧ ਦਾ ਗ੍ਰਾਫ ਕਾਨੂੰਨ ਦੇ ਸ਼ਾਸਨ ਦਾ ਮਜ਼ਾਕ ਉਡਾਉਣ ਤੇ ਨਾਲ ਹੀ ਪੁਲਿਸ ਦੇ ਇਕਬਾਲ ਨੂੰ ਘੱਟ ਕਰਨ ਵਾਲਾ ਹੈ। ਸੰਵੇਦਨਸ਼ੀਲ ਦੌਰ 'ਚੋਂ ਨਿਕਲ ਰਹੇ ਪੰਜਾਬ 'ਚ ਪੁਲਿਸ ਨੂੰ ਚੁਸਤ-ਦਰੁਸਤ ਰਹਿਣ ਦੀ ਵਧੇਰੇ ਲੋੜ ਹੈ।

**-ਰਜਨੀਸ਼ ਕੌਰ**




# 22




## GET FLAT 22 CENTS DISCOUNT AT

TA TravelCenters of America

PETRO Stopping Centers

## We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com

## ਕੀ ਦੱਖਣ ਏਸ਼ੀਆ 'ਚ ਹਿੰਦੂ ਸਾਮਰਾਜ ਦੀ ਸਥਾਪਤੀ ਸਿੱਖਾਂ ਅਤੇ ਦਲਿਤਾਂ ਨੂੰ ਸੱਚਮੁੱਚ ਖਾ ਜਾਵੇਗੀ ?

ਹਿੰਦੂਸਤਾਨ ਭਾਵ ਹਿੰਦੂ ਸਟੇਟ ਦਾ ਨਾਅਰਾ ਦਿਤਾ ਗਿਆ ਤਾਂ ਸਿੱਖ ਮਜ਼ਬੂਤ ਖ਼ਾਲਿਸਤਾਨ ਲਈ ਲੜਾਈ ਨੂੰ ਤਿੱਖਿਆਂ ਕਰ ਸਕਦੇ ਹਨ ਸੋ ਇਸ ਵੱਡੇ ਖ਼ਦਸ਼ੇ ਦੇ ਮੱਦੇਨਜ਼ਰ ਸਮਾਂਬੱਧ ਯੋਜਨਾਬੰਦੀ ਕੀਤੀ ਗਈ। ਜਿਸ ਦੇ ਤਹਿਤ ਬਰਾਹਮਣਵਾਦੀ ਸੋਚ ਵਾਲੇ ਉਹਨਾਂ ਲੀਡਰਾਂ ਹੱਥ ਰਾਜ ਦੀ ਵਾਗਡੋਰ ਦੇਣ ਦਾ ਫ਼ੈਸਲਾ ਕੀਤਾ ਗਿਆ ਜਿਹੜੇ ਸੰਘ ਨੂੰ ਅੰਦਰੂਨੀ ਤੌਰ 'ਤੇ ਸਰਕਾਰੀ ਮਦਦ ਰਾਹੀਂ ਮਜ਼ਬੂਤ ਕਰਨ ਅਤੇ ਇੱਕ ਅਜਿਹੇ ਹਿੰਦੂ ਸਟੇਟ ਲਈ ਰਾਹ ਪੱਧਰਾ ਕਰਨ ਜਿਥੇ ਸਿਰਫ਼ ਅਤੇ ਸਿਰਫ਼ ਬਰਾਹਮਣਵਾਦੀ ਵਪਾਰਕ ਸੋਚ ਵਾਲਾ ਸਿਸਟਮ ਵਧ ਫੁੱਲ ਸਕੇ ਅਤੇ ਬਾਕੀ ਦੀਆਂ ਕੌਮਾਂ ਅਤੇ ਭਾਈਚਾਰੇ ਉਸ ਨੂੰ ਖ਼ੁਰਾਕ ਉਪਲਬਧ ਕਰਾਉਣ। ਇਹਨਾਂ ਲੀਡਰਾਂ ਦਾ ਬਾਹਰੀ ਕਿਰਦਾਰ ਲੋਕਰਾਜੀ ਅਤੇ ਧਰਮ ਨਿਰਪੱਖ ਰੱਖਿਆ ਗਿਆ ਤਾਂ ਕਿ ਕੌਮਾਂਤਰੀ ਪੱਧਰ 'ਤੇ ਅਤੇ ਭਾਰਤ 'ਚ ਵੱਸਦੀਆਂ ਵੱਖ ਵੱਖ ਕੌਮਾਂ ਅਤੇ ਨਸਲਾਂ ਦੇ ਲੋਕਾਂ ਨੂੰ ਇਹਦੀ ਸੂਹ ਨਾ ਲੱਗੇ। ਜਵਾਹਰ ਲਾਲ ਨਹਿਰੂ ਅਤੇ ਵੱਲਭ ਪਟੇਲ ਜਿਹੇ ਹਿੰਦੂਵਾਦੀ ਚਿਹਰਿਆਂ ਦਾ ਗੁਪਤ ਤੌਰ 'ਤੇ ਸੰਘ ਦੇ ਮੈਂਬਰ ਹੋਣਾ ਬਹੁਤ ਸਮਾਂ ਬਾਅਦ 'ਚ ਜਾ ਕੇ ਪਤਾ ਚੱਲਦਾ ਹੈ।

ਭਾਰਤ ਨੂੰ ਸੰਪੂਰਨ ਤੌਰ 'ਤੇ ਹਿੰਦੂ ਸਾਮਰਾਜ 'ਚ ਤਬਦੀਲ ਕਰਨ ਦੇ ਵਰਤਾਰੇ ਨੂੰ ਅੰਜਾਮ ਦੇਣ ਲਈ ਪਹਿਲਾਂ ਸਿੱਖਾਂ ਨੂੰ ਉਹਨਾਂ ਦੇ ਪਹਿਲੇ ਅਧਿਆਤਮਕ ਸਕੂਲ ਨਨਕਾਣੇ ਅਤੇ ਰਾਜਨੀਤਕ ਘਰ ਲਾਹੌਰ ਤੋਂ 1947 'ਚ ਸਦਾ ਸਦਾ ਲਈ ਖਦੇੜ (ਨਿਖੇੜ) ਦਿਤਾ ਗਿਆ। ਜੇ ਇਹ ਉਜਾੜਾ ਮਹਿਜ਼ ਆਪਣੀ ਜ਼ਮੀਨੀ ਮਲਕੀਅਤ ਛੱਡਣ ਦਾ ਹੁੰਦਾ ਤਾਂ ਸਿੱਖਾਂ ਨੂੰ ਇਹ ਜਲਦੀ ਸਮਝ ਆ ਜਾਣਾ ਸੀ, ਇਸ ਲਈ ਸਿਰਫ਼ 15 ਦਿਨਾਂ ਅੰਦਰ ਲੱਖਾਂ ਸਿੱਖਾਂ ਦਾ ਕਤਲ ਕਰਾਇਆ ਗਿਆ ਅਤੇ ਲੱਖਾਂ ਹੀ ਬੀਬੀਆਂ ਨਾਲ ਬਲਾਤਕਾਰ ਹੋਏ। ਇਹ ਵੱਡੇ ਜ਼ਖ਼ਮ ਸਨ ਜਿਹਨਾਂ ਕਾਰਨ ਸਿੱਖ ਨੇ ਬਰਾਹਮਣ ਦੀ ਅਸਲ ਮਨਸੂਬੇਬੰਦੀ ਨੂੰ ਸਮਝਣ ਵਿੱਚ ਦੇਰ ਲਾਈ। ਕਰੀਬ ਪੌਣੀ ਸਦੀ ਤੱਕ ਸਿੱਖ ਆਪਣੇ ਜ਼ਖ਼ਮਾਂ 'ਤੇ ਮਲ੍ਹਮ ਲੱਗਣ ਦੀ ਆਸ ਲੈ ਕੇ ਜਿਊਂਦਾ ਰਿਹਾ। ਸਿੱਖ ਦੀ ਇਸੇ ਆਸ ਨੂੰ ਜਦੋਂ ਨਿਰਾਸ਼ਾ ਮਿਲਣ ਲੱਗਦੀ ਤਾਂ ਬਰਾਹਮਣ ਨੂੰ ਸਿੱਖ ਦੇ ਜਾਗਣ ਦਾ ਡਰ ਫਿਰ ਸਤਾਉਂਣ ਲੱਗਦਾ। ਹਿੰਦੂ ਸਟੇਟ ਲਈ ਰਾਹ ਪੱਧਰਾ ਕਰਨ ਦੇ ਰਾਹ ਤੁਰੇ ਗਾਂਧੀ ਨਹਿਰੂ ਪਰਿਵਾਰ ਆਪਣੇ ਸਿਰਜੇ ਹੋਏ ਸਿਸਟਮ ਨੂੰ ਪਾਲ ਰਹੇ ਸਨ। ਪੰਜਾਬੀ ਸੂਬਾ ਇਸੇ ਦੀ ਵਿਹੁ ਰਚਨਾ ਸੀ। ਬਾਅਦ 'ਚ ਨਕਸਲਬਾੜੀ ਲਹਿਰ ਦਾ ਫ਼ਰਜ਼ੀ ਉਭਾਰ ਕਰਕੇ ਇਹ ਪਰਖਿਆ ਗਿਆ ਕਿ ਜੇ ਪੰਜਾਬ ਦਾ ਸਿੱਖ ਹਥਿਆਰਬੰਦ ਲਹਿਰ ਦੀ ਬੁੱਕਲ਼ 'ਚ ਆਉਂਦਾ ਹੈ ਤਾਂ ਸੰਭਾਵੀ ਨਤੀਜੇ ਕੀ ਹੋ ਸਕਦੇ ਹਨ। ਜੂਨ 1984 ਦਾ ਖ਼ੂਨ ਨਾਲ ਰੰਗਿਆ ਪੂਰਾ ਸਾਲ ਇਸ ਗੱਲ ਦੀ ਗਵਾਹੀ ਹੈ।

ਨਰਸਿਮਹਾ ਰਾਓ ਦੇ ਪ੍ਰਧਾਨ ਮੰਤਰੀ ਹੁੰਦਿਆਂ 6 ਦਸੰਬਰ ਨੂੰ ਬਾਬਰੀ ਮਸਜਿਦ ਢਾਹੀ ਗਈ ਤਾਂ ਇਹ ਗੱਲ ਤੈਅ ਹੋ ਗਈ ਸੀ ਕਿ ਕਾਂਗਰਸ ਦੇ ਨਾਮ 'ਤੇ ਕੰਮ ਕਰ ਰਿਹਾ ਲੋਕਰਾਜੀ ਚਿਹਰੇ ਵਾਲਾ ਬਰਾਹਮਣ ਆਪਣਾ ਕੰਮ ਮੁਕੰਮਲ ਕਰਕੇ ਹੁਣ ਦ੍ਰਿਸ਼ ਤੋਂ ਲਾਂਭੇ ਹੋਣ ਵਾਲਾ ਹੈ ਅਤੇ ਇਸ ਨੇ ਹਿੰਦੂ ਸਟੇਟ ਲਈ ਸੰਘ ਦੇ ਰਾਜ ਕਰਨ ਵਾਸਤੇ ਜ਼ਮੀਨ ਤਿਆਰ ਕਰ ਦਿਤੀ ਹੈ। ਨਵੇਂ ਹਿੰਦੂ ਨਿਜ਼ਾਮ ਨੇ ਲਗਭਗ 1999 ਤੱਕ ਭਾਰਤ ਦੀ ਸੱਤਾ ਪੂਰੀ ਤਰਾਂ ਸੰਭਾਲ ਲਈ ਸੀ ਅਤੇ ਦਲਿਤਾਂ ਅਤੇ ਸਿੱਖਾਂ ਲਈ ਵੱਖਰੇ ਵੱਖਰੇ ਦ੍ਰਿਸ਼ਟੀਕੋਣਾਂ ਤੋਂ ਕੰਮ ਸ਼ੁਰੂ ਕਰ ਦਿਤਾ ਸੀ। ਕਸ਼ਮੀਰ ਨੂੰ ਛੱਡ ਕੇ ਇਸ ਨਵੇਂ ਨਿਜ਼ਾਮ ਲਈ ਭਾਰਤ 'ਚ ਮੁਸਲਮਾਨ ਕੋਈ ਵੱਡਾ ਖ਼ਤਰਾ ਨਹੀਂ ਸਨ। ਯੂਪੀ, ਬਿਹਾਰ ਅਤੇ ਬਾਕੀ ਸਟੇਟਾਂ ਦੇ ਮੁਸਲਮਾਨਾਂ 'ਚ ਬਾਗ਼ੀ ਰੁਚੀਆਂ ਘੱਟ ਪਾਈਆਂ ਜਾਂਦੀਆਂ ਹਨ। ਕਾਰਨ ਇਹ ਕਿ ਉਹਨਾਂ ਦਾ ਔਰੰਗਜ਼ੇਬ ਦੇ ਸਮੇਂ ਹੀ ਦਹਿਸ਼ਤ ਕਾਰਨ ਧਰਮ ਪਰਿਵਰਤਨ ਕਰਨਾ ਸੀ। ਸੰਘ ਦੇ ਰਣਨੀਤੀਕਾਰਾਂ ਮੁਤਾਬਿਕ ਇਹ ਲੋਕ ਹਿੰਦੂ ਸਾਮਰਾਜ ਦੇ ਉਭਾਰ ਨਾਲ ਮੁੜ ਤੋਂ 'ਰਾਮ ਚੰਦਰ ਕੀ ਜੈਂ' ਕਰਨ ਲੱਗ ਪੈਣਗੇ ਅਤੇ ਇਹਨਾਂ 'ਤੇ ਸਿਰਫ ਦਹਿਸ਼ਤ ਨੂੰ ਲਗਾਤਾਰ ਬਰਕਰਾਰ ਰੱਖਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ। ਸੋ ਬਰਾਹਮਣ ਲਈ ਪਹਿਲੇ ਨੰਬਰ 'ਤੇ ਦਲਿਤ, ਕਸ਼ਮੀਰ ਅਤੇ ਫ਼ਿਰ ਸਿੱਖ ਲਗਾਤਾਰ ਵੱਡੀ ਚਿੰਤਾ ਬਣੇ ਰਹੇ ਹਨ।

ਜਿਥੇ ਭਗਤ ਰਵਿਦਾਸ ਅਤੇ ਭਗਤ ਕਬੀਰ ਨੇ ਬਰਾਹਮਣਵਾਦ ਖ਼ਿਲਾਫ਼ ਆਪਣੀ ਲੜਾਈ ਨੂੰ ਪਹੁੰਚਾਇਆ ਸੀ ਗੋਪਾਲ ਬਾਬਾ ਵਾਲੰਗਕਰ, ਹਰੀਚੰਦ ਠਾਕੁਰ ਅਤੇ ਜੋਤੀਰਾਓ ਫ਼ੂਲੇ ਵਰਗਿਆਂ ਨੇ ਉਸੇ ਰਾਹ 'ਤੇ ਚੱਲਦਿਆਂ ਸੰਘਰਸ਼ ਨੂੰ ਅੱਗੇ ਵਧਾਇਆ। ਇਹਨਾਂ ਦਲਿਤ ਯੋਧਿਆਂ ਦਾ ਬੈਟਨ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਨੇ ਫ਼ੜਿਆ ਅਤੇ ਲੜਾਈ ਨੂੰ ਤਕਰੀਬਨ ਜਿੱਤ ਦੇ ਐਨ ਨੇੜੇ ਲੈ ਆਂਦਾ। ਪਰ ਅਫ਼ਸੋਸ ਹੁੰਦਾ ਹੈ ਕਿ 1947 'ਚ ਨਹਿਰੂ ਅਤੇ ਗਾਂਧੀ ਦੀਆਂ ਕੁਟਲਨੀਤੀਆਂ ਕਾਰਨ ਦਲਿਤਾਂ ਨੂੰ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਉਹ ਹਮੇਸ਼ਾਂ ਲਈ ਰਾਖਵੇਂਕਰਨ ਦੇ ਚੱਕਰਾਂ ਦਾ ਹਿੱਸਾ ਬਣ ਗਏ। ਅੰਬੇਦਕਰ ਦੇ ਅਕਾਲ ਚਲਾਣੇ ਨਾਲ ਦਲਿਤ ਲਹਿਰ ਇੱਕ ਵਾਰ ਖਤਮ ਹੋਣ ਦੇ ਕੰਢੇ ਪਹੁੰਚ ਗਈ ਤਾਂ ਬਿਲਕੁਲ ਇਸੇ ਵੇਲੇ ਬਾਬੂ ਕਾਂਸੀ ਰਾਮ ਨੇ ਬੈਟਨ ਫੜ ਕੇ ਦੌੜ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ। ਕਾਂਸੀ ਰਾਮ ਦੀ ਇਸ ਲੜਾਈ ਦਾ ਇੱਕੋ ਇੱਕ ਟੀਚਾ ਬਰਾਹਮਣ ਨੂੰ ਕਰਾਰੀ ਤਰਾਂ ਹਰਾ ਕੇ ਭਾਰਤ ਦੇ ਸਿੰਘਾਸਨ 'ਤੇ ਕਬਜ਼ਾ ਕਰਨਾ ਸੀ। ਇਥੇ ਬਹੁਜਨ ਸਮਾਜ ਪਾਰਟੀ ਅਤੇ ਬਾਮਸੇਫ਼ ਦੇ ਲੀਡਰਾਂ ਦਰਮਿਆਨ ਤਾਲਮੇਲ ਦੀ ਘਾਟ ਕਾਰਨ ਸੰਘ ਨੇ ਮਾਇਆਵਤੀ ਦੇ ਅੱਗੇ ਆਉਣ 'ਤੇ ਸੁੱਖ ਦਾ ਸਾਹ ਲਿਆ। ਸੋ ਬਾਬੂ ਕਾਂਸੀਰਾਮ ਦੀ ਮੌਤ ਨਾਲ ਡੀਐਸ4, ਬਾਮਸੇਫ਼ ਅਤੇ ਬਹੁਜਨ ਸਮਾਜ ਪਾਰਟੀ ਦਾ ਇੱਕ ਤਰਾਂ ਨਾਲ ਭੋਗ ਪੈ ਗਿਆ।

ਦੂਜੇ ਪਾਸੇ ਪੰਜਾਬ 'ਚ ਵੀ ਸਿੱਖ ਲੀਡਰਸ਼ਿਪ ਦਾ ਸਰਮਾਏਦਾਰੀ ਨਿਜ਼ਾਮ ਨਾਲ ਮਿਲ ਕੇ ਚੱਲਣਾ ਕੋਈ ਬਹੁਤੀ ਵੱਡੀ ਮਜ਼ਬੂਰੀ ਨਹੀਂ ਸੀ ਪਰ ਬਾਦਲ ਦਲ ਦੇ ਲੀਡਰ ਪ੍ਰਕਾਸ਼ ਸਿੰਘ ਬਾਦਲ ਅਤੇ ਉਸੇ ਦੇ ਪਰਿਵਾਰ ਨਾਲ ਸਬੰਧਤ ਕੁੱਝ ਬੰਦਿਆਂ ਨੇ ਸਿੱਖ ਮੱਤ ਨੂੰ ਖਤਮ ਕਰਨ ਲਈ ਬਰਾਹਮਣ ਨਾਲ ਘਿਓ ਖਿਚੜੀ ਹੋ ਕੇ ਕੰਮ ਕੀਤਾ। ਜੇ ਮਾਇਆਵਤੀ ਨੇ ਅੰਬੇਦਕਰ ਅਤੇ ਕਾਂਸੀ ਰਾਮ ਦੇ ਪਾਏ ਕਦਮ ਚਿਨ੍ਹਾਂ ਨੂੰ ਤਿਲਾਂਜਲੀ ਦਿੱਤੀ ਤਾਂ ਬਾਦਲਾਂ ਨੇ ਗੁਰੂ ਦੇ ਦੱਸੇ ਮਾਰਗ ਦਾ ਪੱਲਾ ਛੱਡ ਕੇ ਬਰਾਹਮਣ ਦੀ ਬੁੱਕਲ਼ 'ਚ ਬੈਠਣ ਨੂੰ ਤਰਜੀਹ ਦਿੱਤੀ। ਬਰਾਹਮਣੀ ਸਰਮਾਏਦਾਰੀ ਦੇ 20ਵੀਂ ਅਤੇ 21ਵੀਂ ਸਦੀ ਦੇ ਇਹ ਦੋ ਵੱਡੇ ਮਾਅਰਕੇ ਕਹੇ ਜਾ ਸਕਦੇ ਹਨ ਕਿ ਉਸ ਨੇ ਸੰਘਰਸ਼ਸ਼ੀਲ ਦੋ ਵੱਡੀਆਂ ਕੌਮਾਂ ਨੂੰ ਉਸਦੇ ਲੀਡਰਾਂ ਹੱਥੋਂ ਹੀ ਜ਼ਲੀਲ ਕਰਵਾ ਕੇ ਇੱਕ ਸਰਵਪੱਖੀ ਭਾਰਤ ਦੀ ਸਥਾਪਤੀ ਅਤੇ ਪੰਜਾਬ ਦੀ ਆਜ਼ਾਦੀ ਦੀਆਂ ਸੰਭਾਵਨਾਂਵਾਂ ਨੂੰ ਕਈ ਦਹਾਕਿਆਂ ਲਈ ਅੱਗੇ ਪਾ ਦਿਤਾ। ਜੇ ਦੁਨੀਆ ਭਰ 'ਚ ਵੱਸਦੇ ਸਿੱਖ ਬਾਦਲਾਂ ਜਿਹੇ ਨਵੇਂ ਮਹੰਤਾਂ ਨੂੰ ਗੁਰਦੁਆਰਾ ਪ੍ਰਬੰਧ 'ਚੋਂ ਕੱਢਣ, ਸਿੱਖ ਵਿਚਾਰਧਾਰਾ ਦੇ ਵਿਰੋਧੀ ਬਣੇ ਅਖੌਤੀ ਸੰਤ ਸਮਾਜ ਨਾਲ ਲੜਨ, ਆਪਣੀ ਔਲਾਦ ਨੂੰ ਉੱਚ ਪੱਧਰ ਦੀ ਸਿਖਿਆ ਮੁਹਈਆ ਕਰਾਉਣ, ਜੱਟ ਕਲਚਰ ਦੀ ਸਿੱਖ ਕਲਚਰ 'ਚ ਘੁੱਸਪੈਠ ਰੋਕਣ ਅਤੇ ਗੁਰੂ ਨੂੰ ਤਸਵੀਰ ਰੂਪੀ ਮੂਰਤੀ ਦੇ ਰੂਪ 'ਚ ਪੂਜਣ ਤੋਂ ਕਿਨਾਰਾ ਕਰਨ ਅਤੇ ਪੰਜਾਬ ਦੇ ਪਾਣੀਆਂ ਤੇ ਭਾਸ਼ਾ ਲਈ ਸੰਘਰਸ਼ ਕਰ ਰਿਹਾ ਹੈ ਤਾਂ ਦੂਜੇ ਪਾਸੇ ਭਾਰਤ ਦਾ ਦਲਿਤ ਇਸ ਵੇਲੇ ਆਪਣੇ ਆਪ ਨੂੰ ਗੁਲਾਮੀ ਦੇ ਸੰਗਲਾਂ ਤੋਂ ਆਜ਼ਾਦ ਕਰਾਉਣ ਲਈ ਆਪਣੇ ਲੀਡਰਾਂ ਵੱਲ ਦੇਖ ਰਿਹਾ ਹੈ। ਦਲਿਤ ਅਤੇ ਮੂਲਨਿਵਾਸੀਆਂ ਦੇ ਇੱਕ ਵਰਗ ਨੂੰ ਇਹ ਵੀ ਚੰਗੀ ਤਰਾਂ ਪਤਾ ਹੈ ਕਿ ਉਹਨਾਂ ਦੀ ਵੱਡੀ ਗਿਣਤੀ ਗਊ ਦੇ ਜਾਏ ਬਣਨ ਲਈ ਉਤਸੁੱਕ ਜਾਪ ਰਹੀ ਹੈ।ਭਾਵੇਂ ਇੱਹ ਸਭ ਕੁਝ ਹਿੰਦੂਵਾਦ ਦੀ ਦਹਿਸ਼ਤ ਅਤੇ ਡਰ ਕਾਰਨ ਹੈ ਪਰ ਇਸ ਦੇ ਨਤੀਜੇ ਚਿਰ ਸਥਾਈ ਵੀ ਹੋ ਸਕਦੇ ਹਨ। ਦੋਵਾਂ ਕੌਮਾਂ ਦੀ ਨਿਕੰਮੀ ਅਤੇ ਵਿਕਾਊ ਕਿਸਮ ਦੀ ਲੀਡਰਸ਼ਿਪ ਇਸ ਹੋਣੀ ਲਈ ਪੂਰੀ ਤਰਾਂ ਜ਼ਿੰਮੇਵਾਰ ਹੈ। ਪਰ ਇਸ ਸਾਰੇ ਵਰਤਾਰੇ ਦੇ ਬਾਵਜੂਦ ਇਹਨਾਂ ਦੋਵਾਂ ਕੌਮਾਂ ਦੇ ਭਵਿੱਖ ਦਾ ਸੂਰਜ ਹਾਲੇ ਅਸਤ ਨਹੀਂ ਹੋਇਆ। ਅਗਰ ਸੰਘਰਸ਼ ਕਰ ਰਹੇ ਲੋਕ ਅੱਗੇ ਹੋ ਕੇ ਦੋਵਾਂ ਕੌਮਾਂ ਦੇ ਲੀਡਰਾਂ ਨੂੰ ਲਾਂਭੇ ਕਰ ਦੇਣਗੇ ਤਾਂ ਅਗਲੇ ਦਹਾਕਿਆਂ 'ਚ ਭਾਰਤ ਅਤੇ ਪੰਜਾਬ ਦੀ ਤਸਵੀਰ ਬਦਲ ਸਕਦੀ ਹੈ ਵਰਨਾ ਬ੍ਰਾਹਮਣਵਾਦੀ ਸਿਸਟਮ ਸਾਰੀਆਂ ਘੱਟ ਗਿਣਤੀ ਕੌਮਾਂ ਨੂੰ ਨਪੀੜਦਾ ਰਹੇਗਾ।

## ਗੁਰੂ ਨਾਨਕ ਕਾ ਲੰਗਰ-ਉਦੇਸ਼ ਅਤੇ ਮੰਤਵ

ਇਕ ਵਾਰ ਗੁਰੂ ਸਾਹਿਬ ਸ੍ਰੀਨਗਰ 'ਚ ਸਨ ਕਿ ਕਸ਼ਮੀਰ ਦਾ ਇਕ ਸ਼ਰਧਾਲੂ ਕਾਫੀ ਸਾਰਾ ਸ਼ਹਿਦ ਲੈ ਕੇ ਗੁਰੂ ਸਾਹਿਬ ਨੂੰ ਭੇਟ ਕਰਨ ਲਈ ਚੱਲ ਪਿਆ। ਰਾਹ ਵਿੱਚ ਇਕ ਭੁੱਖੇ ਸਾਧੂ ਨੇ ਉਸ ਤੋਂ ਆਪਣੀ ਭੁੱਖ ਮਿਟਾਉਣ ਵਾਸਤੇ ਥੋੜ੍ਹੇ ਜਿਹੇ ਸ਼ਹਿਦ ਦੀ ਮੰਗ ਕੀਤੀ, ਪਰ ਉਸ ਨੇ ਇਹ ਕਹਿ ਕੇ 'ਇਹ ਸ਼ਹਿਦ ਤਾਂ ਗੁਰੂ ਦੇ ਲੰਗਰ ਵਾਸਤੇ ਹੈ' ਨਾਂਹ ਕਰ ਦਿੱਤੀ। ਜਦੋਂ ਉਹ ਸ੍ਰੀਨਗਰ ਪਹੁੰਚ ਕੇ ਸ਼ਾਹਿਦ ਗੁਰੂ ਸਾਹਿਬ ਨੂੰ ਭੇਟ ਕਰਨ ਲੱਗਾ ਤਾਂ ਗੁਰੂ ਜੀ ਨੇ ਕਿਹਾ ਕਿ ਜਦੋਂ ਮੈਨੂੰ ਭੁੱਖੀ ਲੱਗੀ ਸੀ ਤਾਂ ਤੂੰ ਉਦੋਂ ਕਿਉਂ ਨਾ ਦਿੱਤਾ। ਉਸ ਨੂੰ ਘਬਰਾਇਆ ਹੋਇਆ ਦੇਖ ਕੇ ਉਨ੍ਹਾਂ ਭੁੱਖੇ ਸਾਧੂ ਦੀ ਮੰਗ ਵੱਲ ਉਸ ਦਾ ਧਿਆਨ ਦਿਆਇਆ ਤੇ ਕਿਹਾ 'ਭੁੱਖੇ ਦਾ ਮੂੰਹ ਹੀ ਗੁਰੂ ਦੀ ਗੋਲਕ ਹੈ', ਭਾਵ ਲੋੜਵੰਦਾਂ ਦੀ ਸਹਾਇਤਾ ਹੀ ਸਭ ਤੋਂ ਵੱਡੀ ਸੇਵਾ ਅਤੇ ਪੁੰਨ ਹੈ। ਇਹੀ ਸਮੁੱਚੀ ਮਨੁੱਖਤਾ ਅਤੇ ਸਿੱਖੀ ਦੀ ਸਿੱਖਿਆ ਹੈ।

ਇਕ ਵਾਰ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜਦੋਂ ਆਨੰਦਪੁਰ ਸਾਹਿਬ ਵਿੱਚ ਸਨ ਤਾਂ ਉਹ ਇਕ ਸਾਧੂ ਦੇ ਰੂਪ ਵਿੱਚ ਯਾਚਕ ਬਣ ਕੇ ਉਨ੍ਹਾਂ ਲੋਕਾਂ ਦੇ ਘਰ ਗਏ, ਜਿਨ੍ਹਾਂ ਦੇ ਆਪਣੇ ਘਰਾਂ ਵਿੱਚ ਲੰਗਰ ਚਲਦਾ ਸੀ। ਕਿਸੇ ਨੇ ਕਿਹਾ ਕਿ ਅਜੇ ਲੰਗਰ ਦਾ ਸਮਾਂ ਨਹੀਂ ਹੋਇਆ। ਕਿਸੇ ਨੇ ਕਿਹਾ ਲੰਗਰ ਤਿਆਰ ਨਹੀਂ। ਕਿਸੇ ਨੇ ਕਿਹਾ ਸਾਰੀ ਸੰਗਤ ਇਕੱਠੀ ਨਹੀਂ ਹੋਈ।

ਗੁਰੂ ਜੀ ਨੂੰ ਕਿਤੋਂ ਵੀ ਖਾਣਾ ਨਾ ਮਿਲਿਆ। ਭਾਈ ਨੰਦ ਲਾਲ ਜੀ ਪਾਸ ਜਦੋਂ ਪਹੁੰਚੇ ਤਾਂ ਭਾਈ ਸਾਹਿਬ ਨੇ ਜੋ ਕੁਝ ਵੀ ਘਰ ਵਿੱਚ ਤਿਆਰ ਸੀ, ਉਹ ਸ਼ਰਧਾਪੂਰਵਕ ਉਨ੍ਹਾਂ ਦੇ ਸਾਹਮਣੇ ਲਿਆ ਕੇ ਰੱਖਿਆ। ਗੁਰੂ ਸਾਹਿਬ ਨੇ ਆਪਣਾ ਅਸਲੀ ਰੂਪ ਦਿਖਾ ਕੇ ਭਾਈ ਨੰਦ ਲਾਲ ਜੀ ਨੂੰ ਆਪਣੀ ਗਲਵੱਕੜੀ 'ਚ ਲੈ ਲਿਆ ਅਤੇ ਕਿਹਾ ਕਿ ਲੰਗਰ ਦੀ ਅਸਲ ਪ੍ਰਥਾ ਇਹੀ ਹੈ ਕਿ ਜੋ ਕੁਝ ਵੀ ਤਿਆਰ ਹੋਵੇ, ਉਹ ਘਰ ਆਏ ਸਾਧੂ, ਮਹਿਮਾਨ ਨੂੰ ਪਰੋਸ ਦਿੱਤਾ ਜਾਵੇ। ਲੰਗਰ ਦਾ ਅਸਲ ਮਕਸਦ ਹੀ ਇਹੀ ਹੈ। ਲੰਗਰ ਦਾ ਉਦੇਸ਼ 'ਅੰਨ ਦਾ ਦਾਨ ਸਭ ਤੋਂ ਉੱਤਮ ਦਾਨ ਹੈ।' ਗੁਰੂ ਸਾਹਿਬਾਨ ਦੇ ਹੁਕਮ 'ਘਾਲਿ ਖਾਇ ਕਿਛੁ ਹਥਹੁ ਦੇਇ, ਨਾਨਕ ਰਾਹੁ ਪਛਾਣਹਿ ਸੇਇ' ਦੀ ਪਾਲਣਾ ਹੀ ਗੁਰੂ ਸਾਹਿਬਾਨ ਦੇ ਦੱਸੇ ਰਾਹ 'ਤੇ ਚੱਲਣਾ ਹੈ।

ਪੰਗਤ ਵਿੱਚ ਬੈਠ ਕੇ ਲੰਗਰ ਛਕਣਾ ਏਕਤਾ ਅਤੇ ਬਰਾਬਰਤਾ ਦਾ ਸੰਦੇਸ਼ ਦਿੰਦਾ ਹੈ। ਸੇਵਾ ਕਰਨ ਨਾਲ ਹਉਂ ਦੀ ਨਵਿਰਤੀ ਹੁੰਦੀ ਹੈ। ਲੰਗਰ ਦੀ ਸੇਵਾ ਅਸਲ 'ਚ ਗੁਰੂ ਦੀ ਸੇਵਾ ਹੈ ਅਤੇ ਉਨ੍ਹਾਂ ਦੇ ਹੁਕਮਾਂ ਦੀ ਪਾਲਣਾ ਕਰਨਾ ਹੈ। ਵਿਹਲੜਾਂ ਵੱਲੋਂ ਲੰਗਰ ਦੀ ਝਾਕ ਰੱਖਣੀ ਭਾਈ ਸਾਹਿਬ ਭਾਈ ਗੁਰਦਾਸ ਜੀ ਅਨੁਸਾਰ ਇਵੇਂ ਹੀ ਹੈ ਜਿਵੇਂ ਖੰਡ ਵਿੱਚ ਲਿਪਟੀ ਜ਼ਹਿਰ।

## 'ਮਹਾਨ ਕੋਸ਼' ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਦੀ ਪੰਜਾਬੀ ਸਾਹਿਤ ਨੂੰ ਵੱਡਮੁੱਲੀ ਦੇਣ

25 ਦਸੰਬਰ 1911 ਨੂੰ ਮਹਾਰਾਜਾ ਹੀਰਾ ਸਿੰਘ ਦਾ ਦੇਹਾਂਤ ਹੋ ਗਿਆ। ਰਿਆਸਤ ਨਾਭਾ ਦੀ ਨੌਕਰੀ ਖਤਮ ਹੋਣ ਉਪਰੰਤ 1912 ਵਿਚ ਭਾਈ ਸਾਹਿਬ ਨੇ ਕਸ਼ਮੀਰ ਜਾ ਕੇ ਸਿੱਖ ਸਾਹਿਤ ਦੇ ਆਧਾਰ 'ਤੇ 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਲਿਖਣਾ ਸ਼ੁਰੂ ਕੀਤਾ, ਜੋ 14 ਸਾਲ ਦੀ ਕਠਿਨ ਘਾਲਣਾ ਬਾਅਦ 1926 ਵਿਚ ਪੂਰਾ ਹੋਇਆ ਤੇ ਸੰਨ 1930 ਵਿਚ ਦਰਬਾਰ ਪਟਿਆਲਾ ਵੱਲੋਂ ਛਪ ਕੇ ਪ੍ਰਕਾਸ਼ਿਤ ਹੋਇਆ।ਵਿਗਿਆਨਕ ਲੀਹਾਂ ਉੱਤੇ ਤਿਆਰ ਕੀਤੇ ਗਏ ਇਸ ਅਦੁੱਤੀ ਹਵਾਲਾ ਗ੍ਰੰਥ ਲਈ ਭਾਈ ਸਾਹਿਬ ਨੂੰ 14-15 ਸਾਲ ਅਣਥੱਕ ਮਿਹਨਤ ਕਰਨੀ ਪਈ। ਇਸ ਨੂੰ ਲਿਖਣਾ ਸੰਨ 1912 ਵਿੱਚ ਆਰੰਭ ਕੀਤਾ, ਸੰਨ 1926 ਵਿੱਚ ਮੁਕੰਮਲ ਹੋਇਆ ਅਤੇ ਸੰਨ 1930 ਈ. ਵਿੱਚ ਦਰਬਾਰ ਪਟਿਆਲਾ ਵੱਲੋਂ ਛਾਪ ਕੇ ਪ੍ਰਕਾਸ਼ਤ ਕੀਤਾ ਗਿਆ। ਇਸ ਵਿੱਚ ਬਨਸਪਤੀ, ਔਸ਼ਧਾਂ, ਛੰਦਾਂ, ਸੰਗੀਤ ਆਦਿ ਸੰਕੇਤਾਂ ਦੀ ਵਿਆਖਿਆ ਦੇ ਨਾਲ-ਨਾਲ, ਗੁਰਦੁਆਰਿਆਂ, ਜੁਗਰਾਫੀਏ, ਵਿਗਿਆਨ, ਇਤਿਹਾਸਕ ਨਾਵਾਂ ਅਤੇ ਵੱਖ ਵੱਖ ਧਰਮਾਂ ਨਾਲ ਸਬੰਧਤ ਸ਼ਬਦ ਅਤੇ ਹਵਾਲੇ ਲੈ ਕੇ ਉਨ੍ਹਾਂ ਦੀ ਵਿਸਤ੍ਰਿਤ ਵਿਆਖਿਆ ਕੀਤੀ ਹੈ। ਮਹਾਨਕੋਸ਼ ਦੇ ਸ਼ਬਦਾਂ ਨੂੰ ਮੋਟੇ ਤੌਰ 'ਤੇ ਗੁਰਬਾਣੀ ਅਤੇ ਸਿੱਖ ਸਾਹਿਤ ਨਾਲ ਸਬੰਧਤ ਸ਼ਬਦਾਵਲੀ, ਪੁਰਾਤਨ ਭਾਰਤੀ ਇਤਿਹਾਸਕ, ਮਿਥਿਹਾਸਕ, ਧਾਰਮਿਕ ਤੇ ਨੈਤਿਕ ਸੰਕਲਪਾਤਮਕ ਸ਼ਬਦਾਵਲੀ, ਭੁਗੋਲਿਕ ਸ਼ਬਦਾਵਲੀ, ਬਨਸਪਤੀ ਤੇ ਚਕਿੱਤਸਾ ਸਬੰਧੀ ਸ਼ਬਦਾਵਲੀ, ਪੁਰਾਤਨ ਸੰਗੀਤ, ਖਗੋਲ ਆਦਿ ਸਬੰਧੀ ਸ਼ਬਦਾਵਲੀ, ਨਾਵਾਂ ਤੇ ਥਾਵਾਂ ਬਾਰੇ ਸ਼ਬਦਾਵਲੀ ਅਤੇ ਆਮ ਸ਼ਬਦਾਵਲੀ ਆਦਿ ਸ੍ਰੇਣੀਆਂ ਵਿੱਚ ਵੰਡ ਸਕਦੇ ਹਾਂ।

ਇਸ ਸ਼ਬਦਾਵਲੀ ਦੇ ਅਰਥਾਂ ਨੂੰ ਦੱਸਣ ਲਈ ਭਾਈ ਸਾਹਿਬ ਨੂੰ ਰਿਗਵੇਦ ਤੋਂ ਲੈ ਆਪਣੇ ਸਮੇਂ ਤਕ ਦੇ ਭਾਰਤੀ ਇਤਿਹਾਸ, ਮਿਥਿਹਾਸ, ਧਾਰਮਿਕ ਤੇ ਨੈਤਿਕ ਗ੍ਰੰਥਾਂ ਦਾ ਗਹਿਰਾ ਅਧਿਐਨ ਕਰਨਾ ਪਿਆ ਹੋਵੇਗਾ, ਪਰ ਗੁਰਮਤਿ ਨਾਲ ਸਬੰਧਤ ਸ਼ਬਦਾਵਲੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਪ੍ਰਮਾਣ ਲਈ ਵਰਤਿਆ ਹੈ।

ਉਨ੍ਹਾਂ ਨੇ ਰਾਜ ਧਰਮ ਨਾਟਕ, ਭਾਵਾਰਥ ਦੀਪਿਕਾ ਟੀਕਾ, ਹਮ ਹਿੰਦੂ ਨਹੀਂ, ਗੁਰਮਤਿ ਸੁਧਾਰਕ, ਸਮੱਸਿਆ ਪੂਰਤੀ, ਗੁਰਮਤਿ ਮਾਰਤੰਡ, ਗੁਰ ਮਹਿਮਾ ਸੰਗ੍ਰਹਿ, ਅਨੇਕਾਰਥ ਕੋਸ਼, ਨਾਮ ਮਾਲਾ ਕੋਸ਼ ਗੁਰਮਤਿ ਪ੍ਰਭਾਕਰ, ਠੱਠ ਲੀਲਾ, ਬਾਗੜੀਆਂ ਦਾ ਇਤਿਹਾਸ, ਹਨੂਮਾਨ ਨਾਟਕ, ਮਹਾਨ ਕੋਸ਼ ਗੁਰੂ ਗਿਰਾ ਕਸੌਟੀ, ਪਹਾੜ ਯਾਤਰਾ, ਵਲਾਇਤ ਯਾਤਰਾ, ਸ਼ਰਾਬ ਨਿਖੇਧ, ਇਕ ਜੋਤਿਸ਼ ਗ੍ਰੰਥ ਆਦਿ ਪੁਸਤਕਾਂ ਲਿਖ ਕੇ ਆਉਣ ਵਾਲੀਆਂ ਨਸਲਾਂ ਨੂੰ ਭੇਟ ਕੀਤੀਆਂ। ਅਖੀਰਲੀਆਂ ਪੰਜ ਪੁਸਤਕਾਂ 'ਚੋਂ ਕੇਵਲ ਇਕ ਹੀ ਛਪ ਸਕੀ, ਬਾਕੀ ਕਿਸੇ ਕਾਰਨ ਛਪ ਨਹੀਂ ਸਕੀਆਂ। ਭਾਈ ਸਾਹਿਬ ਦਾ ਸਭ ਤੋਂ ਵੱਧ ਮਹੱਤਤਾ ਭਰਪੂਰ ਗ੍ਰੰਥ 'ਮਹਾਨ ਕੋਸ਼' ਹੈ। ਇਸ ਦਾ ਅਸਲ ਨਾਂ 'ਗੁਰ ਸ਼ਬਦ ਰਤਨਾਕਰ' ਜਾਂ 'ਇਨਸਾਈਕਲੋਪੀਡੀਆ ਆਫ ਸਿੱਖ ਲਿਟਰੇਚਰ' ਹੈ।ਨਾਭਾ ਅਤੇ ਪਟਿਆਲਾ ਰਿਆਸਤ ਦੇ ਆਪਸੀ ਝਗੜਿਆਂ ਨੂੰ ਮਿਟਾਉਣ ਲਈ ਭਾਈ ਕਾਨ੍ਹ ਸਿੰਘ ਜੀਵਨ ਭਰ ਯਤਨਸ਼ੀਲ ਰਹੇ। ਮਹਾਰਾਜਾ ਹੀਰਾ ਸਿੰਘ ਨੇ ਆਪ ਦਾ ਨਾਮ ਨੀਤੀ ਜੀ ਰੱਖਿਆ ਹੋਇਆ ਸੀ। ਉਸ ਸਮੇਂ ਦੇ ਪੁਲੀਟੀਕਲ ਏਜੰਟ ਕਰਨਲ ਡਨਲਪ ਸਮਿੱਥ ਆਪ ਦੀ ਸੂਝ-ਬੂਝ ਅਤੇ ਵਫ਼ਾਦਾਰੀ ਦੇ ਬੇਹੱਦ ਕਦਰਦਾਨ ਅਤੇ ਆਪਦੇ ਪਰਮ ਮਿੱਤਰ ਸਨ। ਮਿਸਟਰ ਮੈਕਸ ਆਰਥਰ ਮੈਕਾਲਫ਼ ਵਰਗੇ ਅੰਗਰੇਜ਼ ਸੱਜਣ ਨੂੰ ਸਿੱਖ ਧਰਮ ਤੇ ਇਤਿਹਾਸ ਤੋਂ ਜਾਣੂ ਕਰਾ ਕੇ 'ਸਿੱਖ ਰਿਲੀਜਨ' ਵਰਗਾ ਅੰਗਰੇਜ਼ੀ ਭਾਸ਼ਾ 'ਚ ਅਨੁਪਮ ਗ੍ਰੰਥ ਲਿਖਾਉਣਾ ਆਪ ਦੀ ਸੁਯੋਗਤਾ ਸੀ।

ਭਾਈ ਕਾਨ੍ਹ ਸਿੰਘ ਨੂੰ 3 ਅਪਰੈਲ 1931 ਨੂੰ ਅੰਮ੍ਰਿਤਸਰ ਵਿਖੇ ਹੋਈ ਸਿੱਖ ਐਜੂਕੇਸ਼ਨਲ ਕਾਨਫਰੰਸ ਦਾ ਚੀਫ ਖਾਲਸਾ ਦੀਵਾਨ ਵੱਲੋਂ ਪ੍ਰਧਾਨ ਨਿਯੁਕਤ ਕੀਤਾ ਗਿਆ ਸੀ। ਉਹ ਵਿਦਿਅਕ ਸੇਵਾ ਦੇ ਨਾਲ-ਨਾਲ ਪੰਥਕ ਸੇਵਾ ਵੀ ਕਰਦੇ ਰਹੇ, ਜੋ ਗੁਰਦੁਆਰਿਆਂ ਦੀ ਇਤਿਹਾਸਕ ਖੋਜ ਨਾਲ ਸਬੰਧਤ ਸੀ। ਸੰਨ 1931 ਵਿਚ ਜਦੋਂ ਅੰਗਰੇਜ਼ਾਂ ਨੇ ਰਾਜਧਾਨੀ ਕਲਕੱਤਾ ਤੋਂ ਦਿੱਲੀ ਬਦਲੀ ਤਾਂ ਉਸ ਤੋਂ ਕਾਫੀ ਚਿਰ ਪਹਿਲਾਂ ਸੰਨ 1912 ਵਿਚ ਗੁਰਦੁਆਰਾ ਰਕਾਬਗੰਜ ਦੇ ਸਾਹਮਣੇ ਵਾਇਸਰਾਏ ਦੀ ਕੋਠੀ ਬਣਾਉਣ ਦਾ ਫੈਸਲਾ ਹੋਇਆ, ਜਿਸ ਕਰਕੇ ਗੁਰਦੁਆਰੇ ਦੀ ਕੰਧ ਦਾ ਕੁਝ ਹਿੱਸਾ ਡੇਗ ਦਿੱਤਾ ਗਿਆ, ਜੋ ਕੋਠੀ ਦੇ ਘੇਰੇ ਵਿਚ ਫਰਕ ਪਾਉਂਦਾ ਸੀ। ਅੰਗਰੇਜ਼ਾਂ ਦੇ ਇਸ ਧੱਕੇ ਨਾਲ ਸਿੱਖਾਂ ਵਿਚ ਰੋਹ ਪੈਦਾ ਹੋ ਗਿਆ ਤੇ ਐਜੀਟੇਸ਼ਨ ਸ਼ੁਰੂ ਹੋਈ। ਸੰਨ 1914 ਵਿਚ ਪਹਿਲਾ ਮਹਾਂ ਯੁੱਧ ਸ਼ੁਰੂ ਹੋ ਗਿਆ, ਜਿਸ ਕਰਕੇ ਕੋਠੀ ਦਾ ਕੰਮ ਰੁਕ ਗਿਆ ਅਤੇ ਉਹ ਮਾਮਲਾ ਕੁਝ ਚਿਰ ਠੰਢਾ ਪੈ ਗਿਆ। ਸੰਨ 1918 ਵਿਚ ਜਦੋਂ ਸਿੱਖਾਂ ਵੱਲੋਂ ਕੰਧ ਉਸਾਰੀ ਰੋਕਣ ਲਈ ਜਥਾ ਭੇਜਣ ਦਾ ਫੈਸਲਾ ਹੋਇਆ ਤਾਂ ਭਾਈ ਕਾਨ੍ਹ ਸਿੰਘ ਨਾਭਾ ਤੇ ਹੋਰ ਸਨੇਹੀਆਂ ਦੀ ਪ੍ਰੇਰਨਾ ਨਾਲ ਮਹਾਰਾਜਾ ਰਿਪੁਦਮਨ ਸਿੰਘ ਨੇ ਸਰਕਾਰ ਤੋਂ ਕੰਧ ਬਣਵਾ ਦਿੱਤੀ, ਜਿਸ ਕਰਕੇ ਮਾਮਲਾ ਇਥੇ ਹੀ ਠੱਪ ਹੋ ਗਿਆ।

1930 ਵਿਚ ਗੁਰਦੁਆਰਾ ਮਾਲ ਟੇਕੜੀ ਨਾਂਦੇੜ (ਦੱਖਣ) ਦਾ ਝਗੜਾ ਵੀ ਭਾਈ ਕਾਨ੍ਹ ਸਿੰਘ ਦੇ ਜੀਵਨ ਵਿਚ ਬੜੀ ਅਹਿਮੀਅਤ ਰੱਖਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਮਾਲ ਟੇਕੜੀ ਦੇ ਸਥਾਨ 'ਤੇ ਖਜ਼ਾਨੇ ਦੱਬੇ ਸਨ। ਕੁਝ ਲੋਕ ਇਸ ਥਾਂ 'ਤੇ ਇਹ ਕਹਿ ਕੇ ਕਬਜ਼ਾ ਜਮਾਉਣ ਲੱਗੇ ਕਿ ਇਹ ਉਨ੍ਹਾਂ ਦਾ ਕਦੀਮੀ ਕਬਰਸਤਾਨ ਹੈ। ਸਿੱਖਾਂ ਨੇ ਇਸ ਬੇਇਨਸਾਫੀ ਵਿਰੁੱਧ ਸਰਕਾਰੀ ਤੌਰ 'ਤੇ ਚਾਰਾਜੋਈ ਕੀਤੀ। ਚੀਫ ਖਾਲਸਾ ਦੀਵਾਨ ਵੱਲੋਂ ਭਾਈ ਕਾਨ੍ਹ ਸਿੰਘ ਬਤੌਰ ਗਵਾਹ ਭੇਜੇ ਗਏ। ਆਪ ਨੇ ਇਤਿਹਾਸਕ ਹਵਾਲੇ ਤੇ ਸ੍ਰੀ ਹਜ਼ੂਰ ਸਾਹਿਬ ਦੀ ਪੈਦਲ ਯਾਤਰਾ ਸਮੇਂ ਲਿਖੀ ਡਾਇਰੀ ਦੇ ਆਧਾਰ 'ਤੇ ਸਾਬਤ ਕੀਤਾ ਕਿ ਇਹ ਸਥਾਨ ਸਿੱਖਾਂ ਦਾ ਹੈ। ਇਸੇ ਬਿਆਨ 'ਤੇ ਕੇਸ ਦਾ ਫੈਸਲਾ ਸਿੱਖਾਂ ਦੇ ਹੱਕ ਵਿਚ ਹੋ ਗਿਆ। ਪ੍ਰਸਿੱਧ ਵਿਦਵਾਨ ਤੇ ਖੋਜੀ ਲੇਖਕ ਭਾਈ ਕਾਨ੍ਹ ਸਿੰਘ 77 ਸਾਲ ਦੀ ਉਮਰ ਭੋਗ ਕੇ 23 ਨਵੰਬਰ 1938 ਨੂੰ ਬਿਨਾਂ ਕਿਸੇ ਬਿਮਾਰੀ ਦੇ ਨਾਭਾ ਵਿਖੇ ਸਦੀਵੀ ਵਿਛੋੜਾ ਦੇ ਗਏ।

## ਬੱਬਰ ਅਕਾਲੀ ਯੋਧੇ ਮਾਸਟਰ ਦਲੀਪ ਸਿੰਘ ਗੋਸਲ ਅਤੇ ਕਰਮ ਸਿੰਘ ਝਿੰਗੜ

ਮਾਸਟਰ ਦਲੀਪ ਸਿੰਘ ਗੋਸਲ ਦਾ ਇਸ ਕੇਸ ਵਿੱਚ ਪੰਜਵਾਂ ਸਥਾਨ ਦਰਜ ਸੀ। ਸੈਸ਼ਨ ਜੱਜ, ਜੇ.ਕੇ. ਟੈਪ ਦੀ ਅਦਾਲਤ ਲਾਹੌਰ ਵਿੱਚ ਇਸ ਕੇਸ ਦੀ ਸੁਣਵਾਈ ਦੋ ਜੂਨ 1924 ਨੂੰ ਸ਼ੁਰੂ ਹੋਈ। ਅੰਤਿਮ ਫ਼ੈਸਲਾ 27 ਫਰਵਰੀ 1925 ਨੂੰ ਸੁਣਾਇਆ ਗਿਆ। ਇਸ ਵਿੱਚ ਪੰਜ ਨੂੰ ਫਾਂਸੀ ਅਤੇ 49 ਨੂੰ ਵੱਖ-ਵੱਖ ਸਜ਼ਾਵਾਂ ਸੁਣਾਈਆਂ ਗਈਆਂ। 34 ਜਣੇ ਬਰੀ ਕਰ ਦਿੱਤੇ ਗਏ। ਉੱਚ ਅਦਾਲਤ, ਲਾਹੌਰ ਨੇ 19 ਜਨਵਰੀ 1926 ਨੂੰ ਛੇ ਬੱਬਰਾਂ ਨੂੰ ਫਾਂਸੀ, 42 ਨੂੰ ਵੱਖ-ਵੱਖ ਸਜ਼ਾਵਾਂ ਅਤੇ 40 ਨੂੰ ਬਰੀ ਕਰ ਦਿੱਤਾ।

ਇਸ ਕੇਸ ਦੌਰਾਨ ਮਾਸਟਰ ਦਲੀਪ ਸਿੰਘ ਗੋਸਨ ਨੇ ਨਾ-ਮਿਲਵਰਤਨ ਦਾ ਰੁਖ਼ ਅਪਣਾਇਆ। ਉਨ੍ਹਾਂ ਨੇ ਸਰਕਾਰ ਵੱਲੋਂ ਨਾਮਜ਼ਦ ਵਕੀਲ ਲਾਲਾ ਰਾਮ ਲਾਲ ਨੂੰ ਇਨਕਾਰਿਆ। ਉਨ੍ਹਾਂ ਨੇ ਆਪਣੇ ਲਿਖਤੀ ਬਿਆਨ ਵਿੱਚ ਸਰਕਾਰ ਦਾ ਗੁਰਦੁਆਰਾ ਲਹਿਰ ਵਿੱਚ ਦਖ਼ਲਅੰਦਾਜ਼ੀ ਦੇਣਾ, ਨਨਕਾਣੇ ਸਾਹਿਬ ਦਾ ਸਾਕਾ, ਦਰਬਾਰ ਸਾਹਿਬ ਦਾ ਕੂੰਜੀਆਂ ਦਾ ਮਸਲਾ ਆਦਿ ਦਾ ਜ਼ਿਕਰ ਕੀਤਾ। ਸੈਸ਼ਨ ਜੱਜ ਨੇ ਉਨ੍ਹਾਂ ਨੂੰ ਭਾਰਤੀ ਪੀਨਲ ਕੋਡ ਅਧੀਨ ਧਾਰਾ 120 ਬੀ/109 ਤਹਿਤ 'ਜ਼ਿੰਦਗੀ ਲਈ ਜਲਾਵਤਨ' ਦੀ ਸਜ਼ਾ ਸੁਣਾਈ ਅਤੇ ਉਨ੍ਹਾਂ ਦੇ ਪਿਤਾ ਦੀ ਲੰਬਰਦਾਰੀ ਵੀ ਅੰਗਰੇਜ਼ੀ ਸਰਕਾਰ ਨੇ ਜ਼ਬਤ ਕਰ ਲਈ।

ਕਰਮ ਸਿੰਘ ਝਿੰਗੜ ਮਾਸਟਰ ਦਲੀਪ ਸਿੰਘ ਗੋਸਲ ਦੇ ਮੋਹਰਲੇ ਸਾਥੀਆਂ ਵਿੱਚੋਂ ਇੱਕ ਸਨ। ਉਨ੍ਹਾਂ ਦਾ ਜਨਮ 1884 ਵਿੱਚ ਦੁਨੀ ਚੰਦ ਸ਼ੇਰਗਿੱਲ ਦੇ ਘਰ ਪਿੰਡ ਝਿੰਗੜ ਵਿੱਚ ਹੋਇਆ। ਉਨ੍ਹਾਂ ਨੇ ਕੁਝ ਸਾਲ ਕੈਨੇਡਾ ਵਿੱਚ ਵੀ ਬਿਤਾਏ। ਉਹ ਗ਼ਦਰ ਲਹਿਰ ਦੇ ਵਿਰਸੇ ਨੂੰ ਬੱਬਰ ਅਕਾਲੀ ਲਹਿਰ ਵਿੱਚ ਜਜ਼ਬ ਕਰਨ ਦੇ ਹਾਮੀ ਸਨ। ਜਦੋਂ ਬੱਬਰ ਅਕਾਲੀ ਜਥਾ ਹੋਂਦ ਵਿੱਚ ਆਇਆ ਤਾਂ ਕਿਸ਼ਨ ਸਿੰਘ ਗੜਗੱਜ ਨੂੰ ਪ੍ਰਧਾਨ ਅਤੇ ਦਲੀਪ ਸਿੰਘ ਦੌਲਤਪੁਰ, ਕਰਮ ਸਿੰਘ ਝਿੰਗੜ ਅਤੇ ਉਦੇ ਸਿੰਘ ਰਾਮਗੜ੍ਹ ਝੂੰਗੀਆਂ ਨੂੰ ਇਸ ਦੇ ਮੈਂਬਰ ਬਣਾਇਆ ਗਿਆ। ਉਨ੍ਹਾਂ ਨੇ ਅਗਸਤ 1922 ਨੂੰ ਕਿਸ਼ਨ ਸਿੰਘ, ਕਰਮ ਸਿੰਘ ਦੌਲਤਪੁਰ ਅਤੇ ਉਦੇ ਸਿੰਘ ਰਾਮਗੜ੍ਹ ਝੂੰਗੀਆਂ ਨਾਲ ਰਾਇਸੀਵਾਲੀ ਦੇ ਇੱਕ ਖੂਹ 'ਤੇ ਮਿਲ ਕੇ ਵਿਉਂਤ ਬਣਾਈ ਕਿ ਝੋਲੀ ਚੁੱਕਾਂ ਨੂੰ ਪਹਿਲਾਂ ਤਾੜਿਆ ਜਾਵੇ ਅਤੇ ਫਿਰ ਸੋਧਿਆ ਜਾਵੇ। ਅਜਿਹੇ 'ਝੋਲੀ ਚੁੱਕਾਂ' ਕੋਲੋਂ ਪੈਸੇ ਵਸੂਲ ਕਰ ਕੇ ਹਥਿਆਰ ਖ਼ਰੀਦੇ ਜਾਣ। ਉਨ੍ਹਾਂ ਨੇ ਹੁਸ਼ਿਆਰਪੁਰ ਅਤੇ ਜਲੰਧਰ ਜ਼ਿਲ੍ਹਿਆਂ ਵਿੱਚ ਬੱਬਰ ਧੜਿਆਂ ਨਾਲ ਤਾਲਮੇਲ ਰੱਖਿਆ, ਜੋ ਬੱਬਰ ਅਕਾਲੀ ਲਹਿਰ ਲਈ ਕਾਰਗਰ ਸਾਬਿਤ ਹੋਇਆ। ਉਨ੍ਹਾਂ ਨੇ ਝਿੰਗੜ, ਹਰੀਆਂ ਅਤੇ ਜਗਤਪੁਰ ਆਦਿ ਪਿੰਡਾਂ ਵਿੱਚ ਜੋਸ਼ੀਲੇ ਭਾਸ਼ਣ ਦਿੱਤੇ। ਇਨ੍ਹਾਂ ਭਾਸ਼ਣਾਂ ਵਿੱਚ ਅੰਗਰੇਜ਼ੀ ਸਰਕਾਰ ਅਤੇ ਸਰਕਾਰ ਦੇ 'ਝੋਲੀ ਚੁੱਕਾਂ' ਨੂੰ ਸਖ਼ਤ ਤਾੜਨਾ ਕੀਤੀ ਅਤੇ ਆਪਣਾ ਰਾਜ ਸਥਾਪਿਤ ਕਰਨ ਦੀ ਗੱਲ ਦੁਹਰਾਈ ਗਈ। ਇਨ੍ਹਾਂ ਭਾਸ਼ਣਾਂ ਦੇ ਆਧਾਰ 'ਤੇ ਅੰਗਰੇਜ਼ੀ ਸਰਕਾਰ ਨੇ 6 ਮਈ 1922 ਨੂੰ ਕੇਸ ਦਰਜ ਕਰ ਦਿੱਤਾ। ਆਪ ਨੇ ਬੱਬਰ ਅਕਾਲੀ ਦੁਆਬਾ ਪੱਤਰ ਨੂੰ ਥਾਂ ਥਾਂ ਪਹੁੰਚਾਉਣ ਲਈ ਅਹਿਮ ਭੂਮਿਕਾ ਨਿਭਾਈ। ਸਰਕਾਰ ਨੇ 30 ਨਵੰਬਰ 1922 ਨੂੰ ਕਰਮ ਸਿੰਘ ਝਿੰਗੜ ਦੀ ਗ੍ਰਿਫ਼ਤਾਰੀ ਲਈ 500 ਰੁਪਏ ਦਾ ਇਨਾਮ ਐਲਾਨਿਆ। ਉਨ੍ਹਾਂ ਨੂੰ 6 ਜਨਵਰੀ 1923 ਨੂੰ ਪਿੰਡ ਝਿੰਗੜ ਤੋਂ ਮਾਸਟਰ ਦਲੀਪ ਸਿੰਘ ਗੋਸਲ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ। ਉਸ 'ਤੇ ਜਲੰਧਰ ਦੀ ਅਦਾਲਤ ਵਿੱਚ ਕੇਸ ਚਲਾਇਆ ਗਿਆ, ਜਿਸ ਦਾ ਫ਼ੈਸਲਾ 14 ਮਰਚ 1923 ਨੂੰ ਸੁਣਾਇਆ ਗਿਆ। ਉਨ੍ਹਾਂ ਨੂੰ ਚਾਰ ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਜਦੋਂ ਪੰਜਾਬ ਦੇ ਬੱਬਰ ਅਕਾਲੀਆਂ ਖ਼ਿਲਾਫ਼ ਕੇਸ ਸ਼ੁਰੂ ਹੋਇਆ ਤਾਂ ਕਰਮ ਸਿੰਘ ਝਿੰਗੜ ਦਾ ਨਾਂ ਇਸ ਕੇਸ ਵਿੱਚ ਅੱਠ ਨੰਬਰ 'ਤੇ ਸ਼ਾਮਲ ਸੀ। ਇਸ ਦਾ ਅੰਤਿਮ ਫ਼ੈਸਲਾ 27 ਫਰਵਰੀ 1925 ਨੂੰ ਸੁਣਾਇਆ ਗਿਆ।

ਅਦਾਲਤ ਵਿੱਚ ਕਰਮ ਸਿੰਘ ਝਿੰਗੜ ਨੇ ਨਾ-ਮਿਲਵਰਤਨ ਦਾ ਰੁਖ਼ ਅਪਣਾਇਆ। ਕਿਸੇ ਵਕੀਲ ਦੀ ਮਦਦ ਲੈਣ ਤੋਂ ਇਨਕਾਰ ਕੀਤਾ ਤੇ ਸਰਕਾਰ ਵੱਲੋਂ ਨਾਮਜ਼ਦ ਲਾਲਾ ਰਾਮ ਲਾਲ ਵਕੀਲ ਨੂੰ ਨਾ-ਮਨਜ਼ੂਰ ਕੀਤਾ। ਉਨ੍ਹਾਂ ਨੇ 19 ਸਫ਼ਿਆਂ ਵਿੱਚ ਆਪਣਾ ਪੱਖ ਦਰਸਾਇਆ ਜਿਸ ਵਿੱਚ ਕੋਮਾਗਾਟਾਮਾਰੂ ਦੇ ਬਜਬਜ ਸਾਕੇ ਅਤੇ ਗੁਰਦੁਆਰਾ ਸੁਧਾਰ ਲਹਿਰ ਦਾ ਜ਼ਿਕਰ ਸੀ। ਉਨ੍ਹਾਂ ਨੇ ਕੇਸ ਦੀ ਕਾਰਵਾਈ ਦੇ ਤਰੀਕੇ ਦੀ ਵੀ ਆਲੋਚਨਾ ਕੀਤੀ। ਜੱਜ ਨੇ ਆਪਣੇ ਫ਼ੈਸਲੇ ਵਿੱਚ ਕਰਮ ਸਿੰਘ ਝਿੰਗੜ ਨੂੰ 'ਮੋਢੀਆਂ ਵਿੱਚੋਂ ਇੱਕ' ਦਰਸਾਇਆ। ਉਨ੍ਹਾਂ ਨੂੰ 'ਜ਼ਿੰਦਗੀ ਲਈ ਜਲਾਵਤਨ' ਦੀ ਸਜ਼ਾ ਸੁਣਾਈ ਗਈ। ਆਜ਼ਾਦੀ ਦੀ ਜੰਗ ਦੇ ਇਤਿਹਾਸ ਵਿੱਚ ਇਨ੍ਹਾਂ ਬੱਬਰ ਅਕਾਲੀ ਯੋਧਿਆਂ ਦਾ ਜ਼ਿਕਰ ਹੁੰਦਾ ਰਹੇਗਾ।

## ਅਯੁੱਧਿਆ ਫੈਸਲੇ ਬਾਰੇ ਦਿੱਤੇ ਗਏ ਸਿੱਖ ਹਵਾਲਿਆਂ ਨੂੰ ਲੈ ਕੇ ਸਿੱਖ ਕੌਮ ਨਰਾਜ਼

ਦਿੱਲੀ ਯੂਨੀਵਰਸਿਟੀ ਵਿੱਚ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਮਨਜੀਤ ਸਿੰਘ ਨੇ ਜਨਮ 'ਸਾਖੀਆਂ ਦੀ ਪਰੰਪਰਾ, ਮਿੱਥ-ਵਿਗਿਆਨਕ ਅਧਿਐਨ' ਬਾਰੇ ਪੀਐੱਚਡੀ ਕੀਤੀ ਹੈ। ਉਨ੍ਹਾਂ ਕਿਹਾ, "ਜਨਮ ਸਾਖੀਆਂ ਇੱਕ ਸਾਹਿਤ ਹੈ ਪਰ ਉਸ ਵਿੱਚ ਕਈ ਅਜਿਹੇ ਹਿੱਸੇ ਹਨ ਜਿਨ੍ਹਾਂ ਦੀ ਇਤਿਹਾਸਕ ਪ੍ਰਮਾਣਿਕਤਾ ਨਹੀਂ ਮਿਲਦੀ ਹੈ। ਜਨਮਸਾਖੀਆਂ ਅਜੋਕੇ ਇਤਿਹਾਸਕ ਮਾਪਦੰਡਾਂ ਅਨੁਸਾਰ ਨਹੀਂ ਹਨ। ਜਨਮ ਸਾਖੀਆਂ ਨੂੰ ਇਤਿਹਾਸਕ ਹਵਾਲੇ ਦੇਣ ਲਈ ਨਹੀਂ ਵਰਤਿਆ ਜਾ ਸਕਦਾ ਹੈ।"

ਯਾਦ ਰਹੇ ਕਿ ਇਸ ਫੈਸਲੇ ਅਨੁਸਾਰ ਵਿਵਾਦਿਤ ਜ਼ਮੀਨ ਹਿੰਦੂ ਪੱਖ ਨੂੰ ਦੇ ਦਿੱਤੀ ਗਈ ਜਦਕਿ ਮਸਜਿਦ ਲਈ ਅਯੁੱਧਿਆ ਵਿੱਚ ਹੀ ਵੱਖ ਤੋਂ ਪੰਜ ਏਕੜ ਜ਼ਮੀਨ ਦੇਣ ਦਾ ਹੁਕਮ ਦਿੱਤਾ ਗਿਆ। ਸੁਪਰੀਮ ਕੋਰਟ ਦੇ ਫੈਸਲੇ ਨਾਲ ਕਈ ਮਾਮਲਿਆਂ ਦਾ ਹਵਾਲਾ ਦਿੱਤਾ ਗਿਆ ਸੀ।

### 'ਕਲਟ' ਸ਼ਬਦ ਦੇ ਇਤਰਾਜ਼

ਸੁਪਰੀਮ ਕੋਰਟ ਵਲੋਂ ਦਿੱਤੇ ਹਵਾਲਿਆਂ ਵਿੱਚ ਪੰਨਾ ਨੰਬਰ 992 ਵਿੱਚ ਸਿੱਖਾਂ ਵਾਸਤੇ 'ਕਲਟ' ਸ਼ਬਦ ਦਾ ਇਸਤੇਮਾਲ ਕੀਤਾ ਗਿਆ ਹੈ। ਆਕਸਫੋਰਡ ਡਿਕਸ਼ਨਰੀ ਅਨੁਸਾਰ ਕਲਟ ਦਾ ਮਤਲਬ ਹੈ ਉਹ ਧਾਰਮਿਕ ਗਰੁੱਪ ਜੋ ਆਪਣੇ ਧਾਰਮਿਕ ਵਿਸ਼ਵਾਸਾਂ ਨੂੰ ਕੱਟੜਤਾ ਨਾਲ ਮੰਨਦੇ ਹਨ ਤੇ ਕਈ ਤਰੀਕੇ ਦੀਆਂ ਰਸਮਾਂ ਕਰਦੇ ਹਨ। ਉਹ ਕਿਸੇ ਸਥਾਪਿਤ ਧਰਮ ਦਾ ਹਿੱਸਾ ਨਹੀਂ ਹੁੰਦੇ ਹਨ।

ਦਿੱਲੀ ਦੀ ਵਕੀਲ ਨੀਨਾ ਸਿੰਘ, ਇਤਿਹਾਸਕਾਰ ਗੁਰਦਰਸ਼ਨ ਸਿੰਘ ਢਿੱਲੋਂ ਨੇ ਵੱਖ-ਵੱਖ ਬਿਆਨਾਂ ਵਿਚ ਇਸ ਬਾਰੇ ਇਤਰਾਜ਼ ਪ੍ਰਗਟ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ 'ਕਲਟ' ਸ਼ਬਦ ਦੀ ਵਰਤੋਂ ਕਰਨਾ ਬਿਲਕੁਲ ਗ਼ਲਤ ਹੈ। ਉਨ੍ਹਾਂ ਕਿਹਾ, "ਕਲਟ ਵਿੱਚ ਜਿਸ ਤਰੀਕੇ ਦੀਆਂ ਰਸਮਾਂ ਹੁੰਦੀਆਂ ਹਨ, ਉਸ ਸਿੱਖ ਧਰਮ ਵਿੱਚ ਮੌਜੂਦ ਨਹੀਂ ਹਨ, ਸਗੋਂ ਉਨ੍ਹਾਂ ਦਾ ਖੰਡਨ ਕੀਤਾ ਗਿਆ ਹੈ ਇਸ ਲਈ ਉਨ੍ਹਾਂ ਨੂੰ 'ਕਲਟ' ਕਹਿਣਾ ਠੀਕ ਨਹੀਂ ਹੈ।"

### ਫੈਸਲੇ ਵਿੱਚ 'ਨਿਹੰਗ ਸਿੰਘ' ਦਾ ਹਵਾਲਾ

ਫੈਸਲੇ ਵਿੱਚ 28 ਨਵੰਬਰ 1858 ਦੀ ਅਵਧ ਦੀ ਇੱਕ ਥਾਣੇਦਾਰ ਦੀ ਰਿਪੋਰਟ ਦੇ ਹਵਾਲੇ ਨਾਲ ਕਿਹਾ ਹੈ ਕਿ ਨਿਹੰਗ ਸਿੰਘ ਫਕੀਰ ਖਾਲਸਾ ਨੇ ਮਸਜਿਦ ਵਿੱਚ ਦਾਖਲ ਹੋ ਕੇ ਮੂਰਤੀਆਂ ਸਥਾਪਿਤ ਕੀਤੀਆਂ ਤੇ ਪੂਜਾ ਕੀਤੀ। ਉਸ ਰਿਪੋਰਟ ਵਿੱਚ ਕਿਹਾ, "ਨਿਹੰਗ ਸਿੰਘ ਫਕੀਰ ਨੇ ਮਸਜਿਦ ਵਿੱਚ ਦਾਖਿਲ ਹੋ ਕੇ ਪੂਜਾ ਕੀਤੀ। ਸੁਰੱਖਿਆ ਲਈ 25 ਸਿੱਖ ਵੀ ਤਾਇਨਾਤ ਕੀਤੇ ਗਏ।"

ਵਕੀਲ ਨੀਨਾ ਸਿੰਘ ਨੇ ਇਸ ਬਾਰੇ ਵੀ ਇਤਰਾਜ਼ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ, "ਨਿਹੰਗ ਸਿੰਘ ਗੁਰੂ ਗੋਬਿੰਦ ਸਿੰਘ ਵੇਲੇ ਹੋਏ ਹਨ। ਤੇ ਕਿਸੇ ਵੀ ਤਰੀਕੇ ਦੀ ਪੂਜਾ ਦੀ ਕੋਈ ਰਵਾਇਤ ਨਿਹੰਗ ਸਿੰਘਾਂ ਵਿੱਚ ਨਹੀਂ ਹੈ ਇਸ ਲਈ ਇਹ ਹਵਾਲਾ ਵੀ ਸਹੀ ਨਹੀਂ ਹੈ।"

### ਨੀਨਾ ਸਿੰਘ ਅਦਾਲਤ ਜਾਏਗੀ

ਨੀਨਾ ਸਿੰਘ ਦਾ ਕਹਿਣਾ ਹੈ ਕਿ ਉਹ ਫੈਸਲੇ ਦੇ ਇਨ੍ਹਾਂ ਹਿੱਸਿਆਂ ਨੂੰ ਹਟਾਉਣ ਲਈ ਪਟੀਸ਼ਨ ਪਾਉਣ ਜਾ ਰਹੇ ਹਨ। ਅਦਾਲਤ ਨੂੰ ਇਸ ਤਰੀਕੇ ਦੇ ਹਵਾਲਿਆਂ 'ਤੇ ਗੌਰ ਕਰਨ ਤੋਂ ਪਹਿਲਾਂ ਸਿੱਖ ਇਤਿਹਾਸਕਾਰਾਂ ਤੇ ਸ਼੍ਰੋਮਣੀ ਕਮੇਟੀ ਨਾਲ ਸਲਾਹ ਜ਼ਰੂਰ ਕਰਨੀ ਚਾਹੀਦੀ ਸੀ।

### ਦਿੱਲੀ ਕਮੇਟੀ ਨੇ ਜਾਂਚ ਕਮੇਟੀ ਬਣਾਈ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਯੁੱਧਿਆ ਵਿਚ ਰਾਮ ਮੰਦਰ ਦੇ ਮਾਮਲੇ ਵਿਚ ਦਿੱਤੇ ਫ਼ੈਸਲੇ ਵਿਚ ਸਿੱਖ ਧਰਮ ਨੂੰ 'ਸਿੱਖ ਕਲਟ' ਦੱਸਣ ਦੇ ਸਮੁੱਚੇ ਮਾਮਲੇ ਦੀ ਘੋਖ ਕਰਨ ਲਈ ਸੀਨੀਅਰ ਵਕੀਲਾਂ ਦੀ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ। ਇਸ ਕਮੇਟੀ ਵਿਚ ਸੀਨੀਅਰ ਵਕੀਲ ਐਚ. ਐਸ. ਫੂਲਕਾ, ਆਰ. ਐਸ. ਪੁਰੀ ਅਤੇ ਏ. ਪੀ. ਐਸ. ਆਹਲੂਵਾਲੀਆ ਸ਼ਾਮਿਲ ਹਨ। ਇਸ ਮਾਮਲੇ ਵਿਚ ਜੋ ਵੀ ਸਿੱਖ ਇਤਿਹਾਸ ਨੂੰ ਲੈ ਕੇ ਹਵਾਲਾ ਦਿੱਤਾ ਗਿਆ ਹੈ, ਵਕੀਲਾਂ ਦੀ ਕਮੇਟੀ ਉਸ ਦੀ ਵੀ ਘੋਖ ਕਰੇਗੀ ਅਤੇ ਸਾਰਾ ਅਧਿਐਨ ਕਰਨ ਮਗਰੋਂ ਆਪਣੀ ਰਿਪੋਰਟ ਦਿੱਲੀ ਕਮੇਟੀ ਨੂੰ ਸੌਂਪੇਗੀ। ਇਸ ਰਿਪੋਰਟ ਮੁਤਾਬਿਕ ਹੀ ਦਿੱਲੀ ਕਮੇਟੀ ਅਗਲੇਰੀ ਕਾਰਵਾਈ ਕਰੇਗੀ। ਉਪਰੋਕਤ ਜਾਣਕਾਰੀ ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਵਲੋਂ ਦਿੱਤੀ ਗਈ।

### ਫੂਲਕਾ ਨੇ ਅਕਾਲ ਤਖਤ ਸਾਹਿਬ ਨੂੰ ਲਿਖੀ ਚਿੱਠੀ

ਸੀਨੀਅਰ ਵਕੀਲ ਐਚਐਸ ਫੂਲਕਾ ਨੇ ਅਕਾਲ਼ ਤਖਤ ਦੇ ਜਥੇਦਾਰ ਨੂੰ ਪੱਤਰ ਲਿਖ ਕੇ ਅਯੁੱਧਿਆ ਫੈਸਲੇ ਵਿਚ ਸਿੱਖਾਂ ਲਈ ਕਲਟ ਸ਼ਬਦ ਵਰਤਣ ਦੇ ਮਾਮਲੇ ਬਾਰੇ ਧਿਆਨ ਦਵਾਇਆ। ਫੂਲਕਾ ਨੇ ਕਿਹਾ ਕਿ ਅਯੁੱਧਿਆ ਮਾਮਲੇ ਵਿਚ ਰਜਿੰਦਰ ਸਿੰਘ ਨੇ ਗਵਾਹੀ ਦਿੱਤੀ ਸੀ ਜਿਸ ਵਿਚ ਸਿੱਖ ਕਲਟ ਸ਼ਬਦ ਲਿਖਿਆ ਹੋਇਆ ਹੈ। ਜਦ ਕਿ ਡਿਕਸ਼ਨਰੀ ਵਿਚ ਕਲਟ ਦਾ ਮਤਲਬ ਪੰਥ ਲਿਖਿਆ ਹੋਇਆ। ਕਲਟ ਦਾ ਮਤਲਬ ਕੱਟੜਵਾਦ ਹੁੰਦਾ ਹੈ ਜਿਸ ਨੂੰ ਹਟਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਇਸ ਬਾਰੇ ਇਕ ਕਮੇਟੀ ਬਣਾਈ ਜਾਵੇ ਤੇ ਡਿਕਸ਼ਨਰੀ ਵਿਚ ਸ਼ਬਦ ਨੂੰ ਬਦਲਵਾਇਆ ਜਾਵੇ। ਜੇਕਰ ਕੋਈ ਇਤਿਹਾਸਕਾਰ ਇਸ ਦਾ ਅਨੁਵਾਦ ਕਰਦਾ ਹੈ ਤਾਂ ਸਿੱਖਾਂ ਧਰਮ ਬਾਰੇ ਵੱਡੇ ਭੁਲੇਖੇ ਖੜ੍ਹੇ ਹੋ ਜਾਣਗੇ।

## ਕਰਤਾਰਪੁਰ ਲਾਂਘਾ : ਭਾਰਤੀ ਏਜੰਸੀਆਂ ਦੀ ਤਿੱਖੀ ਨਜ਼ਰ !

ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਕਰਤਾਰਪੁਰ ਦੇ ਲਾਂਘੇ ਨੂੰ ਲੈ ਕੇ ਇਕ ਦੂਜੇ ਵਿਰੁੱਧ ਇਲਜ਼ਾਮਬਾਜ਼ੀ ਵਿਚ ਜੁਟ ਗਏ ਹਨ। 20 ਡਾਲਰ ਦੀ ਫ਼ੀਸ ਦਾ ਵਿਵਾਦ ਖ਼ਤਮ ਹੋਣ ਦਾ ਨਾਂ ਨਹੀਂ ਲੈ ਰਿਹਾ। ਪਹਿਲਾਂ ਭਾਰਤ ਸਰਕਾਰ ਤੇ ਦਿੱਲੀ ਗੁਰਦਵਾਰਾ ਕਮੇਟੀ ਪਾਕਿਸਤਾਨ ਨੂੰ ਕੋਸ ਰਹੇ ਸਨ ਕਿ ਏਨਾ ਵੱਡਾ ਖ਼ਰਚਾ ਸ਼ਰਧਾਲੂਆਂ ਉਤੇ ਕਿਉਂ ਪਾਇਆ ਜਾ ਰਿਹਾ ਹੈ ? ਫਿਰ ਪਾਕਿਸਤਾਨ ਨੂੰ ਅੱਗੇ ਆ ਕੇ ਦਸਣਾ ਪਿਆ ਕਿ ਇਹ ਖ਼ਰਚਾ ਜ਼ਰੂਰੀ ਕਿਉਂ ਹੈ ? ਪਹਿਲਾਂ ਤਾਂ ਇਸ 1600 ਰੁਪਏ ਦੇ ਖ਼ਰਚੇ ਦਾ ਸੱਚ ਸਮਝ ਲੈਣਾ ਚਾਹੀਦਾ ਹੈ। ਇਹ ਦਰਬਾਰ ਸਾਹਿਬ ਕਰਤਾਰਪੁਰ ਜਾਣ ਦਾ ਖ਼ਰਚਾ ਨਹੀਂ ਹੈ, ਇਹ ਇਕ ਦੇਸ਼ ਤੋਂ ਦੂਜੇ ਦੇਸ਼ ਦੀ ਸਰਹੱਦ ਪਾਰ ਕਰਨ ਦਾ ਖ਼ਰਚਾ ਹੈ।

ਭਾਵੇਂ ਤੁਹਾਡੇ ਪਾਸਪੋਰਟ ਉਤੇ ਠੱਪਾ ਨਹੀਂ ਲਗਦਾ, ਤੁਹਾਨੂੰ ਇਸ ਦੇ ਪੈਸੇ ਨਹੀਂ ਦੇਣੇ ਪੈਂਦੇ, ਤੁਹਾਡੇ ਸਰਹੱਦ ਪਾਰ ਕਰਨ ਤੋਂ ਬਾਅਦ ਸੁਰੱਖਿਆ ਨੂੰ ਮੱਦੇਨਜ਼ਰ ਰਖਦੇ ਹੋਏ ਇਮੀਗਰੇਸ਼ਨ ਕੇਂਦਰ ਤਾਂ ਬਣਾਉਣਾ ਹੀ ਪਵੇਗਾ ਅਤੇ ਇਹ ਉਸ ਦਾ ਹੀ ਖ਼ਰਚਾ ਹੈ। ਸਰਹੱਦ ਪਾਰ ਕਰਦੇ ਸ਼ਰਧਾਲੂਆਂ ਦੀ ਸਹੂਲਤ ਲਈ ਏ.ਸੀ. ਬਸਾਂ ਖੜੀਆਂ ਹੁੰਦੀਆਂ ਹਨ, ਕਿਸੇ ਨੇ ਸ਼ਰਧਾਲੂ ਤੋਂ ਪੈਸੇ ਨਹੀਂ ਲੈਣੇ। ਸੜਕ ਦੀ ਤਿਆਰੀ ਇਸ ਤਰ੍ਹਾਂ ਦੀ ਹੈ ਕਿ ਤੁਹਾਨੂੰ ਇਕ ਵੀ ਝਟਕਾ ਨਹੀਂ ਲਗਦਾ। ਗੁਰੂ ਘਰ ਵਿਚ ਵੀ ਲੰਗਰ ਆਦਿ ਦੀ ਸੇਵਾ ਪੂਰੀ ਸ਼ਰਧਾ ਨਾਲ ਕੀਤੀ ਜਾ ਰਹੀ ਹੈ। ਪਰਕਰਮਾ ਬਣਾਉਣ ਦਾ ਸਾਰਾ ਕੰਮ ਪਾਕਿਸਤਾਨੀ ਫ਼ੌਜ ਨੇ ਕੀਤਾ ਹੈ ਅਤੇ ਉਸ ਵਾਸਤੇ ਵੀ ਪੈਸੇ ਨਹੀਂ ਮੰਗੇ ਗਏ।

ਪੰਜਾਬ ਸਰਕਾਰ ਨੇ ਆਪਣੇ ਖ਼ਾਲੀ ਖ਼ਜ਼ਾਨੇ ਦੀ ਹਾਲਤ ਵੇਖ ਕੇ ਸ਼੍ਰੋਮਣੀ ਕਮੇਟੀ ਨੂੰ ਆਖਿਆ ਹੈ ਕਿ ਉਹ 20 ਡਾਲਰ ਦੀ ਫ਼ੀਸ ਆਪਣੇ ਕੋਲੋਂ ਅਦਾ ਕਰ ਦੇਣ। ਸ਼੍ਰੋਮਣੀ ਕਮੇਟੀ ਨੇ ਜਵਾਬ ਦਿਤਾ ਹੈ ਕਿ ਇਹ ਤਾਂ 300 ਕਰੋੜ ਬਣਦਾ ਹੈ ਅਤੇ ਸਾਡੇ ਕੋਲ ਏਨਾ ਪੈਸਾ ਕਿਥੇ ਹੈ ? 300 ਕਰੋੜ ਉਸ ਹਾਲਤ ਵਿਚ ਹੀ ਬਣਦਾ ਹੈ ਅਤੇ ਜੇ ਰੋਜ਼ 10,000 ਲੋਕ ਉਥੇ ਜਾਣ। ਅੱਜ ਤਾਂ ਰੋਜ਼ 500 ਬੰਦੇ ਵੀ ਨਹੀਂ ਜਾ ਰਹੇ ਅਤੇ ਇਹ ਲੋਕ 5000 ਦੀ ਲੜਾਈ ਲੜ ਰਹੇ ਹਨ। ਰਹੀ ਗੱਲ ਸ਼੍ਰੋਮਣੀ ਕਮੇਟੀ ਦੇ ਛੋਟੇ ਬਜਟ ਦੀ, ਉਨ੍ਹਾਂ ਦਾ ਬਜਟ 1600 ਕਰੋੜ ਦਾ ਇਸ ਸਾਲ ਜਾਰੀ ਕੀਤਾ ਗਿਆ ਹੈ ਅਤੇ ਨਾਲ ਹੀ ਇਹ ਬਿਆਨ ਦਿਤਾ ਗਿਆ ਹੈ ਕਿ ਇਹ ਬਜਟ ਸਿਖਿਆ ਕਾਰਜਾਂ ਵਾਸਤੇ ਇਸਤੇਮਾਲ ਕੀਤਾ ਜਾਂਦਾ ਹੈ। ਉਹ ਸ਼ਾਇਦ ਆਪ ਭੁਲ ਗਏ ਹਨ ਕਿ 1600 ਕਰੋੜ ਵਿਚੋਂ 700 ਕਰੋੜ ਗੁਰੂ ਘਰਾਂ ਦੀ ਸੰਭਾਲ (ਜਿਸ ਵਿਚ ਸਾਰੇ ਸੇਵਾਦਾਰਾਂ ਦੀਆਂ ਤਨਖ਼ਾਹਾਂ, ਪਟਰੌਲ, ਗੱਡੀਆਂ ਦੇ ਖ਼ਰਚੇ ਵੀ ਸ਼ਾਮਲ ਹਨ) 84 ਕਰੋੜ ਧਰਮ ਪ੍ਰਚਾਰ ਵਾਸਤੇ ਅਤੇ ਸਿਰਫ਼ 37.40 ਕਰੋੜ ਸਿਖਿਆ ਕਾਰਜਾਂ ਵਾਸਤੇ ਹੁੰਦਾ ਹੈ। ਜਿਸ ਤਰ੍ਹਾਂ ਪੰਜਾਬ ਵਿਚ ਸਿਖਿਆ ਅਤੇ ਧਰਮ ਦਾ ਹੱਲ ਸਾਹਮਣੇ ਆ ਰਹੇ ਹਨ, ਸਾਫ਼ ਹੈ ਕਿ ਇਹ ਬਜਟ ਅਜੇ ਸਿੱਖਾਂ ਦੀਆਂ ਜ਼ਰੂਰਤਾਂ ਵੀ ਨਹੀਂ ਪੂਰੀਆਂ ਕਰ ਪਾ ਰਿਹਾ ਜਾਂ ਉਨ੍ਹਾਂ ਦੀ ਲੋੜ ਸਮਝ ਹੀ ਨਹੀਂ ਪਾ ਰਿਹਾ। ਜੇ ਮੁਸਲਮਾਨ ਆਪਣੇ ਮੱਕਾ ਜਾਣ ਵਾਸਤੇ 533 ਡਾਲਰ ਦੀ ਫ਼ੀਸ ਭਰ ਸਕਦੇ ਹਨ ਤਾਂ ਸਾਡੇ ਵੱਡੇ ਦਿਲ ਵਾਲੇ ਸਿੱਖ ਵੀ 20 ਡਾਲਰ ਦਾ ਪ੍ਰਬੰਧ ਕਰ ਲੈਣਗੇ। ਅੱਜ ਸਭ ਤੋਂ ਵੱਡੀ ਮੁਸ਼ਕਲ ਇਹ ਆ ਰਹੀ ਹੈ ਕਿ ਸ਼ਰਧਾਲੂਆਂ ਨੂੰ ਕਰਤਾਰਪੁਰ ਜਾਣ ਦੀ ਇਜਾਜ਼ਤ ਲੈਣ ਵਿਚ ਮੁਸ਼ਕਲ ਪੇਸ਼ ਆ ਰਹੀ ਹੈ। ਸ਼੍ਰੋਮਣੀ ਕਮੇਟੀ ਅਤੇ ਸਰਕਾਰ ਨੂੰ ਉਸ ਵਿਚ ਮਦਦ ਕਰਨ ਦੀ ਜ਼ਰੂਰਤ ਹੈ ਪਰ ਇਕ ਦੂਜੇ 'ਤੇ ਇਲਜ਼ਾਮ ਲਗਾ ਕੇ ਸ਼ਰਧਾਲੂਆਂ ਦੀਆਂ ਮੁਸ਼ਕਲਾਂ ਦਾ ਹੱਲ ਨਹੀਂ ਕੱਢ ਰਹੇ।

ਸ਼੍ਰੋਮਣੀ ਕਮੇਟੀ ਨੇ ਇਸ ਸਬੰਧ ਵਿੱਚ ਸ਼ਰਧਾਲੂਆਂ ਦੀ ਸਮੱਸਿਆ ਨੂੰ ਦੂਰ ਕਰਨ ਲਈ ਗੁਰਦੁਆਰਿਆਂ ਵਿੱਚ ਹੈਲਪ ਕਾਊਂਟਰ ਤਾਂ ਖੋਲ੍ਹ ਰਹੀ ਹੈ ਤਾਂ ਜੋ ਸ਼ਰਧਾਲੂਆਂ ਨੂੰ ਮਨਜ਼ੂਰੀ ਲੈਣ ਲਈ ਫਾਰਮ ਭਰਨ ਵਿੱਚ ਸਹਾਇਤਾ ਮਿਲ ਸਕੇ। ਪਰ ਸ਼ਰਧਾਲੂਆਂ ਦੀ ਫੀਸ ਭਰਨ ਦੀ ਜ਼ਿੰਮੇਵਾਰੀ ਕੋਈ ਨਹੀਂ ਲੈ ਰਿਹਾ।

ਉਧਰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰਤਾਰਪੁਰ ਲਾਂਘੇ ਰਾਹੀਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੀ ਸੰਗਤ ਦੀ ਗਿਣਤੀ ਘੱਟ ਹੋਣ ਦੀਆਂ ਰਿਪੋਰਟਾਂ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਨੂੰ ਗਰੀਬ ਸ਼ਰਧਾਲੂਆਂ, ਘੱਟੋ-ਘੱਟ ਪੀਲੇ ਕਾਰਡ ਧਾਰਕਾਂ ਦੀ ਪ੍ਰਤੀ ਯਾਤਰੀ 20 ਡਾਲਰ ਫ਼ੀਸ ਆਪਣੇ ਖ਼ਜ਼ਾਨੇ ਵਿੱਚੋਂ ਭਰਨ ਲਈ ਕਿਹਾ ਹੈ।

ਮੁੱਖ ਮੰਤਰੀ ਨੇ ਦੋਵਾਂ ਮੁਲਕਾਂ ਦੇ ਪ੍ਰਧਾਨ ਮੰਤਰੀਆਂ ਨੂੰ ਕਰਤਾਰਪੁਰ ਲਾਂਘੇ ਰਾਹੀਂ ਜਾਣ ਵਾਲੀ ਸੰਗਤ ਲਈ ਪਾਸਪੋਰਟ ਦੀ ਸ਼ਰਤ ਖ਼ਤਮ ਕਰਨ ਦੀ ਅਪੀਲ ਕੀਤੀ। ਪਾਸਪੋਰਟ ਦੀ ਬਜਾਏ ਸ਼ਨਾਖ਼ਤ ਦੇ ਸਬੂਤ ਵਜੋਂ ਆਧਾਰ ਕਾਰਡ, ਡਰਾਈਵਿੰਗ ਲਾਇਸੈਂਸ ਦਸਤਾਵੇਜ਼ ਨੂੰ ਪ੍ਰਵਾਨ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਗੁਰਦੁਆਰੇ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਦੀ ਘੱਟ ਗਿਣਤੀ ਇਸ ਕਰਕੇ ਹੈ ਕਿ ਬਹੁਤੇ ਲੋਕਾਂ ਕੋਲ ਪਾਸਪੋਰਟ ਨਹੀਂ ਅਤੇ ਗਰੀਬ ਸ਼ਰਧਾਲੂ 20 ਡਾਲਰ ਦੀ ਫ਼ੀਸ ਨਹੀਂ ਖਰਚ ਸਕਦੇ ਹਨ।

ਇਸ ਤੋਂ ਇਲਾਵਾ ਵਿਦੇਸ਼ਾਂ ਵਿੱਚ ਜਾਣ ਦੀ ਤਾਂਘ ਰੱਖਣ ਨੌਜਵਾਨ ਵੀ ਪਾਕਿਸਤਾਨ ਜਾਣ ਤੋਂ ਕੰਨੀ ਕਤਰਾ ਰਹੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਪਾਕਿਸਤਾਨ ਦੌਰੇ ਮਗਰੋਂ ਉਨ੍ਹਾਂ ਨੂੰ ਕਿਸੇ ਹੋਰ ਦੇਸ਼ ਜਾਣ ਵਿੱਚ ਦਿੱਕਤ ਆ ਸਕਦੀ ਹੈ।

ਕਰਤਾਰਪੁਰ ਲਾਂਘੇ ਦੇ 9 ਨਵੰਬਰ ਨੂੰ ਕੀਤੇ ਗਏ ਰਸਮੀ ਉਦਘਾਟਨ ਤੋਂ ਬਾਅਦ ਹੁਣ ਤੱਕ ਗੁਰਦੁਆਰਾ ਸਾਹਿਬ ਵਿਚ ਨਤਮਸਤਕ ਹੋਣ ਜਾਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਸਿਰਫ 4.7 ਫ਼ੀਸਦੀ ਹੀ ਰਹੀ ਹੈ। ਜਦਕਿ ਇਨ੍ਹਾਂ ਦਿਨਾਂ ਦੌਰਾਨ 30 ਹਜ਼ਾਰ ਸ਼ਰਧਾਲੂਆਂ ਦੇ ਪਾਕਿਸਤਾਨ ਜਾਣ ਦਾ ਟੀਚਾ ਮਿੱਥਿਆ ਗਿਆ ਸੀ।

### ਪਰਵਾਸੀ ਸਿੱਖ ਸ਼ਰਧਾਲੂਆਂ ਲਈ ਨਿਤਰਿਆ

ਕਰਤਾਪੁਰ ਲਾਂਘੇ ਰਾਹੀਂ ਜਾਣ ਵਾਲੇ ਲੋੜਵੰਦ ਸ਼ਰਧਾਲੂਆਂ ਦੀ 20 ਡਾਲਰ ਫੀਸ ਦਾ ਖਰਚਾ ਚੁੱਕਣ ਲਈ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਨੇ ਸਿੰਗ ਫਸਾਏ ਹੋਏ ਹਨ ਪਰ ਦੁਬਈ ਦੇ ਉੱਘੇ ਕਾਰੋਬਾਰੀ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਡਾ. ਐਸਪੀ ਸਿੰਘ ਓਬਰਾਏ ਨੇਇਹ ਸੇਵਾ ਆਪਣੇ ਜ਼ਿੰਮੇ ਲੈਣ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਦੋ ਪੜਾਵਾਂ ਤਹਿਤ 550-550 ਲੋੜਵੰਦ ਸ਼ਰਧਾਲੂਆਂ ਨੂੰ ਆਪਣੇ ਖਰਚ 'ਤੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ (ਪਾਕਿਸਤਾਨ) ਦੇ ਦਰਸ਼ਨ ਕਰਵਾਉਣ ਦਾ ਐਲਾਨ ਕੀਤਾ ਹੈ। ਡਾ. ਓਬਰਾਏ ਨੇ ਦੱਸਿਆ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਫ਼ੈਸਲੇ ਅਨੁਸਾਰ ਪਹਿਲੇ ਪੜਾਅ ਤਹਿਤ 1 ਦਸੰਬਰ 2019 ਤੋਂ ਲੈ ਕੇ 31 ਮਈ 2020 ਤੱਕ 550 ਜਦ ਕਿ ਦੂਜੇ ਪੜਾਅ ਵਿਚ 1 ਜੂਨ ਤੋਂ ਲੈ ਕੇ 30 ਨਵੰਬਰ ਤੱਕ ਵੀ 550 ਲੋੜਵੰਦ ਸ਼ਰਧਾਲੂਆਂ ਨੂੰ ਆਪਣੇ ਖਰਚੇ 'ਤੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਵਾਏ ਜਾਣਗੇ।

### ਓ.ਸੀ.ਆਈ. ਕਾਰਡ ਹੋਲਡਰ ਕਰ ਸਕਦੇ ਹਨ ਕਰਤਾਰਪੁਰ ਸਾਹਿਬ ਯਾਤਰਾ

ਵੈੱਬਸਾਈਟ 'ਤੇ ਪਾਏ ਰਜਿਸਟ੍ਰੇਸ਼ਨ ਫਾਰਮ ਵਿਚ 2 ਤਰ੍ਹਾਂ ਦੇ ਭਾਰਤੀ ਹੀ ਕਰਤਾਰਪੁਰ ਸਾਹਿਬ ਜਾ ਸਕਦੇ ਹਨ, ਜਿਨ੍ਹਾਂ ਵਿਚ ਜੋ ਇੱਥੇ ਰਹਿਣ ਵਾਲੇ, ਜਾਂ ਉਹ ਵਿਦੇਸ਼ੀ ਭਾਰਤੀ, ਜਿਨ੍ਹਾਂ ਕੋਲ ਓ.ਸੀ. ਆਈ. ਕਾਰਡ ਵੀ ਹਨ। ਇਹ ਓ.ਸੀ.ਆਈ. ਕਾਰਡ ਵਿਦੇਸ਼ ਰਹਿੰਦੇ ਭਾਰਤੀ, ਜਿਸ ਕੋਲ ਉੱਥੋਂ ਦੀ ਨਾਗਰਿਕਤਾ ਹੈ, ਨੂੰ ਇਕ ਪ੍ਰਕਿਰਿਆ ਰਾਹੀਂ ਭਾਰਤ ਵਲੋਂ ਜਾਰੀ ਕੀਤਾ ਜਾਂਦਾ ਹੈ, ਬਹੁਤੇ ਭਾਰਤੀ ਓ.ਸੀ. ਆਈ. ਕਾਰਡ ਦੀ ਵਰਤੋਂ ਨਹੀਂ ਕਰਦੇ ਤੇ ਉਹ ਵੀਜ਼ਾ ਲਗਵਾ ਕੇ ਹੀ ਭਾਰਤ ਪਹੁੰਚਣ ਨੂੰ ਤਰਜੀਹ ਦਿੰਦੇ ਹਨ, ਪ੍ਰੰਤੂ ਕਰਤਾਰਪੁਰ ਸਾਹਿਬ ਜਾਣ ਵਾਲੇ ਸ਼ਰਧਾਲੂ ਵੀ ਇਸ ਪ੍ਰਕਿਰਿਆ ਰਾਹੀਂ ਲੰਘਣਗੇ ਅਤੇ ਉਨ੍ਹਾਂ ਨੇ ਭਾਰਤੀ ਰਾਜਦੂਤ ਘਰਾਂ ਵਿਚ ਵੱਡੀ ਸੰਖਿਆ ਵਿਚ ਅਪਲਾਈ ਕਰਨਾ ਸ਼ੁਰੂ ਕਰ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਪ੍ਰਵਾਸੀ ਪੰਜਾਬੀ ਸ਼ਰਧਾਲੂ ਓ.ਸੀ.ਆਈ. ਕਾਰਡ ਨਹੀਂ ਲੈਣਾ ਚਾਹੁੰਦੇ। ਇਹ ਇਕ ਔਖੀ ਅਤੇ ਲੰਮੀ ਪ੍ਰਕਿਰਿਆ ਹੈ। ਜੇਕਰ ਇਹ ਭਾਰਤ ਵਿਚ ਬਣਾਉਣਾ ਹੋਵੇ ਤਾਂ ਇਸ ਦੀ ਫੀਸ 15 ਹਜ਼ਾਰ ਰੁਪਏ ਅਦਾ ਕਰਨੀ ਪੈਂਦੀ ਹੈ, ਅਮਰੀਕੀ ਡਾਲਰ ਦੇ ਰੂਪ ਵਿਚ ਕਰੀਬ 300 ਡਾਲਰ ਅਦਾ ਕਰਨੇ ਪੈਂਦੇ ਹਨ। ਅਰਜ਼ੀ ਕਰਤਾ ਨੂੰ , ਜਿਸ ਦੇਸ਼ ਵਿਚ ਉਹ ਰਹਿ ਰਿਹਾ ਦੀ ਨਾਗਰਿਕਤਾ ਦੇ ਦਸਤਾਵੇਜ਼ਾਂ ਦੇ ਨਾਲ-ਨਾਲ ਭਾਰਤ ਵਿਚ ਪਰਿਵਾਰਕ ਸਬੰਧਾਂ ਦੇ ਦਸਤਾਵੇਜ਼ ਵੀ ਨਾਲ ਲਗਾਉਣੇ ਪੈਂਦੇ ਹਨ। ਬਹੁ-ਗਿਣਤੀ ਪ੍ਰਵਾਸੀ ਪੰਜਾਬੀਆਂ ਦੇ ਲੰਬੇ ਸਮੇਂ ਤੋਂ ਵਿਦੇਸ਼ ਵਿਚ ਰਹਿਣ ਕਰਕੇ ਭਾਰਤੀ ਦਸਤਾਵੇਜ਼ਾਂ ਦੀ ਮਿਆਦ ਖ਼ਤਮ ਹੋ ਚੁੱਕੀ ਹੁੰਦੀ ਹੈ। ਇਸ ਲਈ ਉਨ੍ਹਾਂ ਨੂੰ ਓ.ਸੀ.ਆਈ. ਕਾਰਡ ਬਣਾਉਣ ਵਿਚ ਭਾਰੀ ਦਿੱਕਤ ਆਉਂਦੀ ਹੈ। ਦੱਸ ਦਈਏ ਕੇ ਓ.ਸੀ.ਆਈ. ਸਾਰਥਿਕ ਸਹੂਲਤ ਹੈ, ਜਿਸ ਤਹਿਤ ਧਾਰਕ ਦੇ ਵਿਦੇਸ਼ੀ ਪਾਸਪੋਰਟ ਵਿਚ ਭਾਰਤ ਦੇ ਵੀਜ਼ੇ ਦਾ (ਉਮਰ ਭਰ ਯੋਗ ਰਹਿਣ ਵਾਲਾ) ਸਟਿੱਕਰ ਲਗਾਇਆ ਜਾਂਦਾ ਹੈ ਤੇ ਨਾਲ ਇਕ ਕਾਰਡ ਜਾਰੀ ਕੀਤਾ ਜਾਂਦਾ ਹੈ, ਜਿਸ ਨੂੰ ਓ.ਸੀ.ਆਈ. ਕਾਰਡ ਕਿਹਾ ਜਾਂਦਾ ਹੈ। ਜਦੋਂ ਵਿਦੇਸ਼ੀ ਭਾਰਤੀ ਆਪਣਾ ਨਵਾਂ ਪਾਸਪੋਰਟ ਬਣਾਉਂਦੇ ਹਨ ਤਾਂ ਉਨ੍ਹਾਂ ਨੂੰ ਫਿਰ ਓ.ਸੀ. ਆਈ. ਕਾਰਡ ਬਣਾਉਣਾ ਜ਼ਰੂਰੀ ਹੁੰਦਾ ਹੈ। 21 ਤੋਂ 50 ਸਾਲ ਦੀ ਉਮਰ ਵਿਚਕਾਰ ਪਾਸਪੋਰਟ ਨਵਾਂ ਕਰਵਾਉਣ ਨਾਲ ਹਰੇਕ ਵਾਰ ਓ.ਸੀ.ਆਈ. ਕਾਰਡ ਨਵਾਂ ਬਣਾਉਣ ਦੀ ਲੋੜ ਨਹੀਂ। 50 ਸਾਲ ਦੀ ਉਮਰ ਤੋਂ ਬਾਅਦ ਜਦੋਂ ਵੀ ਵਿਦੇਸ਼ੀ ਪਾਸਪੋਰਟ ਨਵਾਂ ਬਣੇਗਾ ਤਾਂ ਓ.ਸੀ.ਆਈ. ਕਾਰਡ ਵੀ ਦੁਬਾਰਾ ਅਪਲਾਈ ਕਰਨਾ ਜ਼ਰੂਰੀ ਹੈ। 50 ਸਾਲਾ ਦੀ ਉਮਰ ਤੋਂ ਬਾਅਦ ਬਣਾਇਆ ਓ. ਸੀ. ਆਈ. ਕਾਰਡ ਉਮਰ ਭਰ ਵਰਤੋਂ ਵਿਚ ਲਿਆਂਦਾ ਜਾ ਸਕਦਾ ਹੈ। ਭਾਵੇਂ ਕਿ ਉਨ੍ਹਾਂ ਨੂੰ ਓ. ਸੀ. ਆਈ. ਕਾਰਡ ਬਣਾਉਣ ਦੀ ਲੋੜ ਨਹੀਂ, ਪ੍ਰੰਤੂ ਜਿਸ ਪਾਸਪੋਰਟ ਦੇ ਆਧਾਰ 'ਤੇ ਓ.ਸੀ.ਆਈ. ਕਾਰਡ ਮਿਲਿਆ ਹੋਵੇ, ਉਹ ਪੁਰਾਣਾ ਪਾਸਪੋਰਟ ਸੰਭਾਲ ਕੇ ਰੱਖਣਾ ਜ਼ਰੂਰੀ ਹੈ। ਭਾਰਤ ਵਿਚ ਦਾਖ਼ਲੇ ਸਮੇਂ ਭਾਰਤੀ ਇਮੀਗ੍ਰੇਸ਼ਨ ਅਫ਼ਸਰ ਨੂੰ ਉਹ ਪੁਰਾਣਾ ਪਾਸਪੋਰਟ ਓ.ਸੀ.ਆਈ. ਕਾਰਡ ਦੇ ਨਾਲ ਵਿਖਾਉਣਾ ਪਵੇਗਾ। ਇਸ ਤਰ੍ਹਾਂ ਇਸ ਪ੍ਰਕਿਰਿਆ ਤੋਂ ਬਚਣ ਲਈ ਵਿਦੇਸ਼ਾਂ ਵਿਚ ਰਹਿੰਦੇ ਭਾਰਤੀ ਜਦੋਂ ਵੀ ਭਾਰਤ ਵਿਚ ਆਉਂਦੇ ਹਨ ਤਾਂ ਉਹ ਵੀਜ਼ਾ ਲਵਾ ਕੇ ਆਉਣ ਨੂੰ ਹੀ ਤਰਜੀਹ ਦਿੰਦੇ ਹਨ। ਉਨ੍ਹਾਂ ਦੀ ਭਾਰਤ ਅਤੇ ਪਾਕਿਸਤਾਨ ਸਰਕਾਰ ਤੋਂ ਮੰਗ ਹੈ ਕਿ ਇਸ ਪ੍ਰਕਿਰਿਆ ਵਿਚੋਂ ਉਨ੍ਹਾਂ ਨੂੰ ਕੱਢਿਆ ਜਾਵੇ ਤੇ ਕੋਈ ਹੋਰ ਸੌਖਾ ਰਾਹ ਅਪਨਾ ਕੇ ਗੁਰਧਾਮਾਂ ਦੇ ਦਰਸ਼ਨ ਕਰਵਾਏ ਜਾਣ।

### ਕਰਤਾਰਪੁਰ ਸਾਹਿਬ ਵਿਚ ਖ਼ਾਲਸਾ ਅਜਾਇਬ ਘਰ ਸਥਾਪਤ

ਪਾਕਿਸਤਾਨ ਦੇ ਜ਼ਿਲ੍ਹਾ ਨਾਰੋਵਾਲ ਦੇ ਪਿੰਡ ਕੋਠੇ ਵਿਚ ਸਥਾਪਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਨੇੜੇ ਉਸਾਰੀਆਂ ਡਿਉੜੀਆਂ ਵਿਚ ਸਥਾਪਿਤ ਕੀਤਾ 'ਸਮਾਰਟ ਮਿਊਜ਼ੀਅਮ' ਖ਼ਾਲਸਾ ਅਜਾਇਬ ਘਰ ਪਾਕਿਸਤਾਨ ਸਰਕਾਰ ਦਾ ਵਿਲੱਖਣ ਉਪਰਾਲਾ ਹੈ। ਇਸ ਵਿਚ 200 ਦੇ ਕਰੀਬ ਪੇਂਟਿੰਗ ਸਥਾਈ ਪ੍ਰਦਰਸ਼ਨੀ ਹਿਤ ਰੱਖੀਆਂ ਗਈਆਂ ਹਨ। ਇਨ੍ਹਾਂ ਵਿਚ ਕੁਝ ਪੇਂਟਿੰਗਜ਼ ਸਿੱਖ ਰਾਜ ਅਤੇ ਕੁਝ ਉਸ ਤੋਂ ਵੀ ਪੁਰਾਣੀਆਂ ਹਨ। ਕੁਝ ਦੁਰਲਭ ਪੇਂਟਿੰਗ ਵੀ ਸ਼ਾਮਿਲ ਕੀਤੀਆਂ ਗਈਆਂ ਹਨ। ਉਕਤ ਅਜਾਇਬ ਘਰ ਵਿਚ ਪਾਕਿ ਸਥਿਤ ਗੁਰਦੁਆਰਿਆਂ ਗੁਰਦੁਆਰਾ ਪੰਜਾ ਸਾਹਿਬ (ਹਸਨ ਅਬਦਾਲ), ਗੁਰਦੁਆਰਾ ਕਰਤਾਰਪੁਰ ਸਾਹਿਬ, ਸ਼ਹੀਦੀ ਅਸਥਾਨ ਗੁਰੂ ਅਰਜਨ ਦੇਵ (ਡੇਰਾ ਸਾਹਿਬ ਲਾਹੌਰ), ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਅਤੇ ਗੁਰਦੁਆਰਾ ਸਾਹਿਬ ਦੀ ਦੇਸ਼ ਦੀ ਵੰਡ ਤੋਂ ਪਹਿਆਂ ਦੀ ਡਿਉੜੀ ਦੀ ਪੇਂਟਿੰਗ, ਗੁਰਦੁਆਰਾ ਪੱਟੀ ਸਾਹਿਬ, ਗੁਰਦੁਆਰਾ ਮਾਲ ਜੀ ਸਾਹਿਬ, ਗੁਰਦੁਆਰਾ ਤੰਬੂ ਸਾਹਿਬ, ਸਮਾਧ ਭਾਈ ਮਨੀ ਸਿੰਘ, ਗੁਰਦੁਆਰਾ ਸਾਹੀਵਾਲ, ਸਮਾਧ ਤੇ ਗੁਰਦੁਆਰਾ ਸੰਧਾਵਾਲੀਆ, ਸਮਾਧ ਮਹਾਰਾਜਾ ਰਣਜੀਤ ਸਿੰਘ ਸਮੇਤ ਦਸ ਗੁਰੂ ਸਾਹਿਬਾਨ ਦੀਆਂ ਪੈਨਸਿਲ ਨਾਲ ਬਣੀਆਂ ਪੇਂਟਿੰਗ, ਕਰਤਾਰਪੁਰ ਕੋਰੀਡੋਰ, ਨਿਹੰਗ ਸਿੰਘਾਂ, ਗਿਆਨੀ ਗੁਰਮੁਖ ਸਿੰਘ ਆਦਿ ਇਸ ਪ੍ਰਦਰਸ਼ਨੀ ਨੂੰ ਚਾਰ-ਚੰਨ ਲਗਾ ਰਹੀਆਂ ਹਨ। ਇਨ੍ਹਾਂ ਦੇ ਇਲਾਵਾ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਮੌਕੇ 'ਹਾਅ ਦਾ ਨਾਅਰਾ' ਮਾਰਦੇ ਹੋਏ ਸਾਂਈ ਮੀਆਂ ਮੀਰ ਦੀ ਅਤੇ ਮੁਗਲ ਬੇਗਮ ਨੂਰਜਹਾਂ ਦੇ ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਦੇ ਚਰਨਾਂ ਵਿਚ ਨਤਮਸਤਕ ਹੋਣ ਵਰਗੀਆਂ ਕੁਝ ਦੁਰਲਭ ਤਸਵੀਰਾਂ ਯਾਤਰੂਆਂ ਦੀ ਖਿੱਚ ਦਾ ਕੇਂਦਰ ਬਣੀਆਂ ਹੋਈਆਂ ਹਨ। ਇਨ੍ਹਾਂ ਵਿਚ ਕੁਝ ਪੇਂਟਿੰਗਜ਼ ਮਹਾਰਾਜਾ ਰਣਜੀਤ ਸਿੰਘ ਦੇ ਵਿਦੇਸ਼ ਮੰਤਰੀ ਫ਼ਕੀਰ ਅਜ਼ੀਜ਼ੂਦੀਨ ਦੇ ਵਾਰਸਾਂ ਵਲੋਂ ਵੀ ਅਜਾਇਬ ਘਰ ਲਈ ਭੇਟ ਕੀਤੀਆਂ ਗਈਆਂ ਹਨ।

## ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਕੀਰਤਨ ਕਰਨ ਦਾ ਸੰਤ ਸਮਾਜ ਕਰ ਰਿਹਾ ਏ ਵਿਰੋਧ

ਬੈਠੇ ਹੋਣ ਕਾਰਨ ਹੁਣ ਤੱਕ ਬੀਬੀਆਂ ਨੂੰ ਇਹ ਹੱਕ ਨਹੀਂ ਮਿਲ ਸਕਿਆ ਹੈ। ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਰਹੇ ਪਦਮ ਸ੍ਰੀ ਭਾਈ ਨਿਰਮਲ ਸਿੰਘ ਨੇ ਕਿਹਾ, "ਔਰਤ ਦੇ ਸਰੀਰ ਅੰਦਰੋਂ ਜਨਮ ਲੈ ਕੇ ਅਸੀਂ ਕੀਰਤਨ ਕਰ ਸਕਦੇ ਹਾਂ, ਸਿੰਘ ਸਾਹਿਬਾਨ ਲੱਗ ਸਕਦੇ ਹਾਂ ਤਾਂ ਔਰਤ ਨੂੰ ਇਹ ਹੱਕ ਕਿਉਂ ਨਹੀਂ। ਮੇਰਾ ਖਿਆਲ ਹੈ ਕਿ ਹਾਲੇ ਵੀ ਸਾਡੇ ਦਿਮਾਗ ਵਿੱਚ ਔਰਤ ਨੂੰ ਨੀਵਾਂ ਦਿਖਾਉਣ ਦੀ ਸੋਚ ਘਰ ਕੀਤੀ ਹੋਈ ਹੈ। ਮੈਂ ਔਰਤਾਂ ਦੇ ਸ੍ਰੀ ਦਰਬਾਰ ਸਾਹਿਬ ਵਿੱਚ ਕੀਰਤਨ ਕਰਨ ਦੇ ਹੱਕ ਵਿੱਚ ਹਾਂ, ਬਸ਼ਰਤੇ ਉਹ ਰਾਗਾਂ, ਲੈਅ, ਤਾਲ ਵਿੱਚ ਪਰਪੱਕ ਹੋਣ, ਬਾਣੀ ਕੰਠ ਹੋਵੇ ਅਤੇ ਸਾਰੀਆਂ ਯੋਗ ਸ਼ਰਤਾਂ ਪੂਰੀਆਂ ਕਰਦੀਆਂ ਹੋਣ। ਹੁਣ ਵੇਲਾ ਆ ਗਿਆ ਹੈ ਕਿ ਅਸੀਂ ਔਰਤ ਨੂੰ ਬਰਾਬਰ ਹੱਕ ਦੇਈਏ।"

ਪੰਥਕ ਆਗੂ ਤੇ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਮੁਤਾਬਕ ਪਹਿਲਾਂ ਹੋ ਸਕਦਾ ਹੈ ਕਿ ਔਰਤਾਂ ਗੁਰਮਤਿ ਸੰਗੀਤ ਵਿੱਚ ਪੂਰੀਆਂ ਤਿਆਰ ਨਾ ਹੁੰਦੀਆਂ ਹੋਣ ਪਰ ਹੁਣ ਸਮਾਂ ਬਦਲਿਆ ਹੈ। ਇਸ ਤੋਂ ਇਲਾਵਾ ਮਹੰਤਾਂ ਅਤੇ ਹੋਰ ਕਾਰਨਾਂ ਕਰਕੇ ਉਸ ਵੇਲੇ ਔਰਤ-ਮਰਦ ਦਾ ਵਖਰੇਵਾਂ ਸੀ। ਪਰ ਪਹਿਲਾਂ ਜੋ ਵੀ ਹੋਇਆ ਉਹ ਬੀਤ ਗਿਆ, ਹੁਣ ਔਰਤਾਂ ਦੇ ਕਈ ਜੱਥੇ ਬਹੁਤ ਸੋਹਣਾ ਕੀਰਤਨ ਕਰਦੇ ਹਨ। ਅੱਜ ਦੇ ਸਮੇਂ ਬਦਲਾਅ ਦੀ ਲੋੜ ਹੈ। ਸ੍ਰੀ ਦਰਬਾਰ ਸਾਹਿਬ ਵਿਖੇ ਬੀਬੀਆਂ ਦੇ ਕੀਰਤਨ ਕਰਨ ਬਾਰੇ ਸਿੱਖ ਰਹਿਤ ਮਰਿਯਾਦਾ ਵਿੱਚ ਮਨਾਹੀ ਨਹੀਂ ਹੈ। ਮਰਦ ਪ੍ਰਧਾਨ ਸਮਾਜ ਹੀ ਅਜਿਹਾ ਨਾ ਹੋ ਸਕਣ ਦਾ ਕਾਰਨ ਹੈ। ਜਦੋਂ ਵੀ ਇਹ ਮਸਲਾ ਉੱਠਦਾ ਹੈ ਤਾਂ ਪ੍ਰਬੰਧਕ ਇਸ ਨੂੰ ਰਫਾ-ਦਫਾ ਕਰਨ ਦੀ ਕੋਸ਼ਿਸ਼ ਕਰਦੇ ਹਨ, ਪਰ ਹੱਕ ਮਿਲਣ ਤੱਕ ਇਹ ਆਵਾਜ਼ ਉੱਠਦੀ ਰਹਿਣੀ ਚਾਹੀਦੀ ਹੈ।

ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਅਫਸਰ ਜਸਵਿੰਦਰ ਸਿੰਘ ਜੱਸੀ ਨੇ ਦੱਸਿਆ, "ਜਦੋਂ ਪ੍ਰੋ. ਮਨਜੀਤ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ (1994-1997) ਸਨ ਉਦੋਂ ਬੀਬੀਆਂ ਤੋਂ ਕੀਰਤਨ ਵੀ ਕਰਵਾਇਆ ਗਿਆ ਸੀ, ਪਾਲਕੀ ਸਾਹਿਬ ਨੂੰ ਵੀ ਮੋਢਾ ਲਵਾਇਆ ਗਿਆ ਸੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਇਸ਼ਨਾਨ ਦੀ ਸੇਵਾ ਵੀ ਕਰਵਾਈ ਗਈ ਸੀ।"

### ਉਮਰਾਨੰਗਲ ਦੀਆਂ ਦਰਖਾਸਤਾਂ ਹੋਈਆਂ ਖ਼ਾਰਜ

ਉਨ੍ਹਾਂ ਕਿਹਾ ਕਿ ਜਾਂਚ ਟੀਮ ਮੁਕੰਮਲ ਰਿਕਾਰਡ ਪਹਿਲਾਂ ਹੀ ਅਦਾਲਤ ਸਾਹਮਣੇ ਪੇਸ਼ ਕਰ ਚੁੱਕੀ ਹੈ ਤੇ ਕਾਨੂੰਨ ਮੁਤਾਬਿਕ ਇਸ ਦੀਆਂ ਨਕਲਾਂ ਇਸ ਮਾਮਲੇ ਵਿਚ ਨਾਮਜ਼ਦ ਮੁਲਜ਼ਮਾਂ ਨੂੰ ਹੀ ਦਿੱਤੀਆਂ ਗਈਆਂ ਹਨ। ਬਹਿਸ ਮੁਕੰਮਲ ਹੋਣ ਤੋਂ ਬਾਅਦ ਅਦਾਲਤ ਨੇ ਪੁਲੀਸ ਅਧਿਕਾਰੀਆਂ ਦੀਆਂ ਇਨ੍ਹਾਂ ਦਰਖਾਸਤਾਂ ਨੂੰ ਖਾਰਜ ਕਰ ਦਿੱਤਾ। ਅਦਾਲਤ 29 ਨਵੰਬਰ ਨੂੰ ਦੋਸ਼ ਆਇਦ ਕਰਨ ਦੇ ਮੁੱਦੇ 'ਤੇ ਵਿਸ਼ੇਸ਼ ਜਾਂਚ ਟੀਮ, ਪੰਜਾਬ ਸਰਕਾਰ ਅਤੇ ਇਸ ਮਾਮਲੇ ਵਿੱਚ ਨਾਮਜ਼ਦ ਪੁਲੀਸ ਅਧਿਕਾਰੀਆਂ ਦਾ ਪੱਖ ਸੁਣੇਗੀ। ਸੁਣਵਾਈ ਦੌਰਾਨ ਪਰਮਰਾਜ ਉਮਰਾਨੰਗਲ ਅਤੇ ਪੰਜਾਬ ਦੇ ਸਾਬਕਾ ਸੰਸਦੀ ਸਕੱਤਰ ਮਨਤਾਰ ਬਰਾੜ ਹਾਜ਼ਰ ਨਹੀਂ ਹੋਏ। ਇਸ ਤੋਂ ਪਹਿਲਾਂ ਅਦਾਲਤ ਸਾਬਕਾ ਐੱਸਐੱਸਪੀ ਚਰਨਜੀਤ ਸ਼ਰਮਾ ਦੀਆਂ ਅਜਿਹੀਆਂ ਹੀ ਦਰਖਾਸਤਾਂ ਰੱਦ ਕਰ ਚੁੱਕੀ ਹੈ। ਕੋਟਕਪੂਰਾ ਗੋਲੀ ਕਾਂਡ ਵਿੱਚ ਆਈ.ਜੀ. ਉਮਰਾਨੰਗਲ, ਮਨਤਾਰ ਬਰਾੜ, ਚਰਨਜੀਤ ਸ਼ਰਮਾ, ਇੰਸਪੈਕਟਰ ਗੁਰਦੀਪ ਸਿੰਘ, ਐੱਸ.ਪੀ. ਬਲਜੀਤ ਸਿੰਘ ਤੇ ਐੱਸ.ਪੀ. ਪਰਮਜੀਤ ਸਿੰਘ ਦੋਸ਼ੀ ਵਜੋਂ ਨਾਮਜ਼ਦ ਕੀਤੇ ਗਏ ਹਨ।

## ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਪਿੰਡ ਮੰਡਿਆਲਾ ਛੰਨਾ ਅਪਣਾਇਆ

ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੌਰਾਨ ਬਸੰਤੀ ਰੰਗ ਦਾ ਖਾਲਸਈ ਨਿਸ਼ਾਨ ਸਾਹਿਬ ਚੜ੍ਹਾਇਆ ਜਾ ਰਿਹਾ ਹੈ। ਇੱਥੋਂ ਦੇ ਪਿੰਡ ਦੇ ਲੋਕਾਂ ਨੂੰ ਬਿਮਾਰੀ ਤੋਂ ਮੁਕਤ ਕਰਨ ਲਈ ਤੇ ਸਾਫ ਪਾਣੀ ਉਪਲਬੱਧ ਕਰਵਾਉਣ ਲਈ ਸਾਢੇ ਚਾਰ ਸੌ ਫੁਟ ਦਾ ਬੋਰ ਗੁਰਦੁਆਰੇ ਵਿਚ ਕਰਵਾਇਆ ਜਾ ਰਿਹਾ ਹੈ। ਇਸ ਪਿੰਡ ਦਾ ਢਾਈ ਸੌ ਫੁੱਟ ਤਕ ਪਾਣੀ ਪ੍ਰਦੂਸ਼ਿਤ ਹੈ।

ਇੱਥੋਂ ਤੱਕ ਇਸ ਪਿੰਡ ਦੇ ਗਰੀਬ ਮਜ਼ਦੂਰ ਹਨ, ਜੋ ਆਪਣਾ ਸਹੀ ਇਲਾਜ ਨਹੀਂ ਕਰਵਾ ਸਕਦੇ। ਸਰਕਾਰੀ ਹਸਪਤਾਲਾਂ ਵਿਚੋਂ ਯੋਗ ਦਵਾਈਆਂ ਮੌਜੂਦ ਨਹੀਂ ਹਨ। ਇਸ ਕਰਕੇ ਸਿੱਖ ਸੇਵਕ ਸੁਸਾਇਟੀ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਸਾਲ ਵਿਚ ਦੋ ਵਾਰ ਮੈਡੀਕਲ ਕੈਂਪ ਇਸ ਪਿੰਡ ਵਿਚ ਲਗਾਇਆ ਜਾਵੇਗਾ। ਗੰਭੀਰ ਰੋਗਾਂ ਵਾਲੇ ਮਰੀਜ ਦਾ ਹਸਪਤਾਲ ਵਿਚ ਇਲਾਜ ਕਰਵਾ ਕੇ ਸਿਹਤਮੰਦ ਕੀਤਾ ਜਾਵੇਗਾ। ਪਿੰਡ ਦੇ ਯੂਥ ਲਈ ਸਵੈ ਰੁਜ਼ਗਾਰ ਦਾ ਕੈਂਪ ਲਗਾਇਆ ਜਾ ਰਿਹਾ ਹੈ। ਬੈਂਕ ਲੋਨ ਦਾ ਪ੍ਰਬੰਧ ਵੀ ਕੀਤਾ ਜਾਵੇਗਾ। ਕਾਰੋਬਾਰ ਵਿਚ ਸੈਟ ਵੀ ਕਰਵਾਇਆ ਜਾਵੇਗਾ। ਗਰੀਬ ਲੜਕੀਆਂ ਦੀ ਪੜ੍ਹਾਈ ਉਪਰ ਜੋਰ ਦਿਤਾ ਜਾ ਰਿਹਾ। ਪਿੰਡ ਵਿਚ ਵਾਤਾਵਰਨ ਠੀਕ ਕਰਨ ਲਈ ਪਿੰਡ ਵਿਚ ਗੁਰੂ ਨਾਨਕ ਦੇ ਨਾਮ ਜੰਗਲ ਉਸਾਰਿਆ ਜਾਵੇਗਾ ਤਾਂ ਜੋ ਵਾਤਾਵਰਨ ਠੀਕ ਰਹਿ ਸਕੇ। ਇਸ ਵਿਚ ਫੁਲ ਫਲ ਬੂਟੇ ਹੋਣਗੇ। ਕੁਦਰਤੀ ਵਾਤਾਵਰਨ ਸਿਰਜਿਆ ਜਾਵੇਗਾ। ਸ਼੍ਰੋਮਣੀ ਕਮੇਟੀ ਵਲੋਂ ਜਾਰੀ ਰਹਿਤ ਮਰਿਯਾਦਾ ਅਨੁਸਾਰ ਗੁਰਦੁਆਰਾ ਪਰਬੰਧ ਚਲਾਇਆ ਜਾਵੇਗਾ। ਗਰੰਥੀ ਸਾਹਿਬ ਤੇ ਉਨ੍ਹਾਂ ਦੇ ਪਰਿਵਾਰ ਨੂੰ ਜਰੂਰੀ ਸਹੂਲਤਾਂ ਦਿੱਤੀਆਂ ਜਾਣਗੀਆਂ। ਗੁਰਮਤਿ ਪਰਚਾਰ ਨਾਲ ਗਰੀਬ ਸਿਖਾਂ ਨੂੰ ਜੋੜਿਆ ਜਾਵੇਗਾ। ਇਹ ਹੈ ਸਿੱਖ ਸੇਵਕ ਸੁਸਾਇਟੀ ਦਾ ਭਾਈ ਲਾਲੋ ਪ੍ਰੋਜੈਕਟ ਹੋਰ ਪਿੰਡਾਂ ਵਿਚ ਵੀ ਦਿੱਤਾ ਜਾਵੇਗਾ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling
TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed


SHER®
BESAN
YEHI TO PURE HAI
SHER®
BESAN
CHANA FLOUR
SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com